ਮਾਸਕ ਪੱਤਰ

# ਅਮੂਲੀ

ਸਿਮ੍ਰਤੀ ਅੰਕ



## ਸ਼੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ
## ਊਨਾ ਸਾਹਿਬ ਵਾਲੇ



ਹਾਜ਼ਰ ਨਾਜ਼ਰ ਸਤਿਗੁਰੂ
ਸ੍ਰੀ ਗੁਰੂ ਨਾਨਕ ਪਾਤਸ਼ਾਹ

## ਗੁਰ ਮੰਤ੍ਰ

ੴ
ਸਤਿਨਾਮ ਕਰਤਾ ਪੁਰਖ
ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ
ਗੁਰੂ ਪ੍ਰਸਾਦਿ ॥

## ਜਪੁ

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ੴ

N Singh

# ਅਜੂਨੀ (ਮਾਸਕ ਪੱਤਰ)

ਫ਼ਰਵਰੀ 1990 ਸਿਮ੍ਰਤੀ ਅੰਕ ਸੰਪ. ਪ੍ਰਿੰ. ਸੇਵਾ ਸਿੰਘ ਮਾਨ

## ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਊਨਾ ਸਾਹਿਬ ਦੀ ਮਿੱਠੀ ਯਾਦ ਵਿਚ



# ਬਾਬਾ ਸਰਬਜੋਤ ਸਿੰਘ ਜੀ ਬੇਦੀ
# ਦੀ
# ਰਸਮ ਗੱਦੀ ਨਸ਼ੀਨੀ ਤੇ ਦਸਤਾਰ ਬੰਦੀ

26 ਮਾਰਚ 1989 ਨੂੰ ਬਾਬਾ ਸਰਬਜੋਤ ਸਿੰਘ ਜੀ ਬੇਦੀ ਊਨਾ ਸਾਹਿਬ ਵਾਲਿਆਂ ਦੀ ਰਸਮ ਗੱਦੀ-ਨਸ਼ੀਨੀ ਤੇ ਰਸਮ ਦਸਤਾਰ-ਬੰਦੀ ਅਦਾ ਕੀਤੀ ਗਈ। ਇਸ ਦਿਨ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਮਹਾਰਾਜ ਦੀ ਅੰਤਿਮ ਅਰਦਾਸ ਵਿਚ ਸ਼ਾਮਿਲ ਹੋਣ ਲਈ ਦੂਰ-ਦੂਰ ਤੋਂ ਭਾਰੀ ਗਿਣਤੀ ਵਿਚ ਸੰਗਤ, ਮਹਾਂਪੁਰਖ, ਸੰਤ, ਮਹੰਤ ਪੁੱਜੇ। ਸ੍ਰੀ ਸੰਪਟ ਅਖੰਡ ਪਾਠ ਦੇ ਭੋਗ ਤੋਂ ਉਪਰੰਤ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਨੂੰ ਮਹਾਂਪੁਰਖਾਂ ਵਲੋਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਇਸ ਪਿਛੋਂ ਰਸਮ ਗੱਦੀ-ਨਸ਼ੀਨੀ ਤੇ ਦਸਤਾਰ-ਬੰਦੀ ਕੀਤੀ ਗਈ। ਇਹ ਕਾਰਜ ਪੁਰਾਤਨ ਸਮੇਂ ਤੋਂ ਬੇਦੀ ਕੁਲ ਵਿਚ ਚਲੀ ਆ ਰਹੀ ਪਰੰਪਰਾ ਮੁਤਾਬਿਕ ਸੰਪੰਨ ਹੋਇਆ। ਸੇਵਾ-ਪੰਥੀ ਸੰਪ੍ਰਦਾਇ ਦੇ ਮੁਖੀ ਸ੍ਰੀਮਾਨ 108 ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ ਵਾਲੇ ਅਤੇ ਉਦਾਸੀਨ ਸੰਪ੍ਰਦਾਇ ਦੇ ਮੁਖੀ ਮਹਾਂਮੰਡਵੇਸ਼ਵਰ ਸ੍ਰੀਮਾਨ 108 ਸੰਤ ਈਸ਼ਰ ਦਾਸ ਜੀ ਮਹਾਰਾਜ ਸ਼ਾਸਤ੍ਰੀ ਵਲੋਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਵੱਡੀ ਸੰਤਾਨ ਹੋਣ ਦੇ ਨਾਤੇ ਬਾਬਾ ਸਰਬਜੋਤ ਸਿੰਘ ਜੀ ਬੇਦੀ ਨੂੰ ਦਸਤਾਰ-ਬੰਦੀ ਤੇ ਤਿਲਕ ਦੀ ਰਸਮ ਅਦਾ ਕੀਤੀ ਗਈ ਅਤੇ ਗੁਰੂ ਨਾਨਕ ਪਾਤਸ਼ਾਹ ਦੇ ਇਸ ਘਰਾਣੇ ਨੂੰ ਅੱਗੇ ਵਧਣ ਦੀ ਆਸ਼ੀਰਵਾਦ ਦਿਤੀ ਗਈ। ਮਹਾਂਪੁਰਖਾਂ ਵਲੋਂ ਦਿਤੀ ਗਈ ਇਸ ਆਸ਼ੀਰਵਾਦ ਵਿਚ ਹਜ਼ਾਰਾਂ ਦੀ ਸੰਖਿਆ ਵਿਚ ਸੰਗਤਾਂ ਸ਼ਾਮਿਲ ਹੋਈਆਂ ਅਤੇ ਬਾਬਾ ਸਰਬਜੋਤ ਸਿੰਘ ਜੀ ਬੇਦੀ ਦੀ ਲੰਮੀ ਆਯੂ ਲਈ ਅਰਦਾਸੇ ਕੀਤੇ ਗਏ।

**ਗਿ. ਸਾਧੂ ਸਿੰਘ ਸਿਧਵਾਂ ਬੇਟਵੀ**
(ਚੋਬਦਾਰ)

ਮਾਲਕ ਤੇ ਪ੍ਰਕਾਸ਼ਕ, ਸੰਤਾਨਕ ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਵਰਤਮਾਨ ਗੱਦੀ ਨਸ਼ੀਨ
ਬਾਬਾ ਸਰਬਜੋਤ ਸਿੰਘ ਜੀ ਬੇਦੀ ਨੇ ਗੰਭੀਰ ਪ੍ਰਿੰਟਿੰਗ ਪ੍ਰੈਸ,
ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਮਨਸੂਰਾਂ (ਲੁਧਿਆਣਾ) ਤੋਂ ਪ੍ਰਕਾਸ਼ਤ ਕੀਤਾ।

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਜਪੁ ॥
ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

# ਅਜੂਨੀ—ਮਾਸਿਕ ਪੱਤਰ

## (ਬਾਬਾ ਮਧੁਸੂਦਨ ਸਿੰਘ ਬੇਦੀ ਅੰਕ)

## ਤ ਰ ਤੀ ਬ


ਧੰਨ ਗੁਰੂ ਨਾਨਕ ਦੇਵ ਜੀ (ਸੁਰਗਵਾਸੀ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਦੇ ਸਿੱਖ ਧਰਮ ਬਾਰੇ ਆਪਣੇ ਵਿਚਾਰ) 5
ਬਾਬਾਣੀਆਂ ਕਹਾਣੀਆਂ ਪੁੱਤ ਸਪੁੱਤ ਕਰੇਣ (ਬਾਬਾ ਸਰਬਜੋਤ ਸਿੰਘ ਬੇਦੀ, ਊਨਾ ਸਾਹਿਬ) 11
ਮੇਰਾ ਨਿਮਾਣਾ ਬਾਪੂ (ਬੀਬਾ ਸਵਰਨੀਕ ਕੌਰ, ਦਿੱਲੀ) 14
ਬਾਬਾ ਮਧੁਸੂਦਨ ਸਿੰਘ ਜੀ ਊਨਾ ਸਾਹਿਬ (ਜਗਜੀਤ ਸਿੰਘ, ਐਕਸ-ਮੈਨੇਜਰ, ਊਨਾ) 15
ਬਾਬਾਣੀਆਂ ਕਹਾਣੀਆਂ (ਮਹਾਂ ਮੰਡਲੇਸ਼ਵਰ, ਸੁਆਮੀ ਈਸ਼ਵਰ ਦਾਸ ਸ਼ਾਸਤ੍ਰੀ, ਜਲੰਧਰ) 18
ਹੰਸ ਨਾ ਕੱਧਤਾ ਖਾਇ (ਗਿਆਨੀ ਸਾਧੂ ਸਿੰਘ, ਸਿਧਵਾਂ ਬੇਟ) 20
ਵੰਸ਼-ਵਰਣਨ (ਕਰਤਾ : ਮੁਨਸ਼ੀ ਸੰਤ ਸਿੰਘ ਸੰਪਾਦਕ : ਡਾ. ਗੰਡਾ ਸਿੰਘ) 23
ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਬੇਦੀ ਦਾ ਵੰਸ਼ (ਪ੍ਰਿੰ: ਸੇਵਾ ਸਿੰਘ ਮਾਨ) 35
ਸੰਤਾਨਕ ਘਰਾਣਾ 36
My Babaji (Baba Amarjot Singh Bedi) 37
ਕੁਝ ਯਾਦਾਂ ਕੁਝ ਆਵਾਜ਼ਾਂ 38
ਸ਼ਰਧਾ ਦੇ ਫੁੱਲ (ਮਹੰਤ ਤੀਰਥ ਸਿੰਘ 'ਸੇਵਾ ਪੰਥੀ' ਗੋਨਿਆਣਾ ਭਾਈ ਜਗਤਾ) 41
ਇਕ ਸ਼ਰਧਾਂਜਲੀ (ਸੰਤ ਸਾਧੂ ਸਿੰਘ ਨਾਨਕਸਰ ਕਲੇਰਾਂ ਵਾਲੇ) 47
ਭਾਈ ਜਗਤਾ ਜੀ ਦੀ ਉਪਮਾ ਕਰਨੀ (ਮਹੰਤ ਤੀਰਥ ਸਿੰਘ) 55
ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਤੇ ਸੇਵਾ ਪੰਥੀ ਸੰਪ੍ਰਦਾਇ ਦੇ ਸੰਬੰਧ (ਮਹੰਤ ਤੀਰਥ ਸਿੰਘ) 56
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ (ਸੰਤ ਮੰਗਲ ਸਿੰਘ ਜੀ) 57
ਆਵੋ ਆਵੋ ਪ੍ਰੇਮ-ਤਰੰਗੋ (ਗੀਤ) (ਸੇਵਾ ਸਿੰਘ ਮਾਨ) 59
ਜਾਹਰ ਪੀਰ ਜਗਤ ਗੁਰ ਬਾਬਾ (ਸੰਤ ਜੰਗੀਰ ਸਿੰਘ ਜੀ ਮਹੰਤ) 60
ਬੇਦੀ ਕੁਲਭੂਸ਼ਨ ਬਾਬਾ ਮਧੁਸੂਦਨ ਸਿੰਘ ਜੀ (ਸੰਤ ਬਾਬਾ ਕੁੰਦਨ ਸਿੰਘ ਜੀ, ਨਾਨਕਸਰ) 62
ਜਿਤੀ ਨਵਖੰਡ ਮੇਦਨੀ ਸਤਿਨਾਮ ਕਾ ਚਕਰ ਫਿਰਾਯਾ (ਮਹੰਤ ਤਾਰਾ ਸਿੰਘ, ਮਿੱਠਾ ਟਿਵਾਣਾ) 63
ਫਿਰ ਕੋਈ ਮਰਦਾਨਾ ਆਏ (ਸੁਰਜੀਤ ਸਿੰਘ ਮਰਜਾਰਾ) 66
ਰੋਮ ਰੋਮ ਕੋਟ ਬ੍ਰਹਮੰਡ ਕੋ ਨਿਵਾਸ ਜਾਸ... (ਸਤਨਾਮ ਸਿੰਘ) 67
ਸ੍ਰੀ ਬਾਬਾ ਮਧੁਸੂਦਨ ਸਿੰਘ ਸਾਹਿਬ ਦੇ ਸੰਬੰਧ ਵਿਚ (ਸੰਤ ਈਸ਼ਰ ਸਿੰਘ ਨਾਰਾ) 70
ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ (ਗਿਆਨੀ ਚਰਨਜੀਤ ਸਿੰਘ) 73
ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਪਰਉਪਕਾਰ (ਭਾਈ ਨੰਦ ਲਾਲ ਰਾਗੀ) 75

# ਸੰਪਾਦਕੀ ਨੋਟ

'ਅਜੂਨੀ' ਮਾਸਕ ਪੱਤਰ 1970 ਈਸਵੀ ਵਿਚ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਊਨਾ ਸਾਹਿਬ ਨੇ, ਸੰਤਾਨਕ ਗੱਦੀ ਵਲੋਂ, ਮਨਸੂਰਾਂ ਜ਼ਿਲਾ ਲੁਧਿਆਣਾ ਤੋਂ ਆਰੰਭ ਕੀਤਾ ਸੀ। ਮੈਨੂੰ ਇਸ ਦੇ ਪਹਿਲੇ ਸੰਪਾਦਕ ਹੋਣ ਦਾ ਮਾਣ ਹੈ। ਇਹ ਪੇਪਰ ਹੁਣ ਤਕ ਚਾਲੂ ਰਿਹਾ। ਮਾਰਚ 1989 ਵਿਚ ਬਾਬਾ ਜੀ ਦੇ ਸਵਰਗਵਾਸ ਹੋਣ ਤੇ ਪੇਪਰ ਬੰਦ ਹੋ ਗਿਆ ਸੀ। ਬਾਬਾ ਜੀ ਦੀ ਮੌਤ, ਦਿਲ ਦੇ ਦੌਰੇ ਕਾਰਨ ਅਚਾਨਕ ਹੋ ਗਈ ਸੀ ਜਿਸ ਕਾਰਨ ਇਸ ਪਰਚੇ ਦੀ ਰਜਿਸਟਰੇਸ਼ਨ ਤੇ ਮਾਲਕੀ ਅਧਿਕਾਰ, ਵਰਤਮਾਨ ਗੱਦੀ-ਨਸ਼ੀਨ ਬਾਬਾ ਸਰਬਜੋਤ ਸਿੰਘ ਜੀ ਬੇਦੀ ਸਾਹਿਬ ਦੇ ਨਾਂ ਨਹੀਂ ਕਰਵਾਏ ਜਾ ਸਕੇ। ਪੇਪਰ ਲਈ ਦੁਬਾਰਾ ਫਾਰਮ ਭਰੇ ਹਨ। ਐਤਕੀਂ ਸਿਮ੍ਰਤੀ ਦੇ ਰੂਪ ਵਿਚ 'ਅਜੂਨੀ' ਆਪ ਦੇ ਹੱਥਾਂ ਵਿਚ ਹੈ। ਇਹ ਬਾਬਾ ਮਧੁਸੂਦਨ ਸਿੰਘ ਬੇਦੀ ਸਾਹਿਬ ਦੇ ਸਮਰਪਣ ਹੈ।

— ਸੇਵਾ ਸਿੰਘ ਮਾਨ (ਪ੍ਰਿੰ.)

ਨੋਟ :—ਇਸ ਮਾਸਕ ਪੱਤਰ ਦੇ ਸੰਪਾਦਕ ਮਾਨਯੋਗ ਪ੍ਰਿੰ. ਸੇਵਾ ਸਿੰਘ ਜੀ ਮਾਨ 13 ਨਵੰਬਰ 1989 ਨੂੰ ਅਕਾਲ ਚਲਾਣਾ ਕਰ ਗਏ ਹਨ। ਇਸ ਅੰਕ ਦੀ ਸੰਪਾਦਨਾ ਦੀ ਸੇਵਾ ਦਾ ਸਾਰਾ ਕੰਮ ਉਨ੍ਹਾਂ ਨੇ ਹੀ ਕੀਤਾ ਸੀ। ਇਸ ਲਈ ਹੱਥਲੇ ਅੰਕ ਦੇ ਸੰਪਾਦਕ ਉਨ੍ਹਾਂ ਨੂੰ ਹੀ ਰਖਣਾ ਮੁਨਾਸਬ ਸਮਝਿਆ ਗਿਆ ਹੈ।

— ਅਦਾਰਾ 'ਅਜੂਨੀ'



ਸ਼੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਦਾ ਬਚਪਨ



ਬਾਬਾ ਮਧੁਸੂਦਨ ਸਿੰਘ ਜੀ ਬੇਦੀ ਨੇ ਬਚਪਨ ਵਿਚ ਲਾਹੌਰ ਚੀਫ਼ਸ ਕਾਲੇਜ ਵਿਖੇ ਵਿਦਿਆ ਪ੍ਰਾਪਤ ਕੀਤੀ। ਆਪ ਪਿਛਲੀ ਪੰਕਤੀ ਵਿਚ ਸੱਜੇ ਪਾਸੇ ਪਹਿਲੇ ਨੰਬਰ ਤੇ ਖੜੇ ਹਨ




ਕੁੜਮਾਈ ਸ਼ਗਨ ਦੀ ਰਸਮ ਸਮੇਂ ਬਾਬਾ ਮਧੁਸੂਦਨ ਸਿੰਘ ਜੀ
ਬੇਦੀ ਉਮਰ 17 ਸਾਲ, ਆਪਣੇ ਦਾਦਾ ਜੀ ਟਿੱਕਾ ਰਾਮ ਕਿਸ਼ਨ
ਸਿੰਘ ਜੀ ਅਤੇ ਪਿਤਾ ਜੀ ਬਾਬਾ ਦੇਵਿੰਦਰ ਸਿੰਘ ਜੀ ਅਤੇ ਫੁੱਫੜ ਜੀ
ਸਰਦਾਰ ਬੁੱਧ ਸਿੰਘ ਜੀ ਬਤਾਲੀਆ ਨਾਲ।



ਸ਼੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਮੈਮੋਰੀਅਲ ਹਸਪਤਾਲ ਮਨਸੂਰਾਂ



ਸੰਗਤ ਨਾਲ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਊਨਾ ਸਾਹਿਬ




ਸ਼੍ਰੀ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਊਨਾ ਸਾਹਿਬ ਵਾਲੇ
ਉਨ੍ਹਾਂ ਦੇ ਨਾਲ ਜਗਤ ਮਾਤਾ ਹਰਜਿੰਦਰ ਕੌਰ ਅਤੇ ਵੱਡੇ ਮਾਤਾ
ਜਸਵੰਤ ਕੌਰ ਜੀ ।



ਹਜ਼ੂਰ ਸਾਹਿਬ ਨੰਦੇੜ ਵਿਖੇ
ਸ੍ਰੀ ਹਜ਼ੂਰ ਬਾਬਾ ਮਧਸੂਦਨ ਸਿੰਘ ਜੀ ਬੇਦੀ ਸਤਿਕਾਰ ਪ੍ਰਾਪਤ ਕਰ ਰਹੇ ਹਨ, ਸੰਤ ਜੋਗਿੰਦਰ ਸਿੰਘ ਜੀ ਮੋਨੀ ਸਾਹਿਬ ਅਤੇ ਸੰਤ ਹੋਸ਼ਿਆਰ ਸਿੰਘ ਜੀ ਦੇਵ ਲਾਲੀ ਵਾਲੇ ਉਨਾਂ ਨਾਲ ਖੜੇ ਹਨ।



ਬਾਬਾ ਮਧੁਸੂਧਨ ਸਿੰਘ ਜੀ ਬੇਦੀ ਆਪਣੇ ਸਪੁੱਤਰ ਬਾਬਾ ਸਰਬਜੋਤ ਸਿੰਘ ਅਤੇ ਆਪਣੇ ਪਿਤਾ ਜੀ, ਬਾਬਾ ਦੇਵਿੰਦਰ ਸਿੰਘ ਜੀ ਅਤੇ ਆਪਣੀ ਛੋਟੀ ਸਪੁੱਤਰੀ ਬੀਬਾ ਸਵਰਨੀਕ ਨਾਲ



ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ
ਸ਼੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ



ਖੱਬੇ ਤੋਂ ਸੱਜੇ : ਸ਼੍ਰੀਮਾਨ ੧੦੮ ਸੰਤ ਕਿਰਪਾਲ ਸਿੰਘ ਜੀ ਗਲੀ ਸੱਤੋ ਵਾਲੀ
ਅੰਮ੍ਰਿਤਸਰ, ਸ਼੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਪਿੱਛੇ ਮੋਨੀ
ਜੀ, ਸੰਤ ਜੋਗਿੰਦਰ ਸਿੰਘ ਹਜ਼ੂਰ ਸਾਹਿਬ (ਨਾਂਦੇੜ) ਵਾਲੇ ਖੜੇ



ਦ੍ਰਿਸ਼ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਜੀ ਦੀ ਅੰਤਮ ਅਰਦਾਸ ਸਮੇਂ
ਸੰਤਾਂ, ਮਹਾਂ ਪੁਰਸ਼ਾਂ ਅਤੇ ਸੰਗਤ ਦਾ ਇੱਕਠ




ਆਖ਼ਰੀ ਦਰਸ਼ਨ ਬਾਬਾ ਮਧੁਸੂਧਨ ਸਿੰਘ ਬੇਦੀ ਸਾਹਿਬ ਅੰਤਮ ਯਾਤ੍ਰਾ ਸਮੇਂ




ਰਸਮ ਤਿਲਕ ਬਾਬਾ ਸਰਬਜੋਤ ਸਿੰਘ ਬੇਦੀ ਜੀ ਦੀ
ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਰਾਹੀਂ ਚਲਾਈ ਉਦਾਸੀਨ ਸੰਪਰਦਾਏ ਦੇ ਮਹਾਂ ਮੰਡਲੇਸ਼ਵਰ ਸ੍ਰੀਮਾਨ 108 ਸੰਤ ਈਸ਼ਰ ਦਾਸ ਜੀ ਸ਼ਾਸ਼ਤਰੀ ਸਾਹਿਬ ਦੁਆਰਾ



ਵਰਤਮਾਨ ਗੱਦੀ ਨਸ਼ੀਨ
ਸ੍ਰੀ ਹਜ਼ੂਰ ਬਾਬਾ ਸਰਬਜੋਤ ਸਿੰਘ ਜੀ ਬੇਦੀ ਊਨਾ ਸਾਹਿਬ
ਗੁਰੂ ਨਾਨਕ ਪਾਤਸ਼ਾਹ ਦੀ 17 ਵੀ. ਸੰਤਾਨਕ ਜੋਤ



ਪ੍ਰਕਾਸ਼ ਅਸਥਾਨ ਊਨਾ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਂਰਾਜ)



ਦਮਦਮਾ ਅਸਥਾਨ ਸ਼੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਪਿੰਡ ਮਨਸੂਰਾਂ

# ਧੰਨ ਗੁਰੂ ਨਾਨਕ ਦੇਵ ਜੀ

## ( ਸੁਰਗਵਾਸੀ ਬਾਬਾ ਮਧੂਸੂਦਨ ਸਿੰਘ ਜੀ ਬੇਦੀ ਦੇ ਸਿੱਖ ਧਰਮ ਬਾਰੇ ਆਪਣੇ ਵਿਚਾਰ )

ਇਸ ਸ੍ਰਿਸ਼ਟੀ ਨੂੰ ਸਾਜਨ ਵਾਲਾ ਪਰਮੇਸ਼ਵਰ ਇਕ ਹੈ। ਉਸਦੇ ਨਾਮ ਅਨੇਕ ਹਨ, ਉਸਦੀ ਪ੍ਰਾਪਤੀ ਦੇ ਢੰਗ ਵਖੋ-ਵੱਖ ਹਨ। ਈਸਾਈ ਆਖਦੇ ਹਨ ਗਿਰਜੇ ਵਿਚ ਜੁੱਤੀਆਂ ਸਮੇਤ ਆ ਜਾਉ, ਸਿਰ ਦੀਆਂ ਟੋਪੀਆਂ ਲਾਹ ਦਿਉ, ਪੂਜਨੀਕ ਸਥਾਨ ਹੈ, ਅਸੀਂ ਤੁਹਾਨੂੰ ਰੱਬ ਦੇ ਦਰਸ਼ਨ ਕਰਵਾ ਦਿੰਦੇ ਹਾਂ। ਹਿੰਦੂ ਆਖਦੇ ਹਨ ਮੰਦਰ ਪ੍ਰਮੇਸ਼ਵਰ ਦਾ ਸਥਾਨ ਹੈ, ਜੁੱਤੀਆਂ ਲਾਹ ਕੇ, ਚੋਟੀ ਨੂੰ ਗੰਢ ਕੇ ਆ, ਆਰਤੀ ਵਿਚ ਸ਼ਾਮਲ ਹੋ ਜਾ, ਇਸ ਢੰਗ ਦੇ ਨਾਲ ਪ੍ਰਮੇਸ਼ਵਰ ਦੀ ਪ੍ਰਾਪਤੀ ਹੈ। ਮੁਸਲਮਾਨ ਆਖਦੇ ਹਨ ਮਸਜਿਦ ਅੱਲਾਹ (ਪਰਮੇਸ਼ਵਰ) ਦਾ ਘਰ ਹੈ, ਇਸ ਵਿਚ ਆ ਓਜ਼ੂ ਸਾਜ, ਪੰਜ ਵਕਤ ਨਮਾਜ਼ ਪੜ੍ਹ, ਤੈਨੂੰ ਅੱਲਾਹ (ਪਰਮੇਸ਼ਵਰ) ਦੀ ਪ੍ਰਾਪਤੀ ਹੋਵੇਗੀ। ਅਨੇਕਾਂ ਹੀ ਹੋਰ ਧਰਮ ਹਨ—ਬੁਧੀ, ਜੈਨੀ ਵਗੈਰਾ, ਹਰ ਕੋਈ ਪ੍ਰਮੇਸ਼ਵਰ ਦੀ ਪ੍ਰਾਪਤੀ ਦਾ ਮਾਨ ਕਰਦਾ ਹੈ।

ਗੁਰੂ ਨਾਨਕ ਪਾਤਸ਼ਾਹ ਦਾ ਇਸ ਸੰਸਾਰ ਦੇ ਵਿਚ ਕੱਤਕ ਸੁਦੀ 3 ਬਿ: 1526 ਨੂੰ ਅਵਤਾਰ ਹੋਇਆ। ਤਦ ਸਾਰੇ ਧਰਮ ਮੌਜੂਦ ਸਨ, ਅਨੇਕਾਂ ਹੀ ਕਿਸਮ ਦੀਆਂ ਸਾਧੂਆਂ ਦੀਆਂ ਮੰਡਲੀਆਂ, ਸੰਪ੍ਰਦਾਵਾਂ ਮੌਜੂਦ ਸਨ। ਹਰ ਕੋਈ ਪ੍ਰਮੇਸ਼ਵਰ ਦੀ ਪ੍ਰਾਪਤੀ ਦਾ ਦਾਅਵਾ ਕਰਦਾ ਸੀ। ਭੋਲੀਆਂ-ਭਾਲੀਆਂ ਸੰਗਤਾਂ ਇਹਨਾਂ ਧਰਮਾਂ ਨੂੰ ਅਪਨਾਦੀਆਂ ਰਹੀਆਂ, ਕਲਪਦੀਆਂ ਰਹੀਆਂ, ਭਟਕਦੀਆਂ ਰਹੀਆਂ, ਸੰਸਾਰਕ ਪਹਿਰਾ ਸੁਖਾਲੀ ਸੁਵਾਸੀ ਨਹੀਂ ਬੜੇ ਦੁਖਾਂ-ਦਲਿਦਰਾਂ ਨਾਲ ਨਿਬੇੜਦੀਆਂ ਰਹੀਆਂ। ਕੋਈ ਜੰਮ ਪਿਆ ਤਾਂ ਖੁਸ਼ ਹੋ ਗਈਆਂ, ਕੋਈ ਮੌਤ ਹੋ ਗਈ ਤਾਂ ਰੋਣ ਲਗ ਪਈਆਂ। ਦੁਨੀਆਂ ਦੇ ਕੋਈ ਸੁਖ ਦੀ ਪ੍ਰਾਪਤੀ ਹੋ ਗਈ ਤਾਂ ਖੇੜੇ ਵਿਚ ਆ ਗਈਆਂ। ਕਿਤੇ ਦੁਖ ਦਲਿਦਰਾਂ ਨੇ ਘੇਰ ਲਿਆ ਤਾਂ ਗਮਗੀਨ ਹੋ ਗਈਆਂ ਇਹਨਾਂ ਦੁਖਾਂ ਸੁਖਾਂ ਵਿਚ ਸਮਾਂ ਬੀਤਦਿਆਂ ਨੂੰ ਹਜ਼ਾਰਾਂ ਸਾਲ ਬੀਤ ਚੁਕੇ ਹਨ।

ਬਾਬਾ ਨਾਨਕ ਜੀ ਨੇ ਇਸ ਰੱਬੀ ਖਿਡਾਰ ਨੂੰ ਚੰਗੀ ਤਰ੍ਹਾਂ ਤੱਕਿਆ ਤੇ ਸੋਚਿਆ। ਆਪ ਨੇ ਜਗਤ ਦੀ ਪ੍ਰਸੰਨਤਾ ਦੇ ਕਾਰਨ ਇਕ ਮੰਦਰ ਬਣਾ ਦਿੱਤਾ, ਤਾਂ ਜੋ ਪ੍ਰਮੇਸ਼ਵਰ ਦੀ ਪੂਜਾ ਕਰ ਸਕੇ। ਮੁਸਲਮਾਨ ਨਾਰਾਜ਼ ਹੋ ਗਏ, ਆਖਣ ਲਗੇ ਬਾਬਾ ਤੂੰ ਜਗਤ ਦਾ ਸਾਂਝਾ ਸੈਂ, ਇਕ ਦੇ ਉਪਰ ਤੇਰਾ ਵਿਸ਼ਵਾਸ ਹੈ, ਸਰਬਤ ਧਰਮਾਂ ਨੂੰ ਇਕ ਨਿਗਾਹ ਨਾਲ ਤਕਦਾ ਹੈਂ, ਪ੍ਰੰਤੂ ਬਣਾਂਦਾ ਆਪਣੀ ਕੌਮ ਦਾ ਹੀ ਮੰਦਰ ਹੈਂ। ਬਾਬੇ ਨੇ ਮੁਸਲਮਾਨਾਂ ਦੀ ਪ੍ਰਸੰਨਤਾ ਲੈਣ ਲਈ ਇਕ ਮਸੀਤ ਵੀ ਬਣਾ ਦਿੱਤੀ। ਪ੍ਰੰਤੂ ਹਿੰਦੂ ਨਾਰਾਜ਼ ਹੋ ਗਏ ਤੇ ਆਖਣ ਲਗੇ, ਬਾਬਾ ਤੂੰ ਹਿੰਦੂਆਂ ਦੇ ਘਰ ਜੰਮ ਕੇ ਤੂੰ ਮੁਸਲਮਾਨਾਂ ਦੀ ਮਸਜਿਦ ਬਣਾਂਦਾ ਹੈਂ। ਬਾਬੇ ਨੇ ਇਕੋ ਹੀ ਫੈਸਲਾ ਦੇ ਦਿੱਤਾ ਕਿ ਨਾ ਬਣਾਉ ਮੰਦਰ, ਤੇ ਨਾ ਬਣਾਉ ਮਸਜਿਦਾਂ, ਧਰਮਸਾਲਾ ਜਗ੍ਹਾ-ਜਗ੍ਹਾ ਕਾਇਮ ਕਰੋ ਅਤੇ ਆਪਣੇ ਸਚੇ ਸੁੱਚੇ ਧਰਮ ਦੀ ਵਿਚਾਰ ਕਰਿਆ ਕਰੋ।

ਇਕ ਸਮੇਂ ਬਾਬਾ ਅਰਬ ਦੇਸ਼ ਵਿਚ ਵੀ ਗਿਆ ਹੈ ਜਿਥੇ ਮੁਸਲਮਾਨਾਂ ਸੁਆਲ ਕੀਤਾ ਕਿ ਬਾਬਾ ਹਿੰਦੂ ਚੰਗੇ ਹਨ ਜਾਂ ਮੁਸਲਮਾਨ ? ਉਥੇ ਵੀ ਬਾਬੇ ਦਾ ਇਕੋ ਜਵਾਬ ਰਿਹਾ ਤੇ ਆਖਿਆ :

'ਸੁਭ ਅਮਲਾਂ ਬਾਝੋਂ ਦੋਵੇ ਰੋਈ'

ਅਸਲੀ ਟਿਕਾਣੇ ਹਨ, ਪ੍ਰਭੂ ਨਾਲ ਸੰਬੰਧਿਤ ਕਰੋ ॥ ਗ੍ਰਿਹਸਥ ਕੋਈ ਪਾਪ ਨਹੀਂ ॥ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚ ਰਹਿੰਦਿਆਂ ਹੋਇਆਂ ਸਿਮਰਨ ਕਰਿਆ ਕਰੋ ਜਿਸ ਨਾਲ ਵਰਨੀ ਪੈਦਾ ਹੋਵੇਗੀ ॥

ਸਿਮਰਉ ਸਿਮਰ ਸਿਮਰ ਸੁਖ ਪਾਵਉ ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥

ਗ੍ਰਿਹਸਥ ਦੇ ਵਿਚ ਰਹਿੰਦਿਆਂ ਹੋਇਆਂ ਸੰਤੋਖ ਦੀ ਪ੍ਰਾਪਤੀ ਹੋਵੇਗੀ ॥

ਰੁਖੀ ਮਿਸੀ ਖਾਇਕੇ ਠੰਡਾ ਪਾਣੀ ਪੀ ॥
ਵੇਖ ਪਰਾਈ ਚੋਪੜੀ ਨਾ ਤਰਸਾਵੇਂ ਜੀ ॥

ਸੰਤੋਖ ਪ੍ਰਾਪਤ ਹੋਣ ਦੇ ਨਾਲ 'ਭ' ਕਰਕੇ ਭਏ ਹੋਵੇਗਾ ਬਾਪੂ ਦੀ ਪਹਿਚਾਣ ਹੋਵੇਗੀ, 'ਗ' ਕਰਕੇ ਗਿਆਨ ਦੀ ਪ੍ਰਾਪਤੀ ਹੋਵੇਗੀ ਫੇਰ ਤੈਨੂੰ ਮਿਠੇ ਫਲ ਲੱਗਣਗੇ, ਤੇਰੇ ਵਿਚ 'ਤ' ਕਰਕੇ ਤਿਆਗ ਪੈਦਾ ਹੋ ਜਾਵੇਗਾ —

"ਮੇਰਾ ਮੁਝ ਮੇਂ ਕਿਛ ਨਹੀਂ, ਜੋ ਕਿਛ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਂਪਤੇ, ਕਿਆ ਲਾਗੇ ਮੇਰਾ ॥"

ਮਨ ਨੀਵਾਂ ਹੋਵੇਗਾ ਮਤਿ ਉੱਚੀ, ਮੱਤ ਪੱਤ ਦਾ ਰਾਖਾ ਅਕਾਲ ਪੁਰਖ ਹੋਵੇਗਾ ਜਿਸ ਕਾਰਨ ਤੈਨੂੰ 'ਸੰਤੋਖ' ਅਤੇ ਸਤਿਆ' ਦੀ ਪ੍ਰਾਪਤੀ ਹੋਵੇਗੀ : ਫੇਰ

ਜੋ ਮਾਂਗਹਿ ਠਾਕੁਰ ਅਪਣੇ ਤੇ, ਸੋਈ ਸੋਈ ਦੇਵੈ ॥
ਨਾਨਕ ਦਾਸ ਮੁਖ ਤੇ ਜੋ ਬੋਲੇ, ਈਹਾ ਊਹਾਂ ਸਚ ਹੋਵੈ ॥

ਜਿਸ ਦੇ ਕਾਰਨ ਇਸ ਜੋ ਪੈਂਡਾ ਕੱਟਣ ਆਇਆ ਹੈ, ਜਨਮ ਅੰਤ ਮਰਨ ਦਾ, ਇਹ ਸੁਖਾਲੀ ਜਵਾਬੀ ਬੀਤ ਜਾਵੇਗਾ। ਜਨਮ ਮਰਨ ਦਾ ਦੁੱਖ ਨਹੀਂ ਹੋਵੇਗਾ। ਚੰਗੇ ਮਾੜੇ ਸਮੇਂ ਵਿਚ ਰਹੇਗਾ। ਦੁਖ-ਸੁੱਖ ਵਿਚ ਉਸਦੀ ਰਜ਼ਾ ਵਿਚ ਦਾ ਹੀ ਪ੍ਰਸੰਨ ਰਹੇਗਾ।

ਗੁਰੂ ਬੋਲ ਇਸੇ ਗੱਲ ਦੀ ਗਿਆਨ ਦੀ ਲੋੜ ਪੈਂਦੀ ਹੈ। ਦੁਨੀਆਂਦਾਰੀ ਤਾਂ ਸੋਚਦੀ ਹੈ ਜਿਵੇਂ 'ਭ' ਕਰਕੇ ਭਏ ਇਆ ਉਥੇ 'ਗ' ਕਰਕੇ ਗਿਆਨ ਦਿਖਾਉ ਕਰਦਾ ਹੈ। ਇਸ ਵਿਚੋਂ ਸੋਚਦਾ ਹੈ 'ਤ' ਕਰਕੇ ਤਿਆਗ ਹੋਵੇਗਾ ਭ,ਗ,ਤ ਮਿਲਾਵਉ ਤਾਂ ਬਣ ਜਾਂਦਾ ਹੈ 'ਭਗਤ' ॥

"ਭਗਤਾਂ ਦੀ ਸਦਾ ਤੂੰ ਰਖਦਾ ਧੁਰ ਤੋਂ ਰਖਦਾ ਆਇਆ ॥

ਗੁਰੂ ਤੇਰੇ ਅੰਗ ਸੰਗ ਹੋ ਜਾਂਦਾ ਹੈ, ਆਪੇ ਮੱਤ ਬੁਧ ਬਖਸ਼ਦਾ ਹੈ, ਤੇਰਾ ਪੈਂਡਾ ਸੁਖ ਵਿਚ ਨਿਬੇੜਨ ਹੋ ਜਾਂਦਾ ਹੈ, ਬਾਬੇ ਨੇ ਕ੍ਰਿਪਾ ਕੀਤੀ, ਆਪਣਾ ਗਿਆਨ ਸਾਨੂੰ ਲਿਖ ਕੇ ਬਖਸ਼ ਗਿਆ। ਆਪ ਬਾਬਾ ਸਾਡਾ ਹਾਜ਼ਰ ਨਾਜ਼ਰ ਹੈ, ਉਸਦੇ ਸਦਕੇ ਦਰਸਾਏ ਰਾਹ ਤੇ ਚਲੇਗਾ, ਜੋ ਦਾਸ ਵਰਨਨ ਕਰ ਚੁਕਾ ਹੈ। ਇਸ ਨਾਲ ਹਾਜ਼ਰ ਨਾਜ਼ਰ ਬਾਬੇ ਦੇ ਦਰਸ਼ਨ ਦੀ ਹੋ ਜਾਵੇਗਾ। ਸਾਰਿਆਂ ਧਰਮਾਂ ਵਿਚੋਂ ਅਨਮੋਲ ਧਰਮ ਨਾਨਕ-ਬਾਣੀ ਸਾਨੂੰ ਬਖਸ਼ ਗਿਆ ਤੇ ਦਸਵੇਂ ਜਾਮੇ ਵਿਚ ਆ ਕੇ ਕਾਰ ਗਿਆ :

ਬਾਣੀ ਗੁਰੂ ਗੁਰੂ ਹੈ ਬਾਣੀ, ਵਿਚ ਬਾਣੀ ਅੰਮ੍ਰਿਤ ਸਾਰੇ ॥
ਗੁਰਬਾਣੀ ਕਹੈ ਸੇਵਕ ਜਨੁ ਮਾਨੈ, ਪ੍ਰਤਖ ਗੁਰੂ ਨਿਸਤਾਰੇ ॥

ਗੁਰੂ ਦੀ ਸੇਵਾ, ਗਿਆਨ ਦੀ ਸੇਵਾ, ਪਰੰਤੂ ਅਸੀਂ ਗੁਰੂ ਨੂੰ ਗਿਆਨ ਰਹੇ ਨਹੀਂ, ਪੜ੍ਹਦੇ ਰਹੇ ਨਹੀਂ, ਸੁਣਦੇ ਨਹੀਂ, ਵਿਚਾਰ ਰਹੇ ਨਹੀਂ, ਕੇਵਲ (Superficial) ਉਪਰ ਉਪਰ ਦਿਖਾਵਾ ਹੋ ਰਹੇ ਹਾਂ ਕਿ

ਸਤਿਗੁਰੂ ਆਖਦੇ ਹਨ :

ਗੁਰੂਦੁਆਰੇ ਹੋਇ ਸੋਝੀ ਪਾਇਸੀ ॥

ਪਰੰਤੂ ਜਦ ਤਕ ਗੁਰਸਿੱਖ ਇਸ ਗਾਡੀ ਰਾਹ ਨੂੰ ਅਪਨਾਂਦਾ ਨਹੀਂ, ਜੀਵਨ ਦਾ ਇਕ ਅੰਗ ਨਹੀਂ ਬਣਾ ਲੈਂਦਾ, ਉਦੋਂ ਤੱਕ ਪ੍ਰਾਪਤ ਕੁਝ ਨਹੀਂ ਕਰਦਾ। ਗੁਰਸਿੱਖ ਇਹ ਸਮਝਦਾ ਹੈ ਜੋ ਰੁਪਈਆ ਧੇਲਾ ਸ਼ਬਦ ਭੇਂਟ ਕਰ ਆਂਦਾ ਹਾਂ ਇਸ ਨਾਲ ਮੈਂ ਗੁਰੂ ਨੂੰ ਮੁੱਲ ਲੈ ਲਵਾਂਗਾ, ਗੁਰੂ ਮੇਰਾ ਬਣ ਜਾਵੇਗਾ। ਇਹ ਚੜਤ ਚੜ੍ਹਾਵੇ ਦੀ ਮਾਇਆ ਕਿਸੇ ਗੁਰੂ-ਸੇਵਾ ਵਿਚ ਵਰਤੀ ਜਾਵੇ ਤਾਂ ਸੁਖ ਦਿੰਦੀ ਹੈ। ਗੁਰ ਸੇਵਾ ਤੋਂ ਮੁਰਾਦ, ਗੁਰਦੁਆਰਾ ਵੀ ਹੈ। ਕਿਸੇ ਅਤਿਥੀ ਨੂੰ ਭੋਜਨ, ਬਸਤਰ ਵੀ ਦੇ ਸਕਦੀ ਹੈ, ਪ੍ਰੰਤੂ ਪ੍ਰਮੇਸ਼ਵਰ ਇਸ ਮਾਇਆ ਦਾ ਭੁੱਖਾ ਨਹੀਂ, ਉਸਨੇ ਇਸ ਧਨ ਨੂੰ 'ਕਾਚਾ ਧਨ' ਆਖਿਆ ਹੈ। ਮਾਇਆਧਾਰੀ ਅੰਨਾ ਬੋਲਾ ਆਖਿਆ, ਇਸ ਨੂੰ ਮੋਹਣੀ ਕਿਹਾ ਹੈ, ਕਿਸੇ ਸੁੱਖ ਦਾ ਸਾਧਨ ਨਹੀਂ ਦਸਿਆ ਬਲਕਿ ਆਪ ਦਾ ਫੁਰਮਾਨ ਆਵੇਗਾ :

ਸਾਚੁ ਕਹੂੰ ਸੁਨ ਲੇਹ ਸਭੈ ਜਿਨ੍ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

ਤੇਰਾ ਪਿਆਰ ਸਤਿਗੁਰੂ ਨੂੰ ਪਿਆਰਾ ਹੈ। ਈਸਾਈਆਂ ਨੇ ਪਿਆਰ ਨੂੰ ਰੱਬ ਪ੍ਰਮੇਸ਼ਵਰ ਹੀ ਕਹਿ ਦਿੱਤਾ ਹੈ, Love is God। ਜਿਥੇ ਪਿਆਰ ਹੈ, ਉਥੇ ਪ੍ਰਮੇਸ਼ਵਰ ਆਪ ਵੱਸਦਾ ਹੈ। ਕਲਪਣਾ ਤੇ ਭਟਕਣਾ ਤੋਂ ਪ੍ਰਮੇਸ਼ਵਰ ਦੁਰੇਡੇ ਰਹਿੰਦਾ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਇਹਨਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖਦਿਆਂ ਹੋਇਆਂ ਗੁਰਬਾਣੀ ਦੁਆਰਾ ਸਾਨੂੰ ਪ੍ਰਮੇਸ਼ਵਰ ਨਾਲ ਪਿਆਰ ਕਰਨ ਦੇ ਢੰਗ ਦਿੱਤੇ ਹਨ, ਜਿਹਨਾਂ ਨੂੰ ਅਪਨਾਣਾ ਹੀ ਸੁਖ ਦਾ ਸਾਧਨ ਹਨ। ਗੁਰੂ ਸਿਰਫ ਮੱਥਾ ਟੇਕਣ ਲਈ ਹੀ ਨਹੀਂ ਬਣਿਆਂ ਬਲਕਿ ਜੋ ਆਖੇ :

ਗੁਰਬਾਣੀ ਕਹੇ ਸੇਵਕ ਜਨੁ ਮਾਨੈ, ਪ੍ਰਤੱਖ ਗੁਰੂ ਨਿਸਤਾਰੇ ॥

ਤੇ ਮੰਨਣਾ ਭੀ ਵੱਡਾ ਧਰਮ ਬਣਦਾ ਹੈ।

ਇਸ ਧਰਮ ਨੂੰ ਕੇਵਲ ਪਾਤਸ਼ਾਹ ਕਹਿ ਕੇ ਸਾਡੀਆਂ ਅੱਖਾਂ ਤੋਂ ਉਹਲੇ ਨਹੀਂ ਹੋ ਗਏ। ਬਲਕਿ ਉਸ ਨੂੰ ਕਾਇਮ ਰੱਖਣ ਲਈ ਹੇਠ ਲਿਖੇ ਇਸ ਧਰਮ ਨੂੰ ਪ੍ਰਚਾਰਣ ਵਾਲੇ ਵੀ ਬਖਸ਼ ਗਏ ਹਨ। ਜਿਸ ਕਾਰਨ ਇਹ ਧਰਮ 500 ਸਾਲਾਂ ਤੋਂ ਉਪਰ ਅਜੇ ਵੀ ਅਟੱਲ ਹੈ।

1. ਆਪਦੇ ਸਾਹਿਬਜ਼ਾਦੇ **ਬਾਬਾ ਲਖਮੀ ਦਾਸ ਜੀ** ਜਿਹਨਾਂ ਨੂੰ ਗ੍ਰਹਸਥੀ ਬਣਾਇਆ, ਵਿਆਹ ਕੀਤਾ, ਉਪਰੰਤ ਗੁਰੂ ਨਾਨਕ ਪਾਤਸ਼ਾਹ ਦੀ ਕੁਲ ਸੰਭਾਲ ਕਰਨ ਵਾਲਿਆਂ ਦਾ ਵਾਧਾ ਹੋਇਆ। ਜੋ ਅਜ ਕੱਲ ਆਪਣੇ ਕਰਤੱਵ ਦੀ ਪਾਲਨਾ ਕਰਦੇ ਹਨ। ਜਿਸ ਕੁਲ ਵਿਚ ਮਹਾਨ ਤਪੱਸਵੀ ਗ੍ਰਿਹਸਥੀ ਬੇਦੀ ਸਾਹਿਬਜ਼ਾਦੇ ਹੋਏ, ਜਿਨ੍ਹਾਂ ਨੇ ਜਗਤ ਵਿਚ ਘਰ-ਘਰ ਜਾ ਕੇ ਪਾਤਸ਼ਾਹ ਨਾਲ ਸਬੰਧਿਤ ਰਹਿਣ ਦਾ ਪ੍ਰਚਾਰ ਕੀਤਾ :

"ਜਿਤੀ ਨਵਖੰਡ ਮੇਦਨੀ ਸਤਿਨਾਮੁ ਦਾ ਚਕਰ ਫਿਰਾਇਆ।"

ਇੰਨਾਂ ਹੀ ਨਹੀਂ ਆਪ ਦੀ ਸੰਤਾਨਕ ਜੋਤ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਨੇ ਹਿੰਦੂ ਕੌਮ ਨੂੰ ਏਕਤਾ ਬਖਸ਼ੀ। ਸੰਨ 1801 ਵਿਸਾਖੀ ਵਾਲੇ ਦਿਨ ਇਸ ਮਾਤਰਭੂਮੀ ਤੋਂ ਵਿਦੇਸ਼ੀ ਹਕੂਮਤ ਨੂੰ ਕਢਿਆ, ਤੇ ਦੇਸ਼ ਦਾ ਰਾਜ ਕਾਇਮ ਕੀਤਾ। ਆਪਣੇ ਸੇਵਕ ਰਣਜੀਤ ਸਿੰਘ ਨੂੰ ਰਾਜ ਤਿਲਕ ਦੇ ਕੇ ਪੰਜਾਬ ਦਾ ਮਹਾਰਾਜਾ ਥਾਪਿਆ, ਜਿਸ ਦਾ ਰਾਜ 45 ਸਾਲ ਕਰਵਾ ਦਿੱਤਾ। ਇਸ ਕੁਲ ਤੋਂ ਪਾਤਸ਼ਾਹ ਦੀ **ਸੰਤਾਨਕ ਗੱਦੀ** ਚਲੀ।

2. ਆਪਣੇ ਦੂਸਰੇ ਸਾਹਿਬਜ਼ਾਦੇ **ਬਾਬਾ ਸ੍ਰੀ ਚੰਦ ਮਹਾਰਾਜ** ਨੂੰ, ਹਰ ਇਕ ਮੱਤ ਦੇ ਸਾਧੂ ਹੁੰਦਿਆਂ ਹੋਇਆਂ

ਉਦਾਸੀਨ ਮੱਤ ਦੇ ਬਾਣੀ ਖਿਥਾਣੀ ਕਾਇਮ ਕੀਤਾ । ਜਿਨ੍ਹਾਂ ਸਾਧੂ ਹੁੰਦਿਆਂ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਪੁੱਜ ਕੇ ਪਾਤਸ਼ਾਹ ਦੇ ਧਰਮ ਨੂੰ ਵਿਚਰਿਆ । ਡੇਢ ਸੌ ਸਾਲ ਆਪ ਦੀ ਆਯੂ ਹੋਈ । ਇਸ ਸਮੇਂ ਵੀ ਜਗਤ ਆਪ ਦੀ ਪੂਜਾ ਕਰਦਾ ਹੈ । ਆਪ ਨੇ ਉਹ ਸ਼ੁਭ ਕਰਮ ਕਰ ਦਿਖਾਏ ਜਿਹਨਾਂ ਕਾਰਨ ਗੁਰੂ ਅੰਗਦ ਦੇਵ ਪਾਤਸ਼ਾਹ ਤੋਂ ਲੈ ਕੇ ਗੁਰੂ ਹਰਗੋਬਿੰਦ ਪਾਤਸ਼ਾਹ ਤੱਕ ਦੀ ਪੂਜਾ ਕਰਦੇ ਚਲੇ ਆਏ । ਪੰਜ ਸੌ ਰੁਪਏ ਘੋੜਾ ਦੁਸ਼ਾਲਾ ਆਪ ਦੀ ਭੇਟਾ ਹਰ ਸਾਲ ਕੀਤੀ ਜਾਂਦੀ ਸੀ । ਮਹਾਰਾਜ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਆਪਣੀ ਸ਼ਰਧਾ ਦੀ ਕਮਾਲ ਕਰ ਦਿਖਾਈ, ਕਿ ਆਪਣੇ ਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਬਾਬਾ ਸ੍ਰੀ ਚੰਦ ਦੀ ਭੇਟਾ ਕਰ ਦਿੱਤਾ ।

3. ਆਪਣੀ **ਸੰਗਤ** ਨੂੰ ਪਾਤਸ਼ਾਹ ਨੇ (Ignore) ਦੁਰੇਡੇ ਨਹੀਂ ਕੀਤਾ । ਆਪ ਦਾ ਸੱਚਾ ਸੁੱਚਾ ਸੇਵਕ ਲੈ ਕੇ ਭਾਈ ਲਹਿਣਾ ਜੀ ਨੂੰ ਆਪਣੀ ਆਤਮਕ ਗੱਦੀ ਤੇ ਬਿਰਾਜਮਾਨ ਕੀਤਾ । ਪੰਜ ਪੈਸੇ ਨਾਰੀਅਲ ਆਪ ਦੇ ਅੱਗੇ ਰੱਖ ਕੇ ਚਰਨਾਂ ਨੂੰ ਹੱਥ ਲਾ ਕੇ ਤੇ ਸੀਸ ਝੁਕਾਇਆ । ਨਾਲ ਫੁਰਮਾ ਦਿੱਤਾ :

ਜਨ ਨਾਨਕ ਧੂੜ ਮੰਗੇ ਤਿਸੁ ਗੁਰਸਿਖ ਕੀ,
ਜੋ ਆਪ ਜਪੈ ਅਵਰਹਿ ਨਾਮ ਜਪਾਵੈ ॥

ਇਸ ਤੋਂ ਗੁਰੂ ਘਰ ਦੀ **ਆਤਮਕ ਗੱਦ** ਚਲੀ ।

4. ਗੁਰੂ ਨਾਨਕ ਪਾਤਸ਼ਾਹ ਦੀ ਤੀਸਰੀ ਆਤਮਕ ਜੋਤ ਸ੍ਰੀ ਗੁਰੂ ਅਮਰਦਾਸ ਜੀ ਨੇ ਇਹ ਯਾਚਨਾ ਕੀਤੀ ਜੋ ਪਾਤਸ਼ਾਹ ਦੇ ਸੇਵਕ ਅਣਗਿਣਤ ਹੋ ਚੁੱਕੇ ਹਨ, ਦੁਨੀਆਂ ਵਿਚ ਵਤਗ ਲਾਏ ਜਾਂਦੇ ਹਨ, ਪ੍ਰਮੇਸ਼ਰ ਨਾਲੋਂ ਤੋੜੇ ਜਾਂਦੇ ਹਨ, ਘੋਰ ਕਲਯੁਗ ਹੈ, ਜਗਤ ਦੁਖੀ ਹੈ । ਇਸ ਲਈ ਇਸ ਧਰਮ ਦੀ ਕਾਇਮੀ ਲਈ 22 **ਮੰਜੀਆਂ** ਬਖਸ਼ ਦਿਤੀਆਂ ਅਤੇ ਫੁਰਮਾ ਦਿੱਤਾ ਕਿ ਜਾਉ ਗੁਰਸਿੱਖੋ ਗੁਰਬਾਣੀ ਦਾ ਪ੍ਰਚਾਰ ਕਰੋ । ਸੰਗਤਾਂ ਨੂੰ ਦਰਸਾਉ ਕਿ ਬਾਬਾ ਨਾਨਕ ਹਾਜ਼ਰ ਨਾਜ਼ਰ ਹਨ, ਜਿਨ੍ਹਾਂ ਵਿਚੋਂ ਕਈ ਇਕ ਅਜੇ ਵੀ ਗੁਰਮਤਿ ਦਾ ਪ੍ਰਚਾਰ ਕਰਦੀਆਂ ਹਨ ।

ਸੱਚੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ ॥

5. ਦਸਵੀਂ ਆਤਮਕ ਜੋਤ ਦਾ ਸਮਾਂ ਬੜਾ ਭਿਆਨਕ ਵਾਪਰਿਆ, ਘੋਰ ਕਲਿਯੁਗ ਸੀ, ਸਾਰੇ ਪਾਸਿਆਂ ਤੋਂ ਕਲਿਯੁਗ ਨੇ ਸੱਚ ਨੂੰ ਘੇਰ ਲਿਆ, ਤੇ ਸਚ ਤਬਾਹੋ ਬਰਬਾਦ ਕਰਨ ਦਾ ਯਤਨ ਕੀਤਾ । ਪ੍ਰੰਤੂ ਇਸ ਗੁਰੂ ਨਾਨਕ ਪਾਤਸ਼ਾਹ ਦੇ ਧਰਮ ਦੀ ਜੈ ਜੈ ਕਾਰ ਰਹੀ । ਮਹਾਰਾਜ ਦਾ ਫੁਰਮਾਨ ਹੈ :

'ਸੱਚ ਧੰਨ ਖੱਟੋ, ਸਚ ਧੰਨ ਵੰਡੋ, ਕਬਹੂੰ ਨਾ ਆਵੈ ਹਾਰ'

ਇਹ ਸੱਚ ਦੇ ਧਰਮ ਦੀ ਅੱਜ ਵੀ ਜੈ ਜੈ ਕਾਰ ਹੈ, ਜਿਸ ਨੂੰ ਦਸਵੀਂ ਆਤਮਕ ਜੋਤ ਨੇ ਆਪਣੇ ਸਾਹਿਬਜ਼ਾਦੇ, ਆਪਣੀਆਂ ਮਾਤਾਵਾਂ, ਆਪਣੇ ਪਿਤਾ, ਆਪਣੇ ਆਪ ਨੂੰ ਇਸ ਧਰਮ ਦੀ ਕਾਇਮੀ ਲਈ ਆਪਾ ਵੀ ਵਾਰ ਦਿੱਤਾ, ਨਾਲ ਆਪਣੇ ਫੁਰਮਾ ਦਿੱਤਾ ਜੋ ਆਦਿ ਗੁਰੂ ਗ੍ਰੰਥ ਸਾਹਿਬ ਦੇ ਬਚਨਾਂ ਨੂੰ ਹਿਰਦੇ ਵਿਚ ਵਸਾਉ, ਗੁਰੂ ਮਾਨਿਉ ਗ੍ਰੰਥ, ਉਹਨਾਂ ਨੇ ਆਪਣੇ ਖਾਨਦਾਨ ਦੀ ਕੁਰਬਾਨੀ ਦੇ ਕੇ ਧਰਮ ਨੂੰ ਸੰਪੂਰਨ ਕਰ ਦਿੱਤਾ, ਇਸ ਧਰਮ ਨੂੰ ਵਿਚਾਰਨ ਲਈ ਭੀ ਕੁਝ ਸਾਧਨ ਕੀਤੇ —

(i) ਗੁਰੂ ਕੇ ਬਚਨਾਂ ਦਾ ਲਿਖਤੀ ਰੂਪ —ਆਦਿ **ਗੁਰੂ ਗ੍ਰੰਥ ਸਾਹਿਬ** ਜੀ ।

(ii) ਇਸ ਦੀ ਹਿਫਾਜ਼ਿਤ ਲਈ —**ਪੰਜ ਪਿਆਰੇ** ।

(iii) ਗੁਰੂ ਖਾਲਸੇ ਦੀ ਫੌਜ —**ਨਿਹੰਗ ਸਿੰਘ** ਜੋ ਗੁਰੂ ਸਿੱਖ ਧਰਮ, ਧਰਤੀ ਦੀ ਰਖਿਆ ਕਰ ਸਕਣ ।

(iv) ਬਾਣੀ ਦੇ ਪ੍ਰਚਾਰ ਲਈ ਜਿਥੇ ਆਮ ਕਿਹਾ ਜਾਂਦਾ ਸੀ, ਜੋ ਗੁਰਸਿਖ ਵਿਚ ਵੇਦਾਂ ਸ਼ਾਸਤਰਾਂ ਪੁਰਾਣਾਂ ਦੇ ਵਿਦਵਾਨ ਮੌਜੂਦ ਨਹੀਂ ਹਨ, ਇਸ ਦੀ ਆਤਮਕ ਗਾਥਾਂ ਨੂੰ ਸਮਝ ਨਹੀਂ ਸਕਦੇ, ਦਸਵੀਂ ਜੋਤ ਨੇ 5 ਸਿੰਘਾਂ ਦੇ ਸਿਰ ਤੇ ਹੱਥ ਰਖਿਆ, ਅਤੇ ਕਾਸ਼ੀ ਬਨਾਰਸ ਇਹਨਾਂ ਗ੍ਰੰਥਾਂ ਨੂੰ ਪੜ੍ਹਣ, ਖੋਜਣ ਲਈ ਭੇਜ ਦਿਤੇ । ਜੋ ਪੜ੍ਹ ਕੇ ਆਏ ਇਹਨਾਂ ਦਾ **ਨਿਰਮਲ ਪੰਥ** ਚਲਾਇਆ । ਇਹ ਸਾਧੂ ਮਹਾਤਮਾ ਬਣ ਕੇ ਜਗ੍ਹਾ-ਜਗ੍ਹਾ ਗੁਰੂ ਨਾਨਕ ਪਾਤਸ਼ਾਹ ਦੀਆਂ ਧਰਮਸ਼ਾਲਾ ਜਿਸ ਵਿਚ ਗੁਰੂ ਗ੍ਰੰਥ

ਸਾਹਿਬ ਦਾ ਪ੍ਰਕਾਸ਼ ਕੀਤਾ ਉਹ ਧਰਮਸ਼ਾਲਾ ਗੁਰਦੁਆਰਾ ਬਣ ਗਈਆਂ। ਨਿਸ਼ਕਾਮ ਗੁਰਬਾਣੀ ਦਾ ਪ੍ਰਚਾਰ ਕਰਦੇ ਰਹੇ ਅਤੇ ਜਗਤ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਨਾਲ ਸਬੰਧਿਤ ਕੀਤਾ।

(v) ਭਾਈ ਘਨਈਆ ਜੀ ਦਸਵੀਂ ਜੋਤ ਦੇ ਸਮੇਂ ਅਨਿਨ ਭਗਤ ਹੋਏ ਹਨ, ਜੋ ਮਹਾਰਾਜ ਦੀ ਸੇਵਾ ਕਰ ਕੇ ਆਤਮਕ ਤੌਰ ਤੇ ਪਾਤਸ਼ਾਹ ਦੇ ਚਰਨਾਂ ਤੋਂ ਵਾਰੇ-ਵਾਰੇ ਗਏ। ਮੁਸਲਮਾਨ ਹਕੂਮਤ ਗੁਰਸਿੱਖਾਂ ਨੂੰ ਖਤਮ ਕਰਨ ਤੇ ਤੁਲੀ ਹੋਈ ਸੀ, ਇਸ ਕਾਰਨ ਗੁਰਸਿੱਖਾਂ ਤੇ ਮੁਸਲਮਾਨਾਂ ਦੀ ਜੰਗ ਲਗੀ ਸੀ ਤੇ ਆਪ ਮਸ਼ਕ ਲੈ ਕੇ ਸਤਖਤ ਨੂੰ ਜਲ ਛਕਾ ਦਿੰਦੇ ਸਨ। ਆਪ ਦੀ ਸ਼ਿਕਾਇਤ ਵੀ ਹੋ ਗਈ ਜੋ ਮੁਸਲਮਾਨਾਂ ਨੂੰ ਪਾਣੀ ਪਿਲਾਂਦਾ ਹੈ। ਪਰੰਤੂ ਦਸਮੀ ਆਤਮਕ ਜੋਤ ਦੇ ਹਜ਼ੂਰ ਹਾਜਰੀ ਹੋਈ, ਆਪ ਨੇ ਆਖਿਆ "ਮੇਰੀ ਨਿਗਾਹ ਵਿਚ ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ। ਮੇਰੀ ਨਿਗਾਹ ਵਿਚ ਤਾਂ ਤੂੰ ਵੱਸਿਆ ਹੋਇਆ ਹੈਂ। ਜ਼ਰੇ-ਜ਼ਰੇ ਵਿਚ ਤੇਰੇ ਦਰਸਨ ਕਰਦਾ ਹਾਂ ਤੇ ਜਲ ਛਕਾ ਦਿੰਦਾ ਹਾਂ।" ਮਹਾਰਾਜ ਨੇ ਇਸ ਦੀ ਮਸਤ ਬਿਰਤੀ ਨੂੰ ਵੇਖ ਕੇ ਉਸ ਨੂੰ ਵੰਗਾਰਿਆ ਨਹੀਂ, ਆਪਣੇ ਖੀਸੇ ਵਿਚੋਂ ਮਲ੍ਹਮ ਦੀ ਡੱਬੀ ਦਿੱਤੀ, "ਜਿਥੇ ਪਾਣੀ ਪਿਲਾਂਦਾ ਹੈਂ, ਉਥੇ ਜ਼ਖਮਾਂ 'ਤੇ ਮਲ੍ਹਮ ਵੀ ਲਗਾ ਦੇਵੀਂ।" ਇਸ ਮਸਤ ਬਿਰਤੀ ਵਾਲੇ ਮਹਾਂਪੁਰਸ ਨੂੰ ਪ੍ਰਵਾਨਗੀ ਬਖਸ਼ੀ। **ਸੇਵਾ ਪੰਥ** ਦੀ ਸਾਜਨਾ ਕੀਤੀ। ਇਹਨਾਂ ਸੇਵਾ ਪੰਥੀ ਸਾਧੂਆਂ ਨੇ ਵੀ ਧਰਮਸ਼ਾਲਾ ਗੁਰਦੁਆਰੇ ਬਣਾ ਦਿਤੇ। ਜਿਥੇ ਆਏ ਅਤਿਥੀ ਦੀ ਸੇਵਾ ਕਰਦੇ ਸਨ। ਧਰਮਸ਼ਾਲਾ ਦੇ ਅੰਦਰ ਪ੍ਰਕਾਸ਼ ਕੀਤਾ ਤੇ ਗੁਰਦੁਆਰਾ ਕਰਕੇ ਆਖਿਆ। ਅਜ ਵੀ ਜਗ੍ਹਾ-ਜਗ੍ਹਾ ਸੇਵਾ ਪੰਥੀਆਂ ਦੇ ਗੁਰਦੁਆਰੇ ਕਾਇਮ ਹਨ ਅਤੇ ਪਿਤਾ-ਪੁਰਖੀ ਨੂੰ ਨਿਭਾਉਂਦੇ ਹਨ।

ਇਹਨਾਂ ਨਿਸ਼ਕਾਮ ਧਰਮ ਦੇ ਸਾਧਨਾਂ ਨੂੰ ਅਜ ਸੰਗਤਾਂ ਤੋੜਨ ਦਾ ਯਤਨ ਕਰ ਰਹੀਆਂ ਹਨ ਅਤੇ 'ਮੈਂ-ਮੇਰੀ' ਵਿਚ ਫਸ ਕੇ, ਜਿਹਨਾਂ ਤਰੁੱਟੀਆਂ ਨੂੰ ਦੂਰ ਕਰਨ ਦੇ ਯਤਨ ਕੀਤੇ, ਉਹਨਾਂ ਵਿਚ ਹੀ ਸੰਗਤਾਂ ਆਪ ਫਸ ਗਈਆਂ। ਅਜ ਸਿੱਖ ਕੌਮ 'ਮੈਂ-ਮੇਰੀ' ਦੇ ਕਾਰਨ ਅਨੇਕਾਂ ਸਭਾ, ਸੁਸਾਇਟੀਆਂ, ਪਾਰਟੀਆਂ ਬਣਾ ਕੇ ਮਾਇਆ ਨੂੰ ਮੁੱਖ ਰੱਖਦੇ ਹੋਏ ਆਪਸ ਵਿਚ ਲੜਨ ਲੱਗ ਪਈਆਂ ਅਤੇ ਇਸ ਸੁੰਦਰ ਧਰਮ ਨੂੰ ਤਰੋੜਨ-ਮਰੋੜਨ ਦਾ ਯਤਨ ਹੋਣ ਲੱਗ ਪਿਆ।

ਗੁਰੂ ਸਾਹਿਬਾਨ Election ਨਾਲ ਨਹੀਂ ਬਣਾਏ ਗਏ ਸਨ, ਆਪ ਨੂੰ ਗੱਦੀ ਤੇ ਬਿਰਾਜਮਾਨ ਕਰਨ ਵਾਲੇ ਬਾਬਾ ਬੁੱਢਾ ਜੀ ਨੂੰ Election ਨਾਲ ਨਹੀਂ ਥਾਪਿਆ ਗਿਆ। ਸਿੱਖ ਧਰਮ ਦੇ ਵੇਦ-ਵਿਆਸ ਭਾਈ ਗੁਰਦਾਸ ਜੀ ਨੂੰ ਇਹ ਪਦਵੀ Election ਨਾਲ ਹਾਸਲ ਨਹੀਂ ਹੋਈ। ਪੰਜ ਪਿਆਰੇ ਉਪਰੰਤ ਕੁਝ ਸਾਧੂ ਮਹਾਤਮਾ ਜਿਹਨਾਂ ਦਾ ਉਪਰ ਜ਼ਿਕਰ ਆ ਚੁੱਕਿਆ ਹੈ, Election ਨਾਲ ਨਹੀਂ ਥਾਪੇ ਗਏ। Election ਨਾਲ ਥਾਪਣ ਲਈ ਸਾਨੂੰ ਗੁਰੂ ਸਾਹਿਬਾਂ ਨੇ ਨਹੀਂ ਆਖਿਆ, ਇਹ ਤਾਂ ਕੇਵਲ ਉਹਨਾਂ ਦੀ ਕਰਨੀ ਨੂੰ ਮੁੱਖ ਰੱਖ ਕੇ ਪੂਜਣ ਜੋਗ ਬਣਦੇ ਹਨ।

ਅੰਗਰੇਜ਼ ਹਕੂਮਤ ਨੇ ਜਿਥੇ ਸਾਡੇ ਗੁਰਦੁਆਰਿਆਂ ਲਈ ਕਮੇਟੀਆਂ ਬਣਾ ਕੇ ਇੰਤਜ਼ਾਮੀ ਰੁਤਬਾ ਦਿਤਾ ਤੇ ਕਾਨੂੰਨ ਬਣਾਇਆ, ਉਥੇ ਨਾਲ ਹੀ ਆਪਣੀ ਕੁਟਿਲ ਨੀਤੀ ਨੂੰ ਮੁੱਖ ਰੱਖਦਿਆਂ ਹੋਇਆਂ election ਦਾ ਘੱਟ ਵੀ ਲਗਾ ਦਿਤਾ। Election ਹੀ ਸਭ ਕੌਮਾਂ ਦੀ ਵੰਡ ਦੇ ਪੁਆੜੇ ਹਨ, ਜੋ ਅੰਗਰੇਜ਼ ਨੇ ਆਪਣੀ ਪਾਲਿਸੀ divide and rule ਵਾਲੀ ਮੁੱਖ ਰੱਖਦਿਆਂ ਹੋਇਆਂ ਇਸ ਬਹਾਦਰ ਕੌਮ ਨੂੰ ਆਪਣੀ ਖਿਦਮਤ ਲਈ, ਪੂਰੇ ਢੰਗ ਨਾਲ ਵਰਤਿਆ। ਇਸ ਲਈ ਅਜ ਅਸੀਂ ਨਾਨਕਸ਼ਾਹੀ ਧਰਮ ਤੋਂ ਦੂਰੇਡੇ ਚਲੇ ਗਏ ਹਾਂ : ਧੌਲ ਧਰਮ ਦਇਆ ਕਾ ਪੂਤ ॥

ਧਰਮ ਹੁਣ ਦਯਾ ਦਾ ਪੁੱਤਰ ਨਹੀਂ ਰਿਹਾ। ਡੰਡੇ ਦਾ ਪੀਰ ਬਣ ਗਿਆ, ਜਿਸ ਦੇ ਕਾਰਨ ਸਭ ਦੁਨੀਆਂ ਨੇ ਡੰਡੇ ਚੁੱਕ ਲਏ ਅਤੇ ਇਕ ਦੂਸਰੇ ਨੂੰ ਮਾਰਨ ਕੁੱਟਣ ਲੱਗ ਪਏ, ਜੇ ਕਰ ਦਇਆ ਦਾ ਪੁੱਤਰ ਹੁੰਦਾ ਤਦ ਸਾਰੀ ਦੁਨੀਆਂ ਇਸ ਦਾ ਸਤਿਕਾਰ ਕਰਦੀ। ਸਭ ਕੋਈ ਇਸ ਨੂੰ ਭੇੜਿਆ-ਭੇੜਿਆ ਆਖਣ ਲੱਗ ਪਿਆ।

ਲਾਗੂ ਹੋਇ ਦੁਸਮਨਾ ਸਾਕ ਵੀ ਭਜ ਖਲੇ ॥

Give the dog bad name and kill him, ਉਹੀ ਗੱਲ ਹੈ, 'ਭੈੜਿਆ-ਭੈੜਿਆ' ਕਹਿ ਕੇ ਸਾਰੀ ਦੁਨੀਆਂ ਵਿਚ, ਇੰਨੇ ਸੁੰਦਰ ਧਰਮ ਵਾਲਿਆਂ ਨੂੰ ਮਾਰਨ ਵਾਲੇ ਉਠ ਖਲੋਤੇ।

ਚਾਹੇ ਅਸੀਂ ਧਰਮ ਦੇ ਆਗੂ ਬਣ ਗਏ ਨਿਸ਼ਕਾਮ ਸਾਧੂ, ਮਹਾਤਮਾਵਾਂ, ਗੁਰੂ-ਅੰਸ਼ਾਂ ਨੂੰ ਭੇੜਿਆਂ ਕਹਿ ਦਿਤਾ। ਮਹਾਰਾਜ ਦੇ ਬਚਨਾਂ ਨੂੰ ਕੇਵਲ ਮੱਥਾ ਟੇਕਣ ਨੂੰ ਰੱਖ ਲਿਆ (ਨਾ ਸੁਣਨਾ ਹੈ, ਨਾ ਪੜ੍ਹਨਾ ਹੈ, ਨਾ ਮੰਨਣਾ ਹੈ) ਤੇ ਹੋਇਆ ਕਿ :

ਪਰਮੇਸ਼ਰ ਤੇ ਭੁਲਿਆਂ ਵਿਆਪਨ ਸਭੇ ਰੋਗ ॥
ਬੇਮੁਖ ਹੋਏ ਰਾਮ ਤੇ ਲਗਨ ਜਨਮ ਵਿਜੋਗ ॥
ਖਿਨ ਮੇ ਕੋੜਏ ਹੋਇ ਗਇ ਜਿਤੜੇ ਮਾਇਆ ਭੋਗ ॥
ਵਿਚੁ ਨ ਕੋਇ ਕਰ ਸਕੈ ਕਿਸ ਤੇ ਰੋਵੇ ਰੋਜ ॥

ਗੁਰਮਤਿ ਨੂੰ ਛੱਡ ਗਏ ਹਾਂ, ਮਨਮੱਤ ਵਿਚ ਪੁੱਜ ਗਏ ਹਾਂ, ਇਹ ਹੀ ਬੇਦੀ ਸਾਹਿਬਜ਼ਾਦੇ, ਸਾਧੂ ਮਹਾਤਮਾ, ਅਜ ਜਗਤ ਵਿਚ ਗੁਰਦੁਆਰਿਆਂ ਦੀਆਂ ਇਮਾਰਤਾਂ ਕਾਇਮ ਕਰ ਰਹੇ ਹਨ ਅਤੇ ਪਾਤਸ਼ਾਹ ਦੇ ਮੱਤ ਨੂੰ ਵਿਚਰ ਰਹੇ ਹਨ। ਜਗਤ ਗੁਰੂ ਦੀ ਮਾਇਆ ਨੂੰ ਲੈ ਕੇ ਆਪਣੇ ਕਾਰਜਾਂ ਵਿਚ ਵਰਤ ਕੇ, ਜੋ ਅੰਨ੍ਹਾ ਬੋਲਾ ਬਣ ਚੁੱਕਾ ਹੈ। ਅਜ ਦੇ ਗੁਰਸਿੱਖ ਪ੍ਰਬੰਧਕ ਜਗਤ ਵਿਚ ਮਨਮੱਤ ਦਾ ਪ੍ਰਕਾਸ਼ ਕਰ ਰਹੇ ਹਨ ਤੇ ਨਿਸ਼ਕਾਮ ਸੇਵਾਦਾਰ ਛੱਡ ਕੇ ਆਪਣੇ ਤਨਖਾਹਦਾਰ ਮੁਲਾਜ਼ਮ ਰੱਖ ਕੇ ਝੂਠ ਦਾ ਪ੍ਰਚਾਰ ਕਰਵਾ ਰਹੇ ਹਨ ਅਤੇ ਭੋਲੀਆਂ-ਭਾਲੀਆਂ ਸੰਗਤਾਂ ਨੂੰ ਕੁਰਾਹੇ ਪਾ ਕੇ ਦੁੱਖਾਂ ਦੇ ਭਾਗੀ ਬਣਾ ਰਹੇ ਹਨ। ਇਸ ਸਮੇਂ ਨੂੰ ਵਿਚਾਰੋ ਅਤੇ ਬੇਨਤੀ ਨੂੰ ਪ੍ਰਵਾਨ ਕਰੋ :—

(1) ਗੁਰੂ ਨਾਨਕ ਪਾਤਸ਼ਾਹ ਨੂੰ ਆਪਣਾ ਹਾਜ਼ਰ ਨਾਜ਼ਰ ਗੁਰੂ ਜਾਣੋ।

(2) ਆਦਿ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਨੂੰ ਦਸਾਂ ਆਤਮਕ ਜੋਤਾਂ ਦਾ ਲਿਖਤੀ ਗਿਆਨ ਜਾਣੋ, ਜਿਸ ਨੂੰ ਪੜ੍ਹੋ, ਸੁਣੋ, ਹਿਰਦੇ ਵਸਾਉ।

(3) ਗੁਰੂ ਕੇ ਦਰਬਾਰ ਵਿਚ ਇਹਨਾਂ ਸਾਧੂ ਮਹਾਤਮਾ ਨੂੰ ਜੋ ਇਸ ਸਮੇਂ ਵੀ ਸੰਗਤਾਂ ਦੀ ਸੇਵਾ ਕਰ ਰਹੇ ਹਨ, ਇਹਨਾਂ ਅਸਥਾਨਾਂ ਦੀ ਸੰਭਾਲ ਕਰੋ।

(4) **Election** ਗੁਰਦੁਆਰਿਆਂ ਦੇ ਇੰਤਜ਼ਾਮ ਲਈ ਬੰਦ ਕਰ ਦਿਉ। ਅਕਾਲੀ ਪਾਰਟੀ, ਜੋ ਆਪ ਦੀ (**political**) ਕੌਮੀਅਤ ਦੀ ਪਾਰਟੀ ਹੈ, ਇਸ ਨੂੰ ਕਾਇਮ ਰੱਖੋ।

(5) ਧਰਮ ਨੂੰ ਦਇਆ ਦਾ ਪੁੱਤਰ ਹੀ ਰਹਿਣ ਦਿਉ। ਇਸ ਦੇ **protection** ਲਈ ਦਸਵੀਂ ਜੋਤ, ਸਹੀ ਰੂਪ ਵਿਚ ਪੰਜ ਪਿਆਰੇ, ਉਪਰੰਤ ਨਿਹੰਗ ਸਿੰਘਾਂ ਦੀ ਫੌਜ ਬਖਸ਼ੀ ਗਏ ਹਨ।

ਸਾਧੂ ਮਹਾਤਮਾ, ਪੰਜ ਪਿਆਰੇ, ਨਿਹੰਗ ਸਿੰਘ' ਬੇਦੀ ਸਾਹਿਬਾਨ, ਸੰਗਤਾਂ ਦੇ ਨਿਸ਼ਕਾਮ ਸੇਵਾਦਾਰ ਜੋ ਜਨਮ ਦੇ ਆਧਾਰ ਤੇ ਆਪਣੇ ਕਰਤਵ ਦੀ ਪਾਲਣਾ ਕਰਦੇ ਹਨ, ਕਿਸ਼ੇ ਵਸਤੂ ਦੀ ਇੱਛਾ ਨਹੀਂ ਰੱਖਦੇ। ਗੁਰੂ ਦੇ ਲੰਗਰ ਚਲਾਏ ਹਨ, ਗੁਰਬਾਣੀ ਦੀ ਪੂਜਾ ਕਰਦੇ ਹਨ ਤੇ ਦਰਸਾਂਦੇ ਹਨ। ਸੇਵਾ ਅਤੇ ਸਿਮਰਨ ਦੇ ਅੰਗ ਨੂੰ ਦ੍ਰਿੜ੍ਹ ਕਰਵਾ ਲੈਂਦੇ ਹਨ ਤਾਂ ਜੋ ਗੁਰਸਿੱਖ ਆਪਣਾ ਪੈਂਡਾ ਸੁਖਾਲੇ ਸਵਾਸੀਂ ਕੱਟ ਲਵੇ।

ਸੋ ਗੁਰੂ ਦੀ ਸੰਗਤੋ ! ਜਿਸ ਕਰਤਵ ਦੀ ਪਾਲਣਾ ਨਾਲ ਅਗੇ ਸੁਖੀ ਵੱਸੇ ਹੋ, ਉਹ ਮੁੜ ਦੁਹਰਾਉ, ਸੁਖ ਮਾਣੋ ਅਤੇ ਸੰਸਾਰ-ਸਾਗਰ ਵਿਚੋਂ ਸਿਮਰਨ ਦੇ ਆਧਾਰ ਤੇ ਤਰ ਜਾਉ।

"ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲ ਭਾਈ
ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲ ਜਵਾਈ
ਕਿਸ ਹੀ ਧੜਾ ਕੀਆ ਸਿਕਦਾਰ ਚੋਧਰੀ ਨਾਲ ਆਪਣੇ ਸਵਾਈ ॥
ਹਮਾਰਾ (ਗੁਰੂ ਨਾਨਕ ਪਾਤਸ਼ਾਹ) ਦਾ ਧੜਾ ਹਰ ਰਹਾ ਸਮਾਈ ॥"

ਹਰੀ ਦੇ ਧੜੇ ਵਿਚ ਸ਼ਾਮਲ ਹੋ ਜਾਉ ਤੇ ਸੁਖ ਮਾਣੋ।

ਸਤਿਨਾਮ ਸ੍ਰੀ ਵਾਹਿਗੁਰੂ ॥

# ਬਬਾਣੀਆਂ ਕਹਾਣੀਆਂ ਪੁੱਤ ਸਪੁੱਤ ਕਰੇਣ

( ਬਾਬਾ ਸਰਬਜੋਤ ਸਿੰਘ ਬੇਦੀ, ਊਨਾ ਸਾਹਿਬ )

ਇਸ ਮਹਾਂ ਵਾਕ ਦੇ ਅਨੁਸਾਰ ਜੋ ਆਇਆ ਹੈ ਇਸ ਸੰਸਾਰ ਵਿਚ ਉਸ ਨੇ ਇਕ ਦਿਨ ਜ਼ਰੂਰ ਜਾਣਾ ਹੈ। ਪਰ ਮਹਾਂਪੁਰਸ਼ ਮਰਦੇ ਨਹੀਂ ਉਹ ਚੋਲਾ ਬਦਲਿਆ ਕਰਦੇ ਹਨ।

"ਸੰਤ ਮੂਏ ਕਿਆ ਰੋਈਐ ਜੋ ਅਪਨੇ ਗ੍ਰਿਹਿ ਜਾਏ"

ਜੀਵਨ ਦਾਤਾ ਤਾਂ ਅਕਾਲ ਪੁਰਖ ਹੁੰਦਾ ਹੈ। 'ਬਾਪੂ' 'ਪਿਤਾ' ਉਸ ਅਕਾਲ ਪੁਰਖ ਦੇ ਹੁਕਮ ਵਿਚ ਭੇਜਿਆ ਹੋਇਆ ਇਕ ਸਾਧਨ ਹੈ ਜਿਸ ਰਾਹੀਂ ਉਹ ਇਨਸਾਨਾਂ ਨੂੰ ਰਾਹੇ ਪਾਂਦਾ ਹੈ। ਪਰ ਇਕ ਪਿਤਾ ਐਸਾ ਵੀ ਹੁੰਦਾ ਹੈ ਜੋ ਬੱਚਿਆਂ ਨੂੰ ਕੁਰਾਹੇ ਪਾ ਦਿੰਦਾ ਹੈ।

ਪਰ ਬਾਬਾ ਮਧਸੂਦਨ ਸਿੰਘ ਜੀ ਗੁਰੂ ਨਾਨਕ ਪਾਤਸ਼ਾਹ ਦੇ ਦਰਸਾਏ ਕਦਮਾਂ ਵਿਚ ਚੱਲਣ ਲਈ ਆਪਣੇ ਬੱਚਿਆਂ ਨੂੰ ਸਦਾ ਪ੍ਰੇਰਦੇ ਰਹੇ। ਉਹ ਗੁਰੂ ਨਾਨਕ ਦਾ ਖ਼ੂਨ ਸਨ ਅਤੇ ਬਾਬਾ ਸਾਹਿਬ ਸਿੰਘ ਜੀ ਦੇ ਜਾਨਸ਼ੀਨ ਸਨ। ਉਸ ਖ਼ੂਨ ਦੇ ਸਦਕੇ ਜ਼ਿੰਦਗੀ ਦੇ ਪੈਂਤੀ ਸਾਲ ਪਰਿਵਾਰ ਦੇ ਮੋਹ ਪਿਆਰ ਨੂੰ ਛੱਡ ਕੇ ਭੁੱਲੀਆਂ ਭਟਕੀਆਂ ਸੰਗਤਾਂ ਨੂੰ ਹੋਕਾ ਮਾਰ ਮਾਰ ਕੇ, ਅੰਧਕਾਰ 'ਚੋਂ ਕੱਢ ਕੇ, ਗੁਰੂ ਨਾਨਕ ਦੇ ਸੱਚੇ ਨਾਮ ਨਾਲ ਜੋੜ ਕੇ 'ਇਕੋ ਗੁਰ ਉਪਦੇਸ਼' ਰਾਹੀਂ ਸਿੱਧੇ ਰਸਤੇ ਪਾਂਦੇ ਰਹੇ। ਬੱਚੇ ਹੋਣ ਦੇ ਨਾਤੇ ਕਈ ਵਾਰੀ ਪਿਤਾ ਨਾਲ ਗਿਲੇ ਸ਼ਿਕਵੇ ਕਰਨੇ, ਕਈ ਵਾਰੀ ਆਖਣਾ, "ਸਭ ਕੁਝ ਹੁੰਦਿਆਂ ਸੁੰਦਿਆਂ ਕੀ ਮੰਗਤਿਆਂ ਵਾਲਾ ਕੰਮ ਫੜ੍ਹ ਲਿਆ ਹੈ। ਜ਼ਮੀਨ ਜਾਇਦਾਦ ਸਤਗੁਰ ਨੇ ਬੇਅੰਤ ਬਖਸ਼ੀ ਸੀ — ਅੱਜ ਵੀ ਕੋਈ ਕਮੀ ਨਹੀਂ" ਪਰ ਜਵਾਬ ਇਕੋ ਹੀ ਦੇਣਾ —"ਬੱਚਿਓ, ਆਪਣੀ ਹੋਂਦ ਨੂੰ ਨਾ ਭੁਲਾਓ, ਗੁਰੂ ਨਾਨਕ ਦਾ ਖ਼ੂਨ ਹੋ, ਸਭ ਤੋਂ ਉੱਚੇ ਦਰ ਘਰ ਵਿਚ ਸਤਿਗੁਰ ਨੇ ਜਨਮ ਬਖਸ਼ਿਆ ਹੈ, ਕਰਮ ਵੀ ਬਾਪੂ ਵਰਗੇ ਨਿਭਾਉਣੇ ਪੈਣਗੇ। ਬਾਬੇ ਨਾਨਕ ਦਾ ਰਾਹ ਛੱਡੋਗੇ ਤੇ ਦੁੱਖ ਪਾਉਗੇ।" ਇਹੀ ਸਿੱਖਿਆ ਬਾਬਾ ਜੀ ਨੇ ਅੰਤਮ ਸਮੇਂ ਤਕ ਦਾਸ ਨੂੰ ਦਰਸਾਈ।

ਉਹਨਾਂ ਦਾ ਅੰਤ ਜਲਦੀ ਹੀ ਆ ਗਿਆ — ਦਾਸ ਦਾ ਮੋਹ ਮਾਇਆ ਰਚਿਤ ਜੀਵਨ ਘੜੀ ਵਿਚ ਬਦਲ ਗਿਆ ਅਤੇ ਗੁਰੂ ਨਾਨਕ ਘਰ ਦੀਆਂ ਜ਼ਿੰਮੇਂਵਾਰੀਆਂ ਦਾ ਬੋਝ ਉੱਤੇ ਆ ਪਿਆ। ਅਗਿਆਨੀ ਸਾਂ – ਬਾਬਾ ਬੋਲ ਬਖਸ਼ਣ ਲੱ ਪਿਆ। ਉਹ ਜੀਵ ਜੋ ਸੰਗਤਾਂ ਦੇ ਦਰਸ਼ਨ ਚੰਦ ਪਲਾਂ ਲਈ ਵੀ ਨਹੀਂ ਸੀ ਕਰ ਸਕਦਾ, ਉਸ ਨੂੰ ਹੁਣ ਬੇਅੰਤ ਸਮੇ ਲਈ ਸੰਗਤਾਂ ਦੇ ਵਿਚ ਹੀ ਵਿਚਰਨਾ ਪੈ ਰਿਹਾ ਹੈ। ਜਿੱਥੇ ਬੋਲ ਵੀ ਮੁੱਖ ਵਿਚ ਨਹੀਂ ਸਨ ਆਉਂਦੇ, ਹੁਣ ਬਾਣੀ ਅ ਜਾਂਦੀ ਹੈ। ਗੁਰੂ ਨਾਨਕ ਘਰ ਦੀਆਂ ਬਖਸ਼ਿਸ਼ਾਂ ਹਨ, ਸੰਗਤ ਦਾ ਪ੍ਰਤਾਪ ਹੈ ਅਤੇ ਬਾਬਾ ਜੀ ਦੀਆਂ ਉਹਨਾਂ ਅਸੀਸਾਂ ਦ ਨਤੀਜਾ ਹੈ— "ਜੈਸੇ ਗੂੰਗੇ ਕੀ ਮਿਠਿਆਈ" ਇਹ ਮੇਰੀ ਸਮਝ ਤੋਂ ਬਾਹਰ ਹੈ।

ਬਾਬਾ ਜੀ ਦਾ ਜੀਵਨ, ਗੋਸਵਾਮੀ ਤੁਲਸੀ ਦਾਸ ਜੀ ਦੇ ਕਥਨ ਅਨੁਸਾਰ :—

ਜਬ ਤੁਮ ਜਗਤ ਮੇਂ ਆਏ, ਜੱਗ ਹੰਸਾ ਤੁਮ ਰੋਇ,
ਐਸੀ ਕਰਨੀ ਕਰ ਚਲੋ ਤੁਮ ਹੰਸੈ ਜੱਗ ਰੋਏ ॥

ਐਸਾ ਹੀ ਜੀਵਨ ਤੇ ਅੰਤ ਸੀ, ਬਾਬਾ ਜੀ ਦਾ ।

ਬਾਬਾ ਜੀ ਨਿਡਰ, ਬੇਖੌਫ ਸੱਚ ਬੋਲਦੇ । ਕਥਨੀ ਤੇ ਕਰਨੀ ਦੇ ਧਨੀ ਸਨ, ਔਰ ਕਿਉਂ ਨਾ ਹੁੰਦੇ—ਆਖਰ ਗੁਰੂ ਨਾਨਕ ਦਾ ਖੂਨ ਸਨ ਅਤੇ ਪੰਥ ਦੀ ਮਹਾਨ ਹਸਤੀ ਗੁਰੂ ਨਾਨਕ ਪਾਤਸ਼ਾਹ ਦੀ ਗਿਆਰਵੀਂ ਸੰਤਾਨਕ ਸੰਤ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਦੀ ਗੱਦੀ ਦੇ ਵਾਰਿਸ ਸਨ । ਉਹ ਬਾਬਾ ਸਾਹਿਬ ਸਿੰਘ ਜੋ ਆਪਣੇ ਸਮੇਂ ਵਿਚ "ਸਿੱਖ ਕੌਮ ਦੇ ਬਾਪੂ" ਤੇ ਸਿੱਖ ਧਰਮ ਦੇ ਮਹਾਨ ਬਿਬੇਕੀ ਮਹਾਂਪੁਰਸ਼ ਅਖਵਾਏ ਗਏ । ਇਨਕਲਾਬੀ ਤੇ ਸੁਤੰਤ੍ਰ ਬਾਬਾ ਬਿਕ੍ਰਮਾ ਸਿੰਘ ਜੀ ਦੇ ਜੀਵਨ ਦਾ ਵੱਡਮੁੱਲਾ ਅਸਰ ਬਾਬਾ ਜੀ ਤੇ ਸੀ, ਜਿਹਨਾਂ ਨੇ ਆਪਣਾ ਸਭ ਕੁੱਝ ਗਵਾ ਲਿਆ ਪਰ ਅੰਗ੍ਰੇਜ਼ ਸਰਕਾਰ ਦੀ ਈਨ ਨਾ ਮੰਨੀ । ਕਿਲ੍ਹੇ, ਮਹੱਲ ਮਾੜੀਆਂ ਢਵਾ ਕੇ ਜੀਵਨ ਦਾ ਅੰਤਮ ਸਮਾਂ ਅੰਗ੍ਰੇਜ਼ਾਂ ਦੀ ਨਜ਼ਰਬੰਦੀ ਵਿਚ ਬਤੀਤ ਕੀਤਾ । ਬਾਬਾ ਜੀ ਨੇ ਇਹੀ ਡਿੱਗਿਆ ਢੱਠਿਆ ਘਰ ਬਚਪਨ ਤੋਂ ਲੈ ਕੇ ਅੰਤ ਸਮੇਂ ਤਕ ਮੁੜ ਪੈਰਾਂ ਤੇ ਖੜ੍ਹਾ ਕੀਤਾ ।

ਜਿਵੇਂ ਇਕ ਮਹਾਂਪੁਰਸ਼ ਨੇ ਸ਼ਰਧਾਂਜਲੀ ਵਿਚ ਬੜਾ ਸੱਚਾ ਆਖਿਆ ਹੈ :

"ਗੁਰੂ ਨਾਨਕ ਦਾ ਮੂਧਾ ਪਿਆ ਘਰ, ਬਾਬਾ ਜੀ ਸਿੱਧਾ ਕਰ ਗਏ ਨੇ ।"

ਸਿਹਤ ਨਾ ਹੁੰਦਿਆਂ ਹੋਏ ਵੀ ਘਰ ਘਰ, ਦੇਸ਼ ਵਿਦੇਸ਼ ਨਾਮ ਸਿਮਰਨ ਲਈ ਸੰਗਤਾਂ ਨੂੰ ਪ੍ਰੇਰਦੇ ਰਹੇ । ਆਖਦੇ ਹੁੰਦੇ ਕਿ, "ਐਹ ਦੁਨੀਆਂ ਦੇ ਲੋਕੋ ! ਮੌਤ ਸੱਚ ਹੈ, ਜੀਵਨ ਝੂਠਾ ਹੈ । ਮਾਨਸ ਜਨਮ ਦਾ ਲਾਹਾ ਲੈਣਾ ਹੈ ਤੇ ਗੁਰੂ ਨਾਨਕ ਦੇ ਝੰਡੇ ਥੱਲੇ ਆ ਜਾਓ । ਧੜਿਆਂ ਵਿਚ ਵੰਡੇ ਹੋਇਓ, ਗੁਰੂ ਨਾਨਕ ਨੂੰ ਆਪਣਾ ਗੁਰੂ ਜਾਣੋ । ਦਸ ਗੁਰੂ ਨਾਨਕ ਬਚਨਾਂ ਦੇ ਭੰਡਾਰ—ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਆਪਣਾ ਹਾਜ਼ਰ ਨਾਜ਼ਰ ਗੁਰੂ ਜਾਣੋ ।" ਗੁਰਬਾਣੀ ਦੇ ਇਸ ਮਹਾਂ ਵਾਕ ਨੂੰ ਧੜਿਆਂ ਵਿਚ ਬਟੀ ਹੋਈ ਸੰਗਤਾਂ ਨੂੰ ਦਰਸਾਂਦੇ ਰਹੇ :—

"ਕਿਸ ਹੀ ਧੜਾ ਕੀਆ ਮਿੱਤ ਸੁੱਤ ਨਾਲ ਭਾਈ ।
ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲ ਜਵਾਈ ।
ਕਿਸ ਹੀ ਧੜਾ ਕੀਆ ਸਿਕਦਾਰ ਚੌਧਰੀ ਨਾਲ ਆਪਣੇ ਸਵਾਈ ।
ਹਮਾਰਾ ਧੜਾ ਹਰਿ ਰਿਹਾ ਸਮਾਈ ।"

ਕਹਿਣ ਦਾ ਭਾਵ ਕਿ ਹਰੀ ਦੇ ਧੜੇ ਥੱਲੇ ਆ ਜਾਓ ਜੇ ਅੱਜ ਸੁੱਖ ਪਾਣਾ ਹੈ । ਸੰਗਤਾਂ ਨੂੰ ਮੈਂ ਮੇਰੀ ਤੋਂ ਬਚਣ ਲਈ ਸਦਾ ਪ੍ਰੇਰਦੇ ਅਤੇ ਆਖਦੇ :

"ਜਬ ਲਗ ਮੇਰੀ ਮੇਰੀ ਕਰੇ ।
ਤਬ ਲਗ ਕਾਜ ਏਕ ਨਾ ਸਰੇ ।
ਜਬ ਮੇਰੀ ਮੇਰੀ ਮਿਟ ਜਾਏ ।
ਤਬ ਪ੍ਰਭ ਕਾਜ ਸਵਾਰੇ ਆਏ ।"

ਅੱਜ ਦੀ ਕੌਮ ਦੀ ਹਾਲਤ ਬਾਰੇ ਆਖਦੇ ਹੁੰਦੇ ਸਨ— "ਕੌਮ ਵਿਚ ਕਸ਼ਟ ਇਸ ਕਰ ਕੇ ਹੈ ਕਿਉਂਕਿ ਅਸੀਂ ਗੁਰੂਆਂ ਦੇ ਦਰਸਾਏ ਕਦਮਾਂ ਤੋਂ ਭਟਕ ਚੁੱਕੇ ਹਾਂ । ਏਕਾ ਤੇ ਈਮਾਨ ਨਹੀਂ ਹੈ ਸਾਡਾ, ਧੜਿਆਂ ਵਿਚ ਬਟੇ ਹੋਏ ਹਾਂ । ਸਿੰਘ ਤਾਂ ਬਣ ਗਏ ਹਾਂ ਪਰ ਸਿੱਖ ਕੈਸਾ ਹੋਣਾ ਚਾਹੀਦਾ ਹੈ, ਇਸ ਵੱਲ ਕੋਈ ਧਿਆਨ ਹੀ ਨਹੀਂ ਸਾਡਾ । ਨਾਮ ਸਿਮਰਨ ਵੱਲ ਧਿਆਨ

ਨਹੀਂ ਕਰਦੇ। ਜੇ ਬਚਣਾ ਹੈ ਤੇ ਜ਼ਿੰਦਗੀ 'ਚ ਨਾਮ ਸਿਮਰਨ ਨੂੰ ਅਧਾਰ ਬਣਾਓ। ਜਿਵੇਂ ਬਾਬਾ ਬਾਣੀ ਵਿਚ ਤੜਪ ਆਖਦਾ ਹੈ :—

"ਕਲੂ ਆਇਓ ਰੇ ਕਲੂ ਆਇਓ ਰੇ
ਇਕ ਨਾਮ ਬੋਵੋ ਬੋਵੋ,
ਆਨ ਰੁੱਤ ਨਾਹੀਂ ਨਾਹੀਂ
ਮਤਿ ਭਰਮ ਭੂਲੋ ਭੂਲੋ।"

ਅਤੇ ਮਹਾਰਾਜ ਦੀ ਬਾਣੀ ਵਿਚੋਂ ਇਹ ਮਹਾਂ ਵਾਕ ਦਰਸਾਇਆ ਕਰਦੇ ਸਨ :—

"ਸੋਧਤ ਸੋਧਤ ਸੋਧਤ ਸੀਝਿਆ, ਗੁਰ ਪ੍ਰਸਾਦਿ ਤਤਿ ਸਭ ਬੂਝਿਆ ॥
ਜਬ ਦੇਖਿਓ ਤਬ ਸਭ ਕੁਝ ਮੂਲ, ਨਾਨਕ ਸੋ ਸੂਖਮ ਸੋਈ ਅਸਥੂਲ ॥"

ਨਾਮ ਸਿਮਰਨ ਦੇ ਜਾਪ ਤੇ ਬੜਾ ਜ਼ੋਰ ਦੇਂਦੇ ਹੁੰਦੇ ਸਨ। ਮਹਾਰਾਜ ਦੀ ਬਾਣੀ ਵਿਚੋਂ ਇਹ ਤੁਕ ਤੋਂ ਪ੍ਰੇਰਨਾ ਲੈਂਦੇ ਸਨ ਆਪਣੇ ਪ੍ਰਚਾਰ ਦਾ ਅਧਾਰ ਬਣਾਂਦੇ ਸਨ :—

"ਸਿਮਰਤ ਵੇਦ ਪੁਰਾਨ ਪੁਕਾਰਨ ਪੋਥਿਆਂ,
ਨਾਮ ਬਿਨਾ ਸਭ ਕੂੜ ਗਾਲੀ ਹੋਛੀਆਂ ॥"

ਕੰਨਾਂ ਵਿਚ 'ਕੰਨਾਂ ਮਨਾਂ ਕੁਰਰ' ਦਾ ਗੁਰਮੰਤਰ ਬੰਦ ਕਰ, ਸੰਗਤਾਂ ਨੂੰ ਖੁੱਲ੍ਹੇ ਰੂਪ ਵਿਚ ਛਾਪ-ਛਾਪ ਕੇ ਵੰਡਦੇ ਰਹੇ ਤੇ ਅ ਨਾਮ ਵੰਡਣ ਵਾਲਿਆਂ ਦੀ ਹੱਟੀ ਬੰਦ ਕਰਾ ਕੇ— "ਤੇਰਾ ਇਕ ਨਾਮ ਤਾਰੇ ਸੰਸਾਰ" ਦੀ ਧੁਨੀ ਸੰਗਤਾਂ ਪਹੁੰਚਾਉਂਦੇ ਰਹੇ।

ਸਿਆਸਤ ਬਾਰੇ ਕਦੀ ਗੱਲ ਚੱਲਣੀ ਤੇ ਇਕ ਗੱਲ ਬੜੀ ਤੜਪ ਕੇ ਆਖਦੇ ਕਿ : "ਸਿਆਸਤ ਤੇ ਧਰਮ ਮਿਸ਼ਨ ਦੀ ਬੈਲਾਂ ਦੀ ਜੋੜੀ ਹੈ— ਇਹ ਅਲੱਗ ਕਦੇ ਨਹੀਂ ਹੋ ਸਕਦੇ, ਪਰ ਕੌਮ ਦੇ ਆਗੂਆਂ ਨੂੰ ਬੇਨਤੀ ਕਰਦੇ ਸਨ ਜੇ ਧਰਮ ਨੂੰ ਸਿਆਸਤ ਦਾ ਆਧਾਰ ਮੰਨੋਂਗੇ ਤੇ ਕੌਮ ਦੀ ਚੜ੍ਹਦੀ ਕਲਾ ਹੋਵੇਗੀ। ਵੋਟਾਂ ਵਾਸਤੇ ਧਰਮ ਨੂੰ ਨਾ ਵਰਤੋ।"

ਆਪਣੇ ਜੀਵਨ ਵਿਚ ਸੰਗਤ ਤੇ ਸਮਾਜ ਵਿਚ ਬੇਅੰਤ ਸੇਵਾਵਾਂ ਕਰ ਗਏ ਹਨ। ਮਨਸੂਰਾਂ ਦਾ ਅਸਥ ਹਸਪਤਾਲ ਤੇ ਅਨੇਕ ਅਸਥਾਨਾਂ ਦੀ ਸੇਵਾ ਮੁਕੰਮਲ ਕਰ ਗਏ ਹਨ।

ਵੱਡੀ ਕਮਾਈ ਜੋ ਮੈਂ ਥੋੜ੍ਹੇ ਸਮੇਂ ਵਿਚ ਮਹਿਸੂਸ ਕੀਤੀ ਹੈ ਸੰਗਤਾਂ ਅਤੇ ਮਹਾਂਪੁਰਸ਼ਾਂ ਦਾ ਵੱਡਮੁੱਲਾ ਸਹਿਯੋਗ ਪਿਆਰ। ਇਹੀ ਬਾਬਾ ਜੀ ਦਾ ਅਤੁੱਟ ਖਜ਼ਾਨਾ ਸੀ। ਸੰਗਤਾਂ ਦੀ ਦਿੱਤੀ ਮਾਇਆ ਨੂੰ ਸੰਖੀਆ ਸਮਝਦੇ ਸਨ ਤੇ ਅ ਗੁਰਧਾਮਾਂ ਤੇ ਯੋਗ ਖ਼ਰਚ ਕਰਦੇ ਰਹੇ। ਆਪਣੇ ਪਰਿਵਾਰ ਨੂੰ ਵੀ ਏਹੀ ਸਿੱਖਿਆ ਦੇਂਦੇ ਰਹੇ ਕਿ ਆਪਣੇ ਹੱਥੀਂ ਕਿ ਕਰ ਕੇ ਆਪਣੇ ਪਰਿਵਾਰਕ ਖ਼ਰਚੇ ਚਲਾਓ ਤੇ ਦਸਵੰਦ ਕੱਢ ਕੇ ਗੁਰੂ ਕਾਰਜਾਂ ਤੇ ਲਗਾਓ।

ਜੋ ਪਿਆਰ ਦਾ ਖਜ਼ਾਨਾ ਛੱਡ ਗਏ ਹਨ, ਦਾਸ ਉਸੇ ਦੇ ਸਦਕੇ ਹੀ ਅਤੇ ਮਹਾਂਪੁਰਸ਼ਾਂ ਤੇ ਸਾਧ ਸੰਗਤ ਦੀ ਅਸੀ ਦੇ ਸਹਾਰੇ ਪਿਤਾ ਪੁਰਖੀ ਨਿਭਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਸਨ ਆਪ ਦੇ ਬਾਬਾ ਜੀ – ਅਤੇ ਦਾਸ ਦੇ ਪਿਤਾ ਜਿਹਨਾਂ ਬਾਰੇ ਅਦਨੇ ਤੋਂ ਅਦਨਾ ਸੇਵਕ ਵੀ ਬੜੀ ਨਜ਼ਦੀਕੀ ਮਹਿਸੂਸ ਕਰਦਾ ਸੀ। ਅਸੀਂ ਆਖਦੇ ਸਾਂ ਕਿ ਅਸੀਂ ਬਾ ਜੀ ਦੇ ਪਰਿਵਾਰ ਹੋਣ ਦੇ ਨਾਤੇ ਉਹਨਾਂ ਦੇ ਨਜ਼ਦੀਕ ਹਾਂ, ਪਰ ਬਾਬਾ ਜੀ ਦਾ ਪਰਿਵਾਰ ਤੇ ਸਾਰੀ ਸੰਗਤ ਹੀ ਸੀ।

ਸਤਿ ਨਾਮ ਸ੍ਰੀ ਵਾਹਿਗੁਰੂ ਨਾਮ ਚਿਤ ਆਵੇ।

# ਮੇਰਾ ਨਿਮਾਣਾ ਬਾਪੂ

(ਬੀਬਾ ਸਵਰਨੀਕ ਕੌਰ, ਦਿੱਲੀ)

"ਤੇਰਾ ਨਿਮਾਣਾ ਬਾਪੂ" ਲਿਖ ਕੇ ਖ਼ਤ ਬੰਦ ਕਰ ਦਿਤਾ, ਮੈਂ ਸੋਚਦੀ ਰਹਿ ਗਈ ਕਿ ਆਪਣੇ ਆਪ ਨੂੰ "ਨਿਮਾਣਾ" "ਕੂਕਰ", "ਗੁਨਾਹਗਾਰ" ਕੌਣ ਕਹਿ ਸਕਦਾ ਹੈ...? ਸਿਰਫ਼ ਉਹ ਜੋ ਆਪਣੇ ਆਪ ਨੂੰ ਗੁਰੂ ਨਾਨਕ ਘਰ ਦਾ ਦਾ ਸਮਝਦਾ ਹੋਵੇ...ਉਹ ਕੌਣ — "ਮੇਰਾ ਬਾਪੂ।" ਜੋ ਕਿ ਜੀਵਨ ਦਾ ਹਰ ਪਲ ਵਾਹਿਗੁਰੂ ਦਾ ਸ਼ੁਕਰਾਨਾ ਕਰ ਕੇ ਬਿਤਾਉਂਦੇ ਸਨ। ਅਸੀਂ ਮਜ਼ਾਕ ਕਰਨਾ ਕਿ, ਤੁਸੀਂ ਗੱਲਾਂ ਕਰਦੇ ਹੋ ਤਦ ਵੀ ਤੁਹਾਡੀ ਮਾਲਾ ਦੇ ਮੋਤੀ ਚੱਲਦੇ ਨੇ"। ਉਹਨ ਅੱਗੋਂ ਕਹਿਣਾ—

"ਬੱਚੀਏ! ਇਤਨੀ ਆਦਤ ਪੈ ਗਈ ਹੈ ਕਿ ਆਪਣੇ-ਆਪ ਹੀ ਹੱਥ ਚੱਲਦੇ ਰਹਿੰਦੇ ਨੇ। ਜਿਵੇਂ ਜਦੋਂ ਚੁੱ ਹੋਵਾਂ ਤਾਂ ਜ਼ੁਬਾਨ ਤੇ ਗੁਰਮੰਤਰ ਦਾ ਪਾਠ ਚੱਲਦਾ ਰਹਿੰਦਾ ਹੈ।" ਜਦੋਂ ਸੁੱਤੇ ਹੁੰਦੇ ਸਨ —ਕਿਸੇ ਵਕਤ ਕਰਵਟ ਬਦਲਣ ਤਦ ਵੀ "ਵਾਹਿਗੁਰੂ" ਦਾ ਨਾਮ ਹੀ ਸੁਣਾਈ ਦੇਣਾ। ਪਰਚਾਰ ਵੀ ਇਹੀ ਕਰਦੇ ਸਨ ਕਿ — "ਸਵਾਸ ਸਵਾਸ ਵਾਹਿਗੁ ਨੂੰ ਯਾਦ ਕਰੋ।"

ਉਹਨਾਂ ਦੀ ਆਵਾਜ਼ ਅੱਜ ਵੀ ਕੰਨਾਂ ਵਿਚ ਗੂੰਜਦੀ ਹੈ, ਹਮੇਸ਼ਾਂ ਉਹ ਜ਼ਿੰਦਗੀ ਵਿਚ ਮੌਜੂਦ ਰਹਿਣਗੇ। ਹਰ ਘੜ ਹਰ ਕੰਮ, ਹਰ ਕਦਮ ਉਹਨਾਂ ਦੇ ਵਿਚਾਰ ਅਤੇ (ਅਨਮੋਲ ਬਚਨਾਂ ਦੀ) ਯਾਦ ਆਉਂਦੀ ਹੈ। ਬਾਰ ਬਾਰ ਉਹ 14 ਮਾਰ ਦੀ ਰਾਤ ਅਤੇ 15 ਮਾਰਚ ਦਾ ਦਿਹਾੜਾ ਅੱਖਾਂ ਬੰਦ ਕਰ ਕੇ ਦੁਹਰਾਨਾ ਪੈਂਦਾ ਹੈ ਤੇ ਫੇਰ ਹੀ ਯਕੀਨ ਆਉਂਦਾ ਹੈ ਸਾਨੂੰ ਇਸ ਦੁਨੀਆਂ ਵਿਚ ਲਿਆਉਣ ਵਾਲੇ ਹੁਣ ਨਹੀਂ ਹਨ। ਪਰ ਜੋ ਉਹ ਸਨ- ਉਹ ਸਦਾ ਜ਼ਿੰਦਾ ਰਹਿਣਗੇ।

ਉਨ੍ਹਾਂ ਦਾ ਗੁਰੂ ਨਾਨਕ ਪਾਤਿਸ਼ਾਹ ਵਿਚ ਇਤਨਾ ਅਟੁੱਟ ਵਿਸ਼ਵਾਸ ਸੀ, ਕਿ ਕੁੱਝ ਵੀ ਕਰਨ ਤੋਂ ਪਹਿਲਾਂ, ਗੁਰੂ ਦਾ ਹੁਕਮ ਲਏ ਬਗੈਰ ਕਦਮ ਨਹੀਂ ਸੀ ਪੁੱਟਦੇ। ਕਦੀ ਦੁਨਿਆਵੀ ਜੀਵਾਂ ਤੋਂ ਨਿਰਾਸ਼ ਹੋਣਾ ਤਾਂ ਕਹਿਣਾ — "ਚਲੋ ਲੀਂ", ਕੋਈ ਤਕਲੀਫ਼ ਆਉਣੀ ਤਾਂ ਇਕ ਹੀ ਅਰਦਾਸ ਹੋਣੀ। "ਦਾਤਾਰ ਭਾਣਾ ਮੰਨਣਾ ਦਾ ਬਲ ਬਖਸ਼ੀਂ, ਆਪ ਜਾ ਵਿਚ ਖੁਸ਼ ਰੱਖੀਂ।" ਕਦੀ ਨੁਕਸਾਨ ਹੋਵੇ ਤਾਂ ਕਹਿਣਾ: "ਸਤਿਗੁਰੂ ਭਲਾ ਕਰੇਗਾ।" ਜਦੋਂ ਖੁਸ਼ ਹੋਣਾ ਤਦ ਲ ਪਲ "ਦੇਵਣਹਾਰ ਦਾਤਾਰ" ਦਾ ਸ਼ੁਕਰਾਨਾ ਕਰਦੇ। 1987 ਵਿਚ ਜਦੋਂ ਬੀਮਾਰ ਹੋਏ ਤਾਂ ਸੰਪਠ ਪਾਠ ਦੀ ਤੁਕ ਹਰਿ ਹਰਿ ਕਰਤ ਮਿਟੇ ਸਭ ਭਰਮਾ..." ਸੀ।

ਸਾਡਾ "ਨਿਮਾਣਾ ਬਾਪੂ" ਇਤਨਾ ਮਹਾਨ ਆਤਮਾ ਸੀ ਕਿ ਉਨ੍ਹਾਂ ਦੀ ਵਡਿਆਈ ਵਿਚ ਹੀ ਅਸੀਂ ਫਲਦੇ ਫੁੱ , ਸਾਨੂੰ ਮਾਣ ਹੈ ਕਿ ਅਸੀਂ ਨਾਚੀਜ਼ ਇਤਨੇ ਮਹਾਨ "ਬਾਪੂ" ਦੇ ਬੱਚੇ ਹਾਂ। ਨਹੀਂ ਤਾਂ ਜਿਵੇਂ ਉਹ ਕਹਿਆ ਕਰ ਨ, "ਹਮ ਰੁਲਤੇ ਫਿਰਤ ਕੋਈ ਬਾਤ ਨਾ ਪੂਛਤਾ"...ਵਾਲਾ ਹੀ ਸਾਡਾ ਹਾਲ ਹੋਣਾ ਸੀ। ਦੁਨੀਆਂ ਵਿਚ ਕਿਤੇ ਓ— ਕੋਈ ਜ਼ਰੂਰ ਟੱਕਰੇਗਾ ਜੋ ਉਨ੍ਹਾਂ ਨੂੰ ਜਾਣਦਾ ਹੋਵੇ। ਆਪਣੇ ਦ੍ਰਿੜ੍ਹ ਵਿਸ਼ਵਾਸ ਦੇ ਸਹਾਰੇ ਉਹ ਸਾਰੀ ਦੁਨੀਆਂ ਵਿ

ਬਾਬੇ ਨਾਨਕ ਦਾ ਨਾਮ ਰੋਸ਼ਨ ਕਰਦੇ ।

ਹਰ ਇਕ ਨੂੰ ਇਤਨਾ ਪਿਆਰ ਜਤਲਾਉਂਦੇ ਸਨ ਕਿ ਸਭ ਆਪਣੇ ਆਪ ਨੂੰ ਉਹਨਾਂ ਦੇ ਨਾਲ ਨਿਕਟ ਸਮਝਦੇ ਉਨ੍ਹਾਂ ਦੀਆਂ ਅਸੀਸਾਂ – "ਵਾਹਿਗੁਰੂ ਅੰਗ ਸੰਗ ਸਹਾਈ", "ਵਾਲ ਨਾ ਵਿੰਗਾ ਹੋਇਆ, ਸੱਚੇ ਦਾ ਸੱਚਾ ਢੋਇਆ", "ਵਾਹਿਗੁਰੂ ਆਪਣੇ ਚਰਨਾਂ ਦਾ ਮੁਹਤਾਜ ਬਣਾਈਂ, ਜਣੇ ਕਣੇ ਦਾ ਮੁਹਤਾਜ ਨਾ ਕਰੀਂ", "ਮਿਹਰ ਦੀ ਨਿਗਾਹ ਰੱਖੀਂ, ਲੋੜ ਦੀ ਥੋੜ੍ਹ ਨਾ ਦਵੀਂ, ਹਮੇਸ਼ਾਂ ਨਾਮ ਦਾਨ, ਭਰੋਸਾ ਦਾਨ" ਮੰਗਣਾ । ਜ਼ਿੰਦਗੀ ਦੇ ਆਖ਼ਰੀ ਮਹੀਨੇ "ਤੂੰ ਕਾਹੇ ਡੋਲੇ ਪ੍ਰਾਣੀਆਂ ਤੁਧ ਰਾਖੇਗਾ ਸਿਰਜਣ ਹਾਰ" ਕਹਿ ਕੇ ਹੀ ਬਿਤਾਏ ।

ਸੱਚਾਈ ਅਤੇ ਸੱਤ ਵਿਚ ਇਤਨਾ ਵਿਸ਼ਵਾਸ ਸੀ ਕਿ ਵਾਹਿਗੁਰੂ ਤੋਂ ਬਾਝੋਂ ਕਿਸੇ ਦਾ ਡਰ ਨਹੀਂ ਸੀ । ਅੱਜ ਕਲ੍ਹ ਲੋਕ ਆਪਣੇ ਨਾਲ ਪਹਿਰੇਦਾਰ ਰੱਖਦੇ ਹਨ, ਪਰ ਬਾਬਾ ਜੀ ਦੀ ਇਕ ਹੀ ਅਰਦਾਸ ਸੀ – "ਵਾਹਿਗੁਰੂ ਸ਼ਹੀਦ ਸਿੰਘਾਂ ਦੀਆਂ ਫੌਜਾਂ ਬਖਸ਼ੀਂ ਰੱਖੀਂ, ਜੋ ਅੜੇ ਸੋ ਝੜੇ ਤੇਰੇ ਨਾਮ ਦਾ ਪ੍ਰਤਾਪ..." ਇਸੀ ਸ਼ਕਤੀ ਦੇ ਸਹਾਰੇ ਉਹ ਦੁਨੀਆਂ ਦਾ ਕੋਨਾ ਕੋਨਾ ਘੁੰਮ ਲੈਂਦੇ ।

ਕੋਈ ਵਕਤ ਸੀ ਔਖਾ ਸਾਹ ਲੈਣਾ ਤਾਂ ਉਨ੍ਹਾਂ ਪੁੱਛਣਾ : "ਬੱਚੀਏ, ਕਿਉਂ ਹੌਕਾ ਭਰਿਆ ?" ਕਦੇ ਉਦਾਸ ਹੋਣਾ ਕੋਈ ਔਕੜ ਆਉਣੀ ਤਾਂ ਪਤਾ ਨਹੀਂ ਕਿਵੇਂ ਉਨ੍ਹਾਂ ਨੂੰ ਪਤਾ ਲੱਗ ਜਾਣਾ । ਕਿਉਂਕਿ ਜ਼ਰੂਰ ਉਸ ਦਿਨ ਕੋਈ ਸੁਨੇਹਾ, ਚਿੱਠੀ, ਟੈਲੀਫੋਨ ਆ ਜਾਣਾ । ਪਰ ਹੁਣ ਮੇਰੇ "ਨਿਮਾਣੇ ਬਾਪੂ" ਦੀਆਂ ਅਸੀਸਾਂ, ਅਰਦਾਸਾਂ ਦੇ ਸਦਕਾ ਹੀ ਇਹ ਜ਼ਿੰਦਗੀ ਕੱਟੇਗੀ । ਅੱਖਾਂ ਸਦਾ ਉਨ੍ਹਾਂ ਨੂੰ ਲੱਭਦੀਆਂ ਨੇ...ਤੇ ਕੰਨਾਂ ਵਿਚ ਸਦਾ ਉਨ੍ਹਾਂ ਦੀ ਆਵਾਜ਼ ਗੂੰਜਦੀ ਹੈ......।

# ਬਾਬਾ ਮਧੁਸੂਦਨ ਸਿੰਘ ਜੀ ਊਨਾ ਸਾਹਿਬ

(ਜਗਜੀਤ ਸਿੰਘ, ਐਕਸ-ਮੈਨੇਜਰ, ਊਨਾ)

ਬੇਦੀ ਕੁਲ ਭੂਸ਼ਨ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਇਕ ਮਹਾਨ ਸ਼ਖਸੀਅਤ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਲ੍ਹਵੇਂ ਸੰਤਾਨਕ ਜੋਤ, ਪਿਤਾ ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ ਦੇ ਘਰ, ਮਾਤਾ ਜਸਵੰਤ ਕੌਰ ਜੀ ਦੀ ਪਵਿਤ੍ਰ ਕੁਖੋਂ ਸੰਮਤ 1978 ਮੁਤਾਬਿਕ ਸੰਨ 1921 ਈਸਵੀ ਨਾਨਕੇ ਘਰ ਬਤਾਲਾ (ਅੱਜ ਕਲ੍ਹ ਪਾਕਿਸਤਾਨ) ਵਿਚ ਜਨਮ ਹੋਇਆ । ਆਪ ਜੀ ਛੋਟੀ ਅਵਸਥਾ ਤੋਂ ਹੀ ਬੜੇ ਹੋਣਹਾਰ, ਰੋਸ਼ਨ ਦਿਮਾਗ਼ ਅਤੇ ਲੋਕ ਪ੍ਰਿਯ ਸਨ । ਆਪ ਜੀ ਸੰਗਤਾਂ ਦੇ ਅਤਿ ਹੀ ਹਰਮਨ ਪਿਆਰੇ ਰਹੇ । ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ (ਗਿਆਰਵੀਂ ਸੰਤਾਨਕ ਜੋਤ ਧੰਨ ਗੁਰੂ ਨਾਨਕ ਪਾਤਸ਼ਾਹ ਦੀ) ਉਪਰੰਤ ਸਿੱਖੀ ਦੀ ਮਹਾਨ ਵ੍ਰਿਧੀ ਕੀਤੀ । ਇਥੇ ਇਹ ਦਸਣਾ ਅਤਿ ਹੀ ਅਵੱਸ਼ਕ ਹੋਵੇਗਾ ਕਿ ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਆਪਣੇ ਕਰ ਕਮਲਾਂ ਨਾਲ ਰਾਜਤਿਲਕ ਬਖਸ਼ਿਆ ਅਤੇ ਸਿੱਖ ਰਾਜ ਕਾਇਮ ਕਰਨ ਵਿਚ ਮਹਾਨ ਯੋਗਦਾਨ ਪਾਇਆ । ਉਨ੍ਹਾਂ ਦੀ ਹੀ ਅੱਗੋਂ ਪੰਜਵੀਂ ਪੀੜ੍ਹੀ, ਸ੍ਰੀ ਬਾਬਾ ਮਧੁਸੂਦਨ ਸਿੰਘ ਜੀ ਨੇ ਉਸ ਪਰੰਪਰਾ ਨੂੰ ਮੁੱਖ ਰੱਖਦੇ ਹੋਏ ਗੁਰਸੰਗਤਾਂ ਦੀ ਭਰਪੂਰ ਅਗਵਾਈ ਕੀਤੀ । ਸੇਵਾ ਸਿਮਰਨ ਅਤੇ ਪਿਆਰ ਨੂੰ ਮੁੱਖ ਕਰਤੱਵ ਬਣਾ ਲਿਆ । ਆਪ ਜੀ ਨੇ ਚੀਫ ਕਾਲਜ ਲਾਹੌਰ, 1939 ਤਕ ਵਿਦਿਆ ਪ੍ਰਾਪਤ ਕਰਨ ਤੋਂ ਉਪਰੰਤ ਗੁਰਮਤਿ ਵਿਚ

ਨਿਪੁੰਨ ਹੋਏ। ਆਪ ਦੇ ਪਿਤਾ ਸ੍ਰੀ ਬਾਬਾ ਦੇਵਿੰਦਰ ਸਿੰਘ ਜੀ ਮਹਾਰਾਜ ਸਿੱਧ ਪੁਰਸ਼, ਗੁਰਬਾਣੀ ਦੇ ਰਸੀਏ ਅਤੇ ਵੱਡੇ ਸ਼ਰਧਾਲੂ, ਗਿਆਨੀ ਅਤੇ ਸੰਗੀਤਕਾਰ ਹੋਏ ਹਨ। ਉਨ੍ਹਾਂ ਤੋਂ ਗੁਰਮਤਿ ਵਿਦਿਆ ਨੀਤੀ ਅਤੇ ਆਪਣੇ ਨਿਤਕਰਮ ਵਿਚ ਪ੍ਰਪੱਕਤਾ ਪ੍ਰਾਪਤ ਕੀਤੀ। ਆਪਣੇ ਘਰ ਦੀ ਸੰਮਤੀ ਨੂੰ ਜਿਹੜੀ ਕੁਝ ਅਨਸਰਾਂ ਦੇ ਹੱਥ ਚੜ੍ਹ ਚੁਕੀ ਸੀ (ਕੋਰਟ ਆਫ ਵਾਰਡਜ਼) ਬਣਵਾ ਕੇ ਆਪ ਮੈਨੇਜਰ ਬਣੇ ਅਤੇ ਇਸ ਕਾਲੀ ਹੋਈ ਜਾਇਦਾਦ ਦੀ ਸੰਭਾਲ ਕੀਤੀ ਅਤੇ ਵਾਪਸ ਲਿਆਂਦੀ। ਆਪ ਜੀ ਦੀ ਇਹ ਪ੍ਰਾਪਤੀ ਅਤਿ ਹੀ ਸ਼ਲਾਘਾਯੋਗ ਸੀ।

ਧਾਰਮਿਕ ਬਿਰਤੀ ਅਤੇ ਅਧਿਆਤਮਕਵਾਦ ਵਿਚ ਵੀ ਪ੍ਰਬੀਨਤੀ ਪਾਈ। ਆਪ ਜੀ ਦਾ ਮੇਲ ਸੰਤ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਤੋਂ ਵਰੋਸਾਇ ਸੰਤ ਬਾਬਾ ਈਸ਼ਰ ਸਿੰਘ ਜੀ ਨਾਲ ਹੋਇਆ, ਜੋ ਊਨਾ ਸਾਹਿਬ ਵਿਖੇ ਆਏ। ਦੋ ਦਿਨ ਦਾ ਪ੍ਰੋਗਰਾਮ ਸੀ, ਪਰ ਸੰਤ ਮਹਾਰਾਜ ਜੀ ਦੀ ਐਸੀ ਬਿਰਤੀ ਲੱਗੀ ਕਿ ਪੂਰੇ ਦਸ ਦਿਨ ਭਰਪੂਰ ਸੰਗਤਾਂ ਦੀ ਹਾਜ਼ਰੀ ਵਿਚ ਗੁਰਮਤਿ ਸਮਾਗਮ ਹੋਏ।

ਸੰਤ ਜੀ ਮਹਾਰਾਜ ਇਤਨੇ ਪ੍ਰਭਾਵਤ ਹੋਏ, ਕਹਿੰਦੇ ਸਨ ਕਿ ਊਨਾ ਸਾਹਿਬ ਜੀ ਧਰਤੀ ਦੀ ਸੁਗੰਧਤ ਮਿੱਟੀ ਦੀਆਂ ਬੋਰੀਆਂ ਭਰ ਕੇ ਲੈ ਜਾਣੀਆਂ ਚਾਹੀਦੀਆਂ ਹਨ। ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ, ਆਪਣੇ ਗੁਰਮਤਿ ਸਮਾਗਮ ਵਿਚ ਇਸ ਗੁਰਬਾਣੀ ਦਾ ਮਹਾਨ ਕਥਨ :

"ਸੁਨਤ ਜਪਤ ਹਰਿ ਨਾਮੁ ਜਸੁ ਤਾਕੀ ਦੂਰ ਬਲਾਈ ॥
ਮਨ ਮੰਤ੍ਰ ਨਾਨਕ ਕਥੈ ਹਰਿ ਕੇ ਗੁਣ ਗਾਈ ॥

(ਬਿਲਾਵਲ ਮ: ੫ ਪੰਨਾ ੮੧੪)

ਦੁਹਰਾਉਂਦੇ ਹੋਏ, ਧੰਨ ਗੁਰੂ ਨਾਨਕ ਪਾਤਿਸ਼ਾਹ ਦਾ ਬਖਸ਼ਿਆ ਹੋਇਆ ਮਹਾਂ ਮੰਤ੍ਰ :

੧ ਓ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ
ਅਕਾਲ ਮੂਰਤ ਅਜੂਨੀ ਸੈਭੰ ਗੁਰਪ੍ਰਸਾਦਿ
ਜਪੁ ਆਦਿ ਸਚੁ ਜੁਗਾਦ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਜਪਿਆ ਕਰਦੇ ਸਨ ਅਤੇ ਅਧਿਕ ਕਰ ਕੇ ਗੁਰੂ ਦੀਆਂ ਸੰਗਤਾਂ ਤੋਂ ਦ੍ਰਿੜ੍ਹ ਕਰਵਾਉਂਦੇ ਸਨ।

ਆਪ ਜੀ ਅੰਮ੍ਰਿਤ ਵੇਲੇ ਉਠ ਕੇ ਸੂਰਜ ਦੀ ਕਿਰਨ ਤੋਂ ਪਹਿਲੋਂ ਨਾਮ ਸਿਮਰਨ ਵਿਚ ਜੁੜੇ ਰਹਿੰਦੇ ਅਤੇ ਇਸ ਨਿਤ-ਪ੍ਰਤੀ ਨਿਯਮ ਵਿਚ ਕਦੇ ਵੀ ਵਿਘਨ ਨਹੀਂ ਆਉਣ ਦਿੰਦੇ ਸਨ। ਬਾਕੀ ਸਮਾਂ ਗੁਰਬਾਣੀ ਦੇ ਕੀਰਤਨ ਅਤੇ ਕਥਾ ਵਿਚ, ਸੰਗਤਾਂ ਨਾਲ ਬਚਨ ਬਿਲਾਸ, ਗੁਰੂ ਘਰ ਦੇ ਕੰਮਾਂ ਕਾਰਾਂ ਦੀ ਸੰਭਾਲ ਆਪ ਜੀ ਦਾ ਪਰਮ ਉੱਦੇਸ਼ ਸੀ। ਆਪ ਜੀ ਨੇ ਗੁਰਮਤਿ ਦੇ ਪ੍ਰਸਾਰਣ ਲਈ ਅਤਿ ਹੀ ਸੁੰਦਰ ਅਸਥਾਨ ਬਣਵਾਏ ਅਤੇ ਪੁਰਾਤਨ ਪਵਿਤ੍ਰ ਅਸਥਾਨਾਂ ਦੀ ਸੇਵਾ ਸੰਭਾਲ ਦਾ ਬੀੜਾ ਚੁੱਕਿਆ।

ਆਪ ਜੀ ਦਾ ਨਿਵਾਸ ਊਨਾ ਸਾਹਿਬ (ਹਿ. ਪ੍ਰਦੇਸ਼) ਆਪ ਜੀ ਦੇ ਮਹੱਲਾਂ ਵਿਚ ਅਤੇ ਮਨਸੂਰਾਂ (ਜ਼ਿਲ੍ਹਾ ਲੁਧਿਆਣਾ) ਵਿਚ ਹੋਇਆ ਕਰਦਾ ਸੀ। ਊਨਾ ਸਾਹਿਬ ਵਿਖੇ ਪੁਰਾਤਨ ਅਸਥਾਨਾਂ ਤੋਂ ਬਿਨਾਂ ਇਕ ਪ੍ਰਕਾਸ਼ ਅਸਥਾਨ (52" × 125") ਬਾਬਾ ਕਦਾਧਾਰੀ ਜੀ ਦੇ ਨਾਮ ਪਰ, ਸੰਗਮਰਮਰ ਅਤੇ ਬਿਜਲੀ ਦੇ ਪੱਖੇ ਟੀਊਬਾਂ ਨਾਲ ਸਜਿਆ, ਲਗਭਗ ਦਸ ਲੱਖ ਰੁਪਏ ਨਾਲ ਗੁਰਮਤਿ ਸਮਾਗਮਾਂ ਤਥਾ ਗੁਰੂ ਦੀਆਂ ਸੰਗਤਾਂ ਦੇ ਵਿਸ਼ਰਾਮ ਲਈ ਤਿਆਰ ਕੀਤਾ। ਇਸ ਤੋਂ ਇਲਾਵਾ ਬਾਬਾ ਸਾਹਿਬ ਸਿੰਘ ਜੀ (ਚਿਲਡਰਨ ਹੋਮ – ਪ੍ਰੇਮ ਆਸ਼ਰਮ) ਨੂੰ ਆਪਣੀ ਜ਼ਮੀਨ ਦੇ ਕੇ ਅਪਾਹਜ ਅਤੇ ਯਤੀਮ ਬੱਚਿਆਂ ਵਾਸਤੇ ਬਣਵਾਇਆ। ਅਨੇਕ ਨਵੀਆਂ ਇਮਾਰਤਾਂ, ਕਮਰੇ ਆਦਿ ਬਣਵਾਈਆਂ। ਪਿੰਡ ਮਨਸੂਰਾਂ ਵਿਖੇ, ਜਿਥੇ ਕਿ ਆਪਣਾ ਅਧਿਕ ਸਮਾਂ ਨਿਵਾਸ ਕਰਦੇ ਸਨ ਅਤੇ ਗੁਰੂ ਦੀਆਂ ਸੰਗਤਾਂ ਨੂੰ ਨਾਮ ਜਪਣ ਅਤੇ ਜਪਾਉਣ ਵਿਚ ਲਗਾਇਆ ਕਰਦੇ

ਹਨ। ਇਥੇ ਇਕ ਅਤਿ ਹੀ ਸ਼ਾਨਦਾਰ ਪ੍ਰਕਾਸ਼ ਅਸਥਾਨ (85' × 112') ਗੁਰਮਤਿ ਸਮਾਗਮਾਂ ਵਾਸਤੇ ਤਿਆਰ ਕੀਤਾ। ਇਸ ਦੇ ਦਰਵਾਜ਼ੇ ਹੀ ਤਕਰੀਬਨ ਸੱਤਰ ਹਜ਼ਾਰ ਰੁਪਏ ਦੀ ਕੀਮਤ ਨਾਲ ਮਦਰਾਸ ਤੋਂ ਬਣੇ ਹਨ। ਸੰਗਤਾਂ ਇਸ ਅਦਭੁਤ ਅਸਥਾਨ ਦੀ ਯਾਤਰਾ ਕਰਦੀਆਂ ਅਤੇ ਅਤਿ ਅਨੰਦ ਪ੍ਰਾਪਤ ਕਰਦੀਆਂ ਹਨ।

ਇਥੇ ਹਰ ਮਹੀਨੇ ਦਸਵੀਂ ਨੂੰ ਸੰਗਤਾਂ ਇਕੱਤਰ ਹੁੰਦੀਆਂ ਹਨ। ਇਕ ਸਰੋਵਰ ਅਤੇ ਕਾਫੀ ਕਮਰੇ ਸੰਗਤਾਂ ਦੀਆਂ ਸਹੂਲਤਾਂ ਨੂੰ ਮੁੱਖ ਰੱਖ ਕੇ ਬਣਵਾਏ ਹਨ।

ਇਕ ਹਸਪਤਾਲ ਕਰੀਬਨ 28 ਲੱਖ ਦੀ ਕੀਮਤ ਨਾਲ, ਡਾਕਟਰਾਂ ਅਤੇ ਸਟਾਫ ਦੀਆਂ ਟੋਲੀਆਂ ਸਮੇਤ ਪਿੰਡ ਵਾਸੀਆਂ ਅਤੇ ਸੰਗਤਾਂ ਲਈ ਬਣਵਾਇਆ।

ਆਪ ਜੀ ਗੁਰੂ ਸੰਗਤਾਂ ਦੀ ਬੇਨਤੀ ਤੇ ਉਨ੍ਹਾਂ ਦੇ ਘਰ ਜਾ ਕੇ ਗੁਰਮਤਿ ਸਮਾਗਮ ਸਜਾਉਂਦੇ। ਇਹ ਆਪ ਜੀ ਦੇ ਜੀਵਨ ਦਾ ਮੁਖ ਲਕਸ਼ ਸੀ। ਕਾਫੀ ਰਾਤ ਤਕ ਸਮਾਂ ਦੇਣ ਦੇ ਬਾਵਜੂਦ ਆਪ ਜੀ ਦੀ ਵਡਿਆਈ ਸੀ ਕਿ ਅਧਿਆਤਮਕ ਜੀਵਨ ਦੇ ਨਿਤ ਨੇਮ ਨੂੰ ਕਦੇ ਭੀ ਵਿਸਾਰਦੇ ਨਹੀਂ ਸਨ ਅਤੇ ਆਪਣੀਆਂ ਸੰਗਤਾਂ ਦੇ ਪਿਆਰ-ਅਧੀਨ ਹੋ ਪੰਜ ਵੇਰ ਵਿਦੇਸ਼ ਯਾਤ੍ਰਾ ਭੀ ਕਰ ਆਏ ਸਨ ਅਤੇ ਅੰਮ੍ਰਿਤ ਬਾਣੀ ਦੇ ਸੰਚਾਰ ਨਾਲ ਉਧਾਰ ਕਰਦੇ ਰਹੇ। ਇਸੇ ਮਰਯਾਦਾ ਨੂੰ ਦ੍ਰਿਸ਼ਟੀ ਗੋਚਰ ਰੱਖਦੇ ਹੋਏ ਉਨਾ ਸਾਹਿਬ, ਹਰ ਸਾਲ ਸ੍ਰੀ ਹ: ਬਾਬਾ ਸਾਹਿਬ ਸਿੰਘ ਜੀ ਦਾ ਜਨਮ ਉਤਸਵ 15 ਚੇਤ੍ਰ ਨੂੰ ਬੜੇ ਜਾਹੋ-ਜਲਾਲ ਅਤੇ ਧੂਮ ਧਾਮ ਨਾਲ ਹਜ਼ਾਰਾਂ ਦੇਸ਼-ਵਿਦੇਸ਼ ਤੋਂ ਆਈਆਂ ਸੰਗਤਾਂ ਦੇ ਇਕੱਠ ਵਿਚ ਮਨਾਇਆ ਕਰਦੇ ਸਨ। ਇਥੋਂ ਦਾ ਜਲੂਸ ਇਕ ਅਨੋਖੀ ਹੀ ਛਬੀ ਰੱਖਦਾ ਹੈ।

ਨਾਮੁ ਸਿਮਰਨ ਨੂੰ ਦ੍ਰਿਸ਼ਟੀਗੋਚਰ ਰੱਖਦੇ ਹੋਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨਗਿਣਤ ਸ੍ਰੀ ਅਖੰਡ ਪਾਠਾਂ ਦਾ ਪ੍ਰਵਾਹ ਚੱਲਦਾ, ਬਿਅੰਤ ਕੀਰਤਨੀ ਤੇ ਢਾਡੀ ਜਥੇ, ਸੰਤ ਮਹੰਤਾਂ, ਮਹਾਂ ਪੁਰਸ਼ਾਂ ਅਤੇ ਹਜ਼ਾਰਾਂ ਗੁਰੂ ਦੀਆਂ ਸੰਗਤਾਂ ਦੇ ਇਕੱਠ ਵਿਚ ਇਕ ਅਤਿ ਹੀ ਸੁਭਾਏਮਾਨ ਦ੍ਰਿਸ਼ ਦੇਖਣ ਯੋਗ ਹੈ।


ਆਪ ਜੀ ਦਾ ਜੀਵਨ ਆਪਣੇ ਮਹਾਨ ਵੱਡੇ-ਵਡੇਰਿਆਂ, ਜੋ ਮਹਾਨ ਤਪੱਸਵੀ, ਤੇਜਸਵੀ ਅਤੇ ਰਾਜਾ ਜੋਗੀ ਅਖਵਾਏ ਵਰਗਾ ਸੀ। ਆਪ ਜੀ ਗੁਰੂ ਸੰਗਤਾਂ ਦੀ ਪੂਰਨ ਅਗਵਾਈ ਕਰਦੇ ਮਹਾਂ ਪੁਰਸ਼ਾਂ ਦਾ ਜੀਵਨ ਬਿਤਾਉਂਦੇ ਹੋਏ 14 ਮਾਰਚ 1989 ਈਸਵੀ ਦਿਨ ਸੋਮਵਾਰ ਨੂੰ ਗੁਰਫਤਹਿ ਆਖਦੇ ਹੋਏ ਮਹਾਨ ਗੁਰਵਾਕ ਅਨੁਸਾਰ :

"ਸੂਰਜ ਕਿਰਨ ਮਿਲੇ ਜਲ ਕਾ ਜਲ ਹੂਆ ਰਾਮ ॥
ਜੋਤੀ ਜੋਤ ਰਲੀ ਸੰਪੂਰਨ ਥੀਆ ਰਾਮ ॥"

ਨਿਰੰਕਾਰ ਦੀ ਗੋਦ ਵਿਚ ਜਾ ਬਿਰਾਜੇ ਹਨ। ਆਪ ਜੀ ਦੇ ਇਕਲੌਤੇ ਸਪੁਤਰ ਸ੍ਰੀ ਹਜ਼ੂਰ ਬਾਬਾ ਸਰਬਜੋਤ ਸਿੰਘ ਜੀ ਮਹਾਰਾਜ ਜੋ ਬੜੇ ਸੁਘੜ ਅਤੇ ਸੂਝਵਾਨ ਹਨ, ਵਰਤਮਾਨ ਗੱਦੀ-ਨਸ਼ੀਨ ਹਨ।

# ਬਾਬਾਣੀਆਂ ਕਹਾਣੀਆਂ

(ਮਹਾਂ ਮੰਡਲੇਸ਼ਵਰ, ਸੁਆਮੀ ਈਸ਼ਵਰ ਦਾਸ ਸ਼ਾਸਤ੍ਰੀ ਜਲੰਧਰ)



ਇਹ ਬੜੇ ਸੰਤੋਸ਼ ਦਾ ਵਿਸ਼ਾ ਹੈ, ਕਿ ਸ੍ਰੀਮਾਨ ਪੂਜਨੀਕ ਬਾਬਾ ਮਧੂਸੂਦਨ ਸਿੰਘ ਜੀ ਬੇਦੀ ਦੀ ਸਿੰਮ੍ਰਤੀ ਵਿਚ 'ਅਭੂਲੀ'' ਦਾ ਵਿਸ਼ੇਸ਼ ਅੰਕ ਪ੍ਰਕਾਸ਼ਤ ਹੋ ਰਿਹਾ ਹੈ। ਇਸ ਧਰਤੀ ਤੇ ਅਨੇਕਾਂ ਅਜਿਹੇ ਮਹਾਂ-ਪੁਰਖ ਹੋਏ ਹਨ, ਜਿਨ੍ਹਾਂ ਨੇ ਪ੍ਰਵਿਰਤੀ ਮਾਰਗ ਦਾ ਆਸਰਾ ਲੈ ਕੇ ਵੀ ਆਪਣੇ ਆਪ ਨੂੰ ਮਾਇਆ ਦੇ ਪਰਪੰਚਾਂ ਤੋਂ ਸਦਾ ਦੂਰ ਰੱਖਿਆ ਅਤੇ ਜੀਵਨ-ਭਰ ਲੋਕ-ਭਲਾਈ ਦੇ ਕਾਰਜਾਂ ਵਿਚ ਲੱਗੇ ਰਹੇ, ਅੰਤ ਵਿਚ ਅਮਰ-ਪਦਵੀ ਪ੍ਰਾਪਤੀ ਕੀਤੀ।

ਇਹਨਾਂ ਮਹਾਂ-ਪੁਰਖਾਂ ਦੇ ਰੋਜ਼ਾਨਾ ਜੀਵਨ ਵਿਚ ਪਰਵਿਰਤੀ ਮਾਰਗ ਦੇ ਉੱਤਮ-ਆਦਰਸ਼ ਵਿਵਹਾਰਕ-ਧਰਾਤਲ ਤੇ ਪ੍ਰਤਿਸ਼ਠਾ ਪਾਉਣ ਲਈ ਚਰਿਤਾਰਥ ਹੁੰਦੇ ਹਨ। ਇਸ ਲਈ ਇਸ ਨਾਲ ਪ੍ਰਮਾਰਥਕ ਉੱਨਤੀ ਵਿਚ ਕੋਈ ਰੁਕਾਵਟ ਨਹੀਂ ਆ ਸਕਦੀ। ਇਸੇ ਲਈ ਹੀ ਤਾਂ ਅਜਿਹੇ ਮਹਾਂ-ਪੁਰਖਾਂ ਦਾ ਜੀਵਨ, ਸਰਵ-ਸਾਧਾਰਨ ਦੇ ਲਈ ਲੋਕ ਅਤੇ ਪ੍ਰਲੋਕ ਦੋਵੇਂ ਤਰ੍ਹਾਂ ਦੀ ਉੱਨਤੀ ਦੇ ਮਾਰਗ ਤੇ ਚੱਲਣ ਦਾ ਪ੍ਰੇਰਨਾ ਸਰੋਤ ਬਣ ਕੇ ਸਦਾ ਸਦਾ ਲਈ ਅਮਰ ਬਣ ਜਾਂਦਾ ਹੈ।

ਹਜ਼ੂਰ ਬਾਬਾ ਮਧੂਸੂਦਨ ਸਿੰਘ ਜੀ ਬੇਦੀ, ਅਜੇਹੇ ਹੀ ਮਹਾਂ-ਪੁਰਖਾਂ ਦੀ ਲੜੀ ਵਿਚ ਆਉਂਦੇ ਹਨ, ਜੋ ਪਰਵਿਰਤੀ ਮਾਰਗ ਦੇ ਅੰਦਰ ਵਿਚਰਦੇ ਹੋਏ ਵੀ ਨਵਿਰਤੀ ਮਾਰਗ ਦਾ ਰਾਹ ਦਸਦੇ ਹਨ। ਜੋ ਵਿਵਹਾਰ ਵਿਚ ਰਹਿੰਦੇ ਹੋਏ ਵੀ ਪਰਮਾਰਥ ਦੇ ਪ੍ਰਤੀ ਸਮਰਪਿਤ ਹਨ। ਅਤੇ ਸੰਸਾਰਕ ਲੋਕਾਂ ਲਈ ਵਿਵਹਾਰਕ ਉਪਦੇਸ਼ ਦਿੰਦੇ ਹਨ। ਕਿ ਪ੍ਰਭੂ-ਪ੍ਰਮੇਸ਼ਵਰ ਦਾ ਅਸ਼ੀਰਵਾਦ ਰੂਪੀ ਮਿੱਠਾ-ਫਲ ਸੰਸਾਰ ਰੂਪੀ ਉਪਯੋਗੀ ਬ੍ਰਿਖ ਤੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

## ਮਧੂ-ਸੂਦਨ

'ਵਿਉਤਪਤੀ' ਦੇ ਆਧਾਰ ਤੇ 'ਮਧੂ' ਸ਼ਬਦ ਦੇ ਅਨੇਕਾਂ ਅਰਥ ਹਨ, ਜਿਨ੍ਹਾਂ ਵਿਚ 'ਸ਼ਹਿਦ' (ਮਾਖੀ) ਅਨੰਦ ਆਦਿ ਮੁੱਖ ਹਨ। ਇਸੇ ਤਰ੍ਹਾਂ 'ਸੂਦ' ਧਾਤੂ ਤੋਂ ਉਤਪੰਨ 'ਸੂਦਨ' ਸ਼ਬਦ ਦਾ ਅਰਥ ਹੈ - ਢਾਲਣਾ ਉਤੇਜਨਾ ਜਾਂ ਸੰਗ੍ਰਹਿ ਕਰਨਾ ਆਦਿ। ਇਸ ਆਧਾਰ ਤੇ 'ਮਧੂ-ਸੂਦਨ' ਸ਼ਬਦ ਉਸ ਮਹਾਂ-ਪੁਰਖ ਵੱਲ ਸੰਕੇਤ ਕਰਦਾ ਹੈ, ਜਿਸ ਦਾ ਸੁਭਾਵ ਹੀ ਮਿਠਾਸ ਤੇ ਅਨੰਦ ਦਾ ਸੰਗ੍ਰਹਿ ਕਰਨਾ, ਅਤੇ ਉਸ ਨੂੰ ਸਰਵ-ਸਾਧਾਰਨ ਦੇ ਲਈ ਉਤੇਜਨ ਦੇਣਾ ਹੈ। 'ਸੂਦਨ' ਸ਼ਬਦ ਦਾ ਅਰਥ 'ਢਾਲਣਾ' ਵੀ ਸੰਕੇਤ ਕਰਦਾ ਹੈ ਕਿ ਜੋ ਅਨੰਦ-ਦਾਇਕ ਨਾ ਵੀ ਹੋਵੇ, ਉਸ ਨੂੰ ਵੀ ਆਪਣੀ ਅਲੌਕਿਕ ਸ਼ਕਤੀ ਦੁਆਰਾ ਮਿੱਠਾ ਤੇ ਅਨੰਦ-ਦਾਇਕ ਬਣਾਉਣਾ। ਇਸ ਦ੍ਰਿਸ਼ਟੀ ਨਾਲ ਵਿਚਾਰ ਕਰਨ ਤੇ ਅਸੀਂ ਪੂਜਨ-ਯੋਗ ਬਾਬਾ ਮਧੂਸੂਦਨ ਸਿੰਘ ਜੀ ਨੂੰ ਸਰਵ-ਪ੍ਰਥਮ ਰਕਾ-ਕਰਮ ਵਾਲੇ ਮਹਾਂ ਪੁਰਖ ਦੇ ਰੂਪ ਵਿਚ ਵੇਖਦੇ ਹਾਂ। ਉਹਨਾਂ ਦੀ ਬਾਣੀ ਵਿਚ ਹਿਰਦੇ ਨੂੰ ਛੂਹ ਜਾਣ ਵਾਲੀ ਮਿਠਾਸ ਸੀ। ਉਹਨਾਂ ਦੇ ਜੀਵਨ ਵਿਚ ਜਨ-ਮਾਨਸ ਨੂੰ ਤ੍ਰਿਪਤ ਕਰਨ ਵਾਲਾ ਅਨੰਦ ਦਾ ਅਥਾਹ ਸੋਮਾ ਪ੍ਰਵਾਹਿਤ ਹੁੰਦਾ ਰਿਹਾ ਅਤੇ ਅਨੰਤ ਸ਼ਰਧਾਲੂਆਂ ਨੇ, ਉਸ ਮਿਠਾਸ ਤੋਂ ਅਨੰਦ ਤੇ ਲਾਭ ਪ੍ਰਾਪਤ ਕੀਤਾ।

ਬਾਬਾ ਮਧੂਸੂਦਨ ਸਿੰਘ ਜੀ ਦੀ ਇਸ ਅਲੌਕਿਕ ਸ਼ਖਸੀਅਤ ਦਾ ਭੇਦ ਇਹ ਵੀ ਹੈ ਕਿ ਉਹ ਇਕ ਮਹਾਨ

ਤਪੱਸਵੀ ਸੰਤ ਸਨ। ਹਰ ਵੇਲੇ ਨਾਮ ਜਪਨਾ ਤੇ ਜਪਾਉਣਾ— ਉਨ੍ਹਾਂ ਦੇ ਜੀਵਨ ਦਾ ਮੁੱਖ ਉੱਦੇਸ਼ ਸੀ। 1962 ਦੇ ਹਰਿਦੁਆਰ ਦੇ ਕੁੰਭ ਤੇ ਬਾਬਾ ਜੀ ਦੁਆਰਾ ਕੀਤੇ ਗਏ ਸਵਾ-ਲੱਖ ਮੂਲ-ਮੰਤ੍ਰ ਦਾ ਅਨੁਸ਼ਠਾਨ ਉਹਨਾਂ ਦੀ ਨਾਮ-ਜਪ ਸਾਧਨਾਂ ਦਾ ਇਕ ਖ਼ਾਸ ਉਦਾਹਰਣ ਹੈ। ਇਸ ਸਾਧਨਾ ਦਾ ਸਰੂਪ ਅਤੇ ਹੋਰ ਸਪੱਸ਼ਟੀ-ਕਰਨ ਵਾਸਤੇ ਜਾਗਤ-ਜੋਤ ਉਦਾਹਰਣ ਦੇ ਰੂਪ ਵਿਚ ਬਾਬਾ ਜੀ ਦੇ ਸੁਯੋਗ ਉਤਰਾਧਿਕਾਰੀ 'ਬਾਬਾ ਸਰਬਜੋਤ ਸਿੰਘ' ਜੀ ਹਨ। ਸਾਰੇ ਸ਼ਰਧਾਲੂਆਂ ਦੇ ਲਈ ਇਹ ਪਰਮ-ਆਨੰਦ ਦਾ ਵਿਸ਼ਾ ਹੈ, ਕਿ ਬਾਬਾ 'ਮਧੁਸੂਦਨ ਸਿੰਘ ਜੀ ਬੇਦੀ', ਜਿਹੇ ਸਮਰਥ ਮਹਾਂ-ਪੁਰਖ ਦੇ ਸੁਯੋਗ ਉਤਰਾਧਿਕਾਰੀ (ਗੱਦੀ-ਨਸ਼ੀਨ) ਬਾਬਾ ਸਰਬਜੋਤ ਸਿੰਘ ਜੀ ਨੂੰ ਉਤਰਾਧਿਕਾਰੀ ਦੇ ਰੂਪ ਵਿਚ ਅਜੇਹੀ ਜੋਤੀ ਮਿਲੀ ਹੈ, ਜਿਸ ਦੇ ਦੁਆਰਾ ਉਹ ਜਨ ਸਾਧਾਰਨ ਦੇ ਅਗਿਆਨ ਰੂਪੀ ਹਨੇਰੇ ਨੂੰ ਪੂਰੀ ਤਰ੍ਹਾਂ ਦੂਰ ਕਰਨ ਤੇ ਗਿਆਨ ਰੂਪੀ ਪ੍ਰਕਾਸ਼ ਕਰਨ ਵਿਚ ਸਮਰਥ ਹਨ।

ਇਥੇ ਇਹ ਵਰਨਣਯੋਗ ਹੈ ਕਿ 'ਬਾਬਾ ਮਧੁਸੂਦਨ ਸਿੰਘ ਜੀ' ਉਸ 'ਬੇਦੀ ਵੰਸ਼' —ਪਰੰਪਰਾ ਨਾਲ ਸੰਬੰਧਤ ਸਨ, ਜਿਸ ਵੰਸ਼ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਭਾਗ ਲਾਏ —

"ਤਿਨ ਬੇਦੀਅਨ ਕੀ ਕੁਲ ਵਿਖੇ, ਪ੍ਰਗਟੇ ਨਾਨਕ ਰਾਇ ॥
ਸਭ ਸਿਖਨੁ ਕੌ ਸੁਖ ਦਏ ਜਹਿ ਤਹਿ ਭਏ ਸਹਾਇ ॥"

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਸਪੁੱਤਰ ਸਨ, ਬਾਬਾ ਸ੍ਰੀ ਚੰਦ੍ਰ ਜੀ ਤੇ ਬਾਬਾ ਲਖਮੀ ਦਾਸ ਜੀ। ਬਾਬਾ ਸ੍ਰੀ ਚੰਦ੍ਰ ਜੀ ਤਾਂ ਉਦਾਸੀਨ ਸੰਪ੍ਰਦਾਇ ਦੇ ਆਚਾਰੀਆ ਹੋਏ ਤੇ ਬਾਬਾ ਲਖਮੀ ਦਾਸ ਜੀ ਨੇ ਪ੍ਰਵਿਰਤੀ ਮਾਰਗ ਨੂੰ ਅਪਣਾਉਂਦੇ ਹੋਏ, ਵੰਸ਼ ਪ੍ਰੰਪਰਾ ਨੂੰ ਅੱਗੇ ਤੋਰਿਆ।


ਇਕ ਵੇਰ ਬਾਬਾ ਲਖਮੀ ਦਾਸ ਜੀ ਸ਼ਿਕਾਰ ਖੇਡ ਕੇ ਘਰ ਵਾਪਸ ਮੁੜ ਰਹੇ ਸਨ, ਰਸਤੇ ਵਿਚ ਉਸ ਪਾਵਨ ਅਸਥਾਨ ਤੋਂ ਗੁਜਰੇ, ਜਿਥੇ ਬਾਬਾ ਸ੍ਰੀ ਚੰਦ ਜੀ ਧੂਣਾ ਤਾ ਕੇ ਸਮਾਧੀ ਅਵਸਥਾ ਵਿਚ ਬਿਰਾਜਮਾਨ ਸਨ। ਬਾਬਾ ਲਖਮੀ ਦਾਸ ਜੀ ਨੇ ਘੋੜੇ ਨੂੰ ਇਕ ਪਾਸੇ ਬੰਨ੍ਹ ਕੇ, ਬਾਬਾ ਸ੍ਰੀ ਚੰਦਰ ਜੀ ਦੇ ਚਰਨਾਂ ਤੇ ਜਾ ਕੇ ਨਮਸਕਾਰ ਕੀਤੀ। ਬਾਬਾ ਜੀ ਦੀ ਦ੍ਰਿਸ਼ਟੀ ਘੋੜੇ ਤੇ ਪਈ, ਵੇਖਿਆ ਕਿ ਮ੍ਰਿਤ ਜੀਵ ਘੋੜੇ ਦੀ ਕਾਠੀ ਨਾਲ ਬੰਨ੍ਹੇ ਹੋਏ ਹਨ ਇਹ ਵੇਖ ਕੇ ਬਾਬਾ ਜੀ ਨੇ ਆਪਣੇ ਛੋਟੇ ਭਰਾਤਾ ਨੂੰ ਸਹਿਜ ਸੁਭਾਇ ਬਚਨ ਕੀਤਾ, "ਇਸ ਦਾ ਲੇਖਾ ਦੇਣਾ ਪਵੇਗਾ" ਛੋਟੇ ਭਰਾਤਾ ਬੋਲ ਉਠੇ, ਅੱਛਾ ਭਰਾਤਾ ਜੀ ਜੇ ਲੇਖਾ ਦੇਣਾ ਹੈ ਤਾਂ, ਹੁਣੇ ਚੱਲ ਕੇ ਦੇ ਆਂਦੇ ਹਾਂ। ਇਹ ਆਖ ਕੇ ਬਾਬਾ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ ਤੇ ਘਰ ਗਏ, ਘਰੋਂ ਆਪਣੀ ਪਤਨੀ ਤੇ ਛੋਟੇ ਬਾਲਕ ਧਰਮ ਚੰਦ ਨੂੰ ਨਾਲ ਲਿਆ ਤੇ ਅਕਾਸ਼-ਮਾਰਗ ਰਾਹੀਂ ਘੋੜੇ ਤੇ ਸਵਾਰ ਹੋ ਕੇ, ਲੇਖਾ ਦੇਣ ਵਾਸਤੇ ਉੱਡ ਚਲੇ।

ਬਾਬਾ ਜੀ ਨੇ ਜਿਸ ਵੇਲੇ ਆਪਣੇ ਛੋਟੇ ਭਰਾਤਾ ਨੂੰ ਪਰਿਵਾਰ ਸਹਿਤ ਉੱਡਦੇ ਜਾਂਦੇ ਵੇਖਿਆ, ਤਾਂ ਸੋਚਣ ਲੱਗੇ
ਕਿ, ਇਸ ਤਰ੍ਹਾਂ ਤਾਂ ਮੇਰੇ ਪਿਤਾ ਦੀ ਵੰਸ਼ ਸਦਾ-ਸਦਾ ਲਈ ਸਮਾਪਤ ਹੋ ਜਾਵੇਗੀ। ਵੰਸ਼ ਪ੍ਰੰਪਰਾ ਦੀ ਰਾਖੀ ਲਈ ਬਾਬਾ
ਜੀ ਨੇ ਆਪਣੀ ਅਲੌਕਿਕ ਸ਼ਕਤੀ ਦੁਆਰਾ, ਚਾਰ ਜੋਜਨ ਬਾਂਹ ਉੱਚੀ ਕਰ ਕੇ ਆਪਣੇ ਭਤੀਜੇ ਧਰਮ ਚੰਦ ਨੂੰ ਉਤਾਰਿਆ
ਤੇ ਉਸ ਨੂੰ ਇੱਕੀ ਸਾਲਾਂ ਤਕ ਆਪਣੇ ਕੋਲ ਰੱਖ ਕੇ ਉਸ ਦੀ ਪਾਲਨਾ ਕੀਤੀ। ਤੇ ਫਿਰ ਪ੍ਰਵਿਰਤੀ ਮਾਰਗ ਵਿਚ ਪ੍ਰਵਿਰਤ
ਹੋਣ ਦੀ ਆਗਿਆ ਇਸ ਸ਼ਰਤ ਤੇ ਦਿਤੀ ਕਿ, ਇਸ ਵੰਸ਼ ਪਰੰਪਰਾ ਵਿਚ ਵਿਆਹ ਤਦੋਂ ਹੀ ਸਮਪੰਨ ਹੋਵੇਗਾ, ਜਦੋਂ ਕੋਈ
ਉਦਾਸੀ ਸੰਤ ਵਿਆਹ ਤੋਂ ਪਹਿਲਾਂ ਉਦਾਸੀ ਭੇਖ ਦੇਵੇਗਾ, ਬੇਦੀ ਵੰਸ਼ ਵਿਚ ਬਾਬਾ ਜੀ ਦੇ ਬਚਨ ਅਨੁਸਾਰ ਅੱਜ ਵੀ ਏਹ ਪ੍ਰੰਪਰਾ
ਕਾਇਮ ਹੈ। ਇਸ ਤਰ੍ਹਾਂ ਪਾਵਨ ਬੇਦੀ-ਵੰਸ਼ ਦੇ ਪ੍ਰਵਿਰਤੀ ਮਾਰਗ ਤੇ ਨਿਵਰਤੀ ਮਾਰਗ ਦੇ ਵਿਚਕਾਰ ਇਕ ਅਜੇਹੀ
ਸ੍ਰਿੰਖਲਾ ਬਾਬਾ ਜੀ ਨੇ ਕਾਇਮ ਕੀਤੀ। ਜਿਸ ਨੇ ਸਦਾ-ਸਦਾ ਲਈ ਦੋਹਾਂ ਮਾਰਗਾਂ ਦੇ ਸਬੰਧਾਂ ਨੂੰ ਅਤੁੱਟ ਬਣਾ ਦਿਤਾ।
ਵਰਤਮਾਨ ਜੋਤ 'ਬਾਬਾ ਸਰਬਜੋਤ ਸਿੰਘ' ਦੇ ਵਿਆਹ ਉਤਸਵ ਦੇ ਸਮੇਂ ਪੂਜਯ-ਸੁਆਮੀ ਸੰਤ ਦਾਸ ਜੀ ਉਦਾਸੀਨ ਦੁਆਰਾ
ਉਦਾਸੀਨ ਭੇਖ ਦਿਤਾ ਜਾਣਾ ਉਪ੍ਰੋਕਤ ਪ੍ਰੰਪਰਾ ਦੇ ਉੱਤਮ ਨਿਰਵਾਹ ਦਾ ਉਦਾਹਰਣ ਹੈ।

ਮੇਰੀ ਇਹ ਸ਼ੁਭ ਕਾਮਨਾ ਤੇ ਗੁਰੂ-ਚਰਨਾਂ ਵਿਚ ਪ੍ਰਾਰਥਨਾ ਹੈ ਕਿ ਉਦਾਸੀ-ਪ੍ਰੰਪਰਾ ਤੇ ਬੇਦੀ ਵੰਸ਼-ਪ੍ਰੰਪਰਾ ਦਾ ਇਹ ਅਤੁੱਟ ਰਿਸ਼ਤਾ ਸਦਾ ਨਿਭਦਾ ਰਹੇ ਤੇ ਬਾਬਾ ਸਰਬਜੋਤ ਸਿੰਘ ਜੀ ਇਸ ਪਾਵਨ ਬੇਦੀ ਵੰਸ਼ ਦੀ ਅਗਵਾਈ ਕਰਦੇ ਰਹਿਣ।

# ਹੰਸ ਨ ਕੋਧਰਾ ਖਾਇ

(ਗਿਆਨੀ ਸਾਧੂ ਸਿੰਘ ਸਿਧਵਾਂ ਬੇਟ)



ਧੰਨ ਧੰਨ ਜਨ ਆਇਆ, ਜਿਸ ਪ੍ਰਸਾਦਿ ਸਭ ਜਗਤ ਤ੍ਰਾਇਆ ॥

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਸਾਹਿਬ, ਊਨਾ ਸਾਹਿਬ ਵਾਲੇ ਧੰਨ ਧੰਨ ਧੰਨ ਸ੍ਰੀ ਗੁਰੂ ਨਾਨਕ ਦੇ
ਜੀ ਮਹਾਰਾਜ ਦੇ ਸੋਲ੍ਹਵੀਂ ਪੀੜ੍ਹੀ ਦੇ ਬੇਦੀ ਕੁਲ ਭੂਸ਼ਨ ਸਨ ਅਤੇ ਗੁਰੂ ਦੁਲਾਰੇ ਸਨ। ਪ੍ਰਕਾਸ਼ 9th Sep. 1921 ਨੂੰ ਬਤਾਲ
ਨਾਨਕੇ ਘਰ ਪਾਕਿਸਤਾਨ ਵਿਖੇ ਹੋਇਆ ਪਿਤਾ ਸ੍ਰੀ ਹਜ਼ੂਰ ਬਾਬਾ ਦੇਵਿੰਦ੍ਰ ਸਿੰਘ ਜੀ ਦੇ ਇਕਲੌਤੇ ਅਤੇ ਲਾਡਲੇ ਬੇਟੇ ਸ
ਾਤਸ਼ਾਹਾਂ ਨੂੰ ਪੂਜਨੀਕ ਪਵਿੱਤ੍ਰ ਆਤਮਾ ਸ੍ਰਬ ਹਿਤੈਸ਼ੀ ਮਾਤਾ ਜਸਵੰਤ ਕੌਰ ਜੀ ਤੋਂ ਰੱਜ ਰੱਜ ਕੇ ਪਿਆਰ ਮਿਲਿਆ। ਜਦੋ
ੱਡੇ ਬਾਬਾ ਜੀ ਗੁਰਮੱਤ ਤੇ ਧਾਰਮਿਕ ਪ੍ਰਚਾਰ ਲਈ ਦੇਸ਼ਾਂ ਦੇਸ਼ਾਂਤਰਾਂ ਵਿੱਚ ਘੁੰਮਿਆ ਕਰਦੇ ਸਨ ਅਤੇ ਇੱਕ ਸਮੇਂ 1945 ਦ
ਲ ਹੈ ਕਿ ਪੰਜਾਬ ਵਿੱਚ ਲੁਧਿਆਣੇ ਜ਼ਿਲ੍ਹੇ ਦੇ ਮੰਨੇ ਪ੍ਰਮੰਨੇ ਗਰੇਵਾਲਾਂ ਪਤਿਵੰਤਿਆਂ ਦੇ ਰਾਊਵਾਲ ਪਿੰਡ ਵਿੱਚ ਪੜ੍ਹਾ
ਕੂਲ ਵਿੱਚ ਕਰਵਾਉਂਦਾ ਸੀ, ਬਾਬਿਆਂ ਦਾ ਡੇਰਾ ਸਕੂਲ ਵਿੱਚ ਸੀ, ਸਤਿਕਾਰ ਯੋਗ ਜਗਤ ਮਾਤਾ ਜਸਵੰਤ ਕੌਰ ਜੀ ਦੋ,
ਾਈ, ਢਾਈ ਘੰਟਿਆਂ ਬੱਧੀ ਮੇਰੀ ਵਿੱਦਿਅਕ ਪ੍ਰੀਖਿਆ ਲਿਆ ਕਰਦੇ ਸਨ। ਨਾਚੀਜ਼ ਖ਼ਾਦਮ ਨੂੰ ਬੇਅੰਤ ਅਸੀਸਾਂ ਮਿਲਦੀ
ਨ ਜਿਨ੍ਹਾਂ ਦੇ ਆਸਰੇ ਅੱਜ ਸਰਕਾਰੇ ਦਰਬਾਰੇ ਚੜ੍ਹਦੀ ਕਲਾ ਹੈ ਜਦ ਬਾਬਾ ਮਧੁਸੂਦਨ ਸਿੰਘ ਜੀ ਧਰਮ ਪ੍ਰਚਾਰ ਸਿੱਖੀ ਪ੍ਰਚ
ਈ ਦੇਸ਼ਾਂ ਬਦੇਸ਼ਾਂ ਵਿਚ ਜਾਇਆ ਕਰਦੇ ਸਨ ਤਾਂ ਮਾਤਾ ਜੀ ਰੱਜ ਰੱਜ ਅਸੀਸਾਂ ਆਪਣੇ ਲਖ਼ਤੇ ਜਿਗਰ, ਫ਼ਰਜ਼ੰਦੇ ਅਰਜ਼
ਦਿਆ ਕਰਦੇ ਸਨ 'ਪੂਤਾ ਮਾਤਾ ਕੀ ਅਸੀਸ ਨਿਮਖ ਨ ਵਿਸਰੈ ਤੁਮ ਕੋ ਹਰਿ ਹਰਿ ਸਦਾ ਭਜੋ ਜਗਦੀਸ਼।' ਮਾਤਾ
ਂ ਰੱਜ ਰੱਜ ਕੇ ਪਿਆਰ ਮਿਲਿਆ। ਪਿਤਾ ਜੀ ਨੇ ਆਪਣੇ ਲਾਡਲੇ ਅਤੇ ਹੋਨਹਾਰ ਨੂੰ ਉੱਚ ਵਿੱਦਿਆ ਲਈ ਚੀਫ਼ ਕਾਲ
ਾਹੌਰ ਭੇਜਿਆ ਡਿਗਰੀਆਂ ਪ੍ਰਾਪਤ ਕੀਤੀਆਂ, ਬੇਦੀ ਬਾਬਿਆਂ ਦੀ ਜਾਇਦਾਦ ਜਿਸ ਦਾ ਕੋਰਟ ਔਫ਼ ਵਾਰਡ ਹੋ ਚੁੱਕਿਆ
ਨੇਜਰ ਬਣੇ ਹਰ ਪ੍ਰਕਾਰ ਦੀ ਮਿਹਨਤ ਕਰਕੇ ਆਪਣੀ ਸਟੇਟ ਨੂੰ ਕਰਜ਼ੇ ਤੋਂ ਮੁਕਦੇ ਕਰਾਇਆ ਅਤੇ ਸਟੇਟ ਨੂੰ ਆਰਥਿ
ਰ ਤੇ ਮਜ਼ਬੂਤ ਕਰਕੇ ਡੇਰੀ ਫ਼ਾਰਮ ਖੋਲ੍ਹੇ ਅਤੇ ਵਿਗਿਆਨਕ ਢੰਗ ਨਾਲ ਖੇਤੀ ਬਾੜੀ ਕਰਕੇ ਮਾਲੋ ਮਾਲ ਕੀਤਾ। ਗੱਲ
ਸ਼ ਵਿੱਚ ਪ੍ਰਾਸਪੈਰਿਟੀ, ਖੁਸ਼ਹਾਲੀ ਅਤੇ ਚੜ੍ਹਦੀ ਕਲਾ ਲਿਆਂਦੀ, ਪਿਤਾ ਜੀ ਦੇ ਅਲੋਪ ਹੋਣ ਤੇ ਕੰਮ ਸੰਭਾਲਿਆ।
ਾਨਕ ਸ਼ਾਹੀ ਧਰਮ ਦਾ ਪ੍ਰਚਾਰ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਗੁਰਮੱਤ ਪ੍ਰਚਾਰ ਕਰਕੇ ਲੱਖਾਂ ਪ੍ਰਾਣੀ
ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ ਅਤੇ ਸਿੱਖ ਜਗਤ ਦੀ ਕਾਂਇਆ ਕਲਪ ਕਰ ਦਿੱਤੀ। ਵੱਡਿਆਂ ਵਡੇਰਿਆਂ ਦੀ
ੱਚ ਯਾਦਗਾਰਾਂ ਜੋ ਧਾਰਮਿਕ ਵਿੱਦਿਆ ਦੇ 365 ਕੇਂਦਰ ਦਮਦਮਾ ਅਸਥਾਨ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ
ਹਾਰਾਜ ਨੇ ਬਣਾਏ ਅਤੇ ਅੰਗਰੇਜ਼ਾਂ ਨੇ ਤੋਪਾਂ ਤੇ ਤੋਪਾਂ ਬੀੜ ਜੰਤਾ ਨੂੰ ਨਪੀੜ ਕੇ ਗੋਲਿਆਂ ਨਾਲ ਬਰਬਾਦ ਕੀਤੇ
ਾਫ਼ਰੀਨ ਹੈ ਬਾਬਾ ਮਧੁਸੂਦਨ ਸਿੰਘ ਜੀ ਦੇ, ਨਿਵੇਂ ਸਿਰੇ ਤੋਂ ਬਣਾਏ, ਅਪਨਾਏ ਅਤੇ ਆਬਾਦ ਅਤੇ ਸ਼ਾਦ ਕੀਤੇ। ਊਨਾ ਸਾਹਿ
ਸਾਰਿਆਂ ਗੁਰਦੁਆਰਿਆਂ ਨੂੰ ਕੰਟਰੋਲ ਵਿੱਚ ਲੈ ਕੇ ਇੱਕ ਚੰਗੇ ਸੱਚੇ ਸੁੱਚੇ ਤੇ ਸੁਚੱਜੇ ਐਡਮਿਨਿਸਟਰੇਟਿਵ ਦਾ ਸਬੂਤ ਦਿੱਤਾ

ਵੱਡੇ ਵੱਡੇ ਗੁਰਮਤ ਸਮਾਗਮਾਂ ਲਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਲਈ ਪ੍ਰਕਾਸ਼ ਅਸਥਾਨ ਮਨਸੂਰਾਂ ਵਾਲਾ 125 × 85 ਫੁੱਟ ਅਤੇ 4958 ਫੁਟ ਮੁਰੱਬਾ ਸ਼ੈਡ ਲੰਗਰ ਅਸਥਾਨ, 36 ਕਮਰੇ ਯਾਤਰੂਆਂ ਖ਼ਾਤਰ ਬਣਾਏ । ਅਕਾਸ਼ੀ ਸਰੋਵਰ ਅਤੇ 50 ਬੈਡ ਦਾ ਹਸਪਤਾਲ, ਲੋਕਾਂ ਦੀਆਂ ਤਕਲੀਫ਼ਾਂ ਲਈ ਖ਼ੁਦ ਅਰਦਾਸਾਂ ਕਰਨੀਆਂ ਅਤੇ ਸਰੀਰਕ ਰੋਗਾਂ ਲਈ ਦਵਾਈ ਦਾ ਮੁਫ਼ਤ ਪ੍ਰਬੰਧ ਕੀਤਾ ਅਤੇ ਹਰ ਬੀਮਾਰ ਦੀ ਆਪ ਬੀਮਾਰ ਪੁਰਸੀ ਕਰਿਆ ਕਰਦੇ ਸਨ । ਫ਼ਾਰਸੀ ਸ਼ਾਇਰ ਕਹਿੰਦਾ ਹੈ :—

ਬਰ ਸਰੇ ਬਾਲੀਨੇ ਬੀਮਾਰਾਂ ਗੁੱਜ਼ਰ, ਜਾਂ ਕਿ ਹਸਤ ਈਂ ਅਹਿਲੇ ਸੁੰਨਤੇ ਹਜ਼ਰ ।

ਇਹ ਬੇਦੀ ਜੀ ਤੇ ਢੁੱਕਦਾ ਅਤੇ ਫੱਬਦਾ ਹੈ ! ਬੈਕੁੰਠ ਧਾਮ, ਸੂਰਜ ਬੰਸੀ ਟੈਮਪਲ ਦਾ ਦਰਵਾਜ਼ਾ 60000 ਰੁਪਏ ਦਾ ਹੈ । ਖ਼ਾਦਮ, ਨਾਚੀਜ਼ ਤਾਂ ਲਿਖੂੰਗਾ ਕਿ, 'ਸੋ ਦਰ ਕਿਹਾ ਸੋ ਘਰ ਕਿਹਾ ਜਿਤ ਬਹਿ ਸਰਬ ਸਮ੍ਹਾਲੇ ॥' ਖ਼ੁਦ ਗੁਰੂ ਨਾਨਕ ਦੇਵ ਜੀ ਮਹਾਰਾਜ, ਸੱਚੇ ਪਾਤਸ਼ਾਹ ਇਥੇ ਹੀ ਸੁਭਾਇਮਾਨ, ਬਿਰਾਜਮਾਨ ਹੋ ਕੇ ਸੰਸਾਰੀ ਜੀਵਾਂ ਨੂੰ ਉਨ੍ਹਾਂ ਦਾ ਜੀਵਨ ਬਣਾ ਕੇ ਸਿੱਧੇ ਰਾਹ ਪਾਉਂਦੇ ਹਨ, ਜੀਵਨ ਦਾਤਾ ਜੀਵਨ ਦੀਆਂ ਬਖਸ਼ਿਸ਼ਾਂ ਵਰਤਾਉਂਦੇ ਹਨ । ਊਨਾ ਸਾਹਿਬ ਦਾ ਸ੍ਰੀ ਗੁਰੂ ਗ੍ਰੰ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਅਸਥਾਨ 125 × 52 ਫੁਟ ਹਾਲ ਹਿਮਾਚਲ ਪ੍ਰਦੇਸ਼ ਵਿੱਚ ਆਪਣੀ ਮਿਸਾਲ ਆਪ ਹੀ ਹੈ ਜੋ ਜੋ ਪ੍ਰਾਣੀ ਬਾਬਾ ਜੀ ਦੇ ਸੰਪਰਕ ਵਿੱਚ ਆਇਆ ਉਸ ਨੇ ਆਪਣਾ ਅਤੇ ਆਪਣੇ ਪ੍ਰੀਵਾਰ ਦਾ ਜੀਵਨ ਬਣਾਇਆ ਸ੍ਰੀ ਹਜ਼ੂਰ ਬਾਬਾ ਬਿਕਰਮ ਸਿੰਘ ਜੀ ਮਹਾਰਾਜ ਦਾ ਗੁਰਦੁਆਰਾ ਜੋ ਗੁਰੂ ਮਹਾਰਾਜ ਦੀ ਨਗਰੀ ਅੰਮ੍ਰਿਤਸਰ ਵਿਚ ਹੈ ਪਿਆ ਦਿੱਤਾ ਹੀ ਸੀ ਕਿ ਬੀਮਾਰ ਹੋ ਗਏ ਅਤੇ ਸੰਗਤਾਂ ਤੋਂ 14 ਮਾਰਚ 1989 ਨੂੰ ਅਲੋਪ ਹੋਇ । ਸਾਰਾ ਸੰਸਾਰ ਹੀ ਹੰਝੂ ਭਰੀਆ ਅੱਖਾਂ ਨਾਲ ਸ਼ਰਧਾ ਦੇ ਫੁੱਲ ਭੇਂਟ ਕਰਦਾ ਹੈ । ਪਵਿੱਤ੍ਰ ਅਤੇ ਸਰਬ ਹਿਤੈਸ਼ੀ ਆਤਮਾ ਪ੍ਰਮਾਤਮਾ ਵਿਚ ਲੀਨ ਹੋ ਗਈ, ਦੁਨੀ 'ਚ ਉਦਾਸੀ ਛਾ ਗਈ, ਟਹਿਕਦੇ ਚਿਹਰੇ ਇਕ ਛਿਨ ਵਿਚ ਹੀ ਮੁਰਝਾ ਗਏ । ਨੈਣਾਂ ਨੇ ਅੱਥਰੂਆਂ ਦੀ ਛਹਿਬਰ ਲਾ ਦਿੱ ਇਕ ਬਬਾਣ ਬਣਾ ਕੇ ਕਿਲ੍ਹਾ ਊਨਾ ਸਾਹਿਬ 'ਚੋਂ ਉਠਾਇਆ ਗਿਆ । ਲੱਖਾਂ ਸ਼ਰਧਾਲੂਆਂ ਦੇ ਇਕੱਠ ਵਿਚ ਅੰਗੀਠਾ ਸਾਹਿ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਸਾਹਿਬ ਦੇ ਚਰਨਾਂ ਵਿਚ ਪਹੁੰਚਾਇਆ ਗਿਆ ਇਕ ਦਮ ਆਹਾਂ ਹੌਕੇ ਇਕ ਜਿਸ ਤਰਾਂ ਕਿ ਦੋ ਬੱਦਲੀਆਂ ਟੱਕਰਾ ਜਾਣ, ਅੱਥਰੂਆਂ ਦੀ ਵਰਖਾ ਹੋਣ ਲੱਗੀ । ਅੱਗ ਧਮਾਕੇ ਨਾਲ ਸਭਨਾਂ ਦੇ ਦਿ ਹਿੱਲੇ ਹਿਚਕੀਆਂ ਹਟਕੋਰੇ ਆਦਿ ਦਾ ਇਕ ਤੂਫ਼ਾਨ ਉੱਠਿਆ । ਲੱਖਾਂ ਅੱਖਾਂ ਵਿਚੋਂ ਅੱਥਰੂ ਜਾਰੀ ਅਤੇ ਤਾਰੀ ਸਨ ਨਿਆਣਾ, ਸਿਆਣਾ, ਬੱਚੇ ਬੱਚੀਆਂ ਵਿਦਿਆਰਥੀ ਵਿਦਵਾਨ ਨੱਢਾ ਬੁੱਢਾ ਸੱਜਲ ਨੈਣਾਂ ਤੋਂ ਆਂਸੂ ਕੇਰ ਰਿਹਾ ਸੀ । ਅੱਥਰੂ ਨਾਲ ਹੰਝੂਆਂ ਨਾਲ ਝੋਲੀਆਂ ਭਰ ਗਈਆਂ ਕਿਸੇ ਦਾ ਦੁਪੱਟਾ ਭਿੱਜ ਗਿਆ ਕਿਸੇ ਸੁਆਣੀ ਦਾ ਲੀੜਾ ਭਿੱਜ ਗਿਆ, ਨਚੋੜਿ ਤਾਂ ਲੱਪ, ਅੱਥਰੂਆਂ ਨਾਲ ਭਰ ਗਿਆ, ਹਰ ਖ਼ਾਸੋ ਆਮ, ਕਰਮਚਾਰੀ, ਅਹਿਲਕਾਰੀ, ਕੋਈ ਪਕੜੇ ਚੋਬ, ਚੋਬਦਾਰੀ, ਗੱਲ ਹਰ ਨਰ ਨਾਰੀ ਰੋ ਰਿਹਾ ਸੀ ਜਿਨ੍ਹਾਂ ਦਾ ਜੀਵਨ ਪਾਤਸ਼ਾਹਾਂ ਨੇ ਬਣਾਇਆ ਸੀ ਬਲਕਿ ਅੱਥਰੂਆਂ ਦੇ ਹੜ੍ਹ ਵਿਚ ਹਰ ਦੋਸ ਦੁਸ਼ਮਨ ਗੋਤੇ ਖਾ ਰਿਹਾ ਸੀ । ਜਲ, ਜੱਲ ਵਿਚ ਜਾ ਰਲਿਆ ਪਾਤਸ਼ਾਹਾਂ ਦਾ ਤੇਜ ਪੂਰਜ ਦੇਵਤੇ ਵਿਚ ਜਾ ਰਲਿਆ ! ਧੂੰਪ ਚੱਟ ਕਰ ਗਈ । ਰੂਹ ਨੇ ਪ੍ਰਵਾਜ਼ ਕੀਤਾ ਜੋਤੀ ਜੋਤ ਮਿਲੀ । ਸੰਪੂਰਨ ਥੀਆ ਰਾਮ, ਇਕ ਅਣੋਖੀ ਤੇ ਅਣੂਠੀ, ਅਨੂ ਜੋਤ ਦਾ ਤੇਜ਼ ਸ੍ਰੀ ਹਜ਼ੂਰ ਬਾਬਾ ਸਰਬ ਜੋਤ ਸਿੰਘ ਜੀ ਵਿਚ ਪਰਵੇਸ਼ ਕਰ ਗਿਆ ਤਦੇ ਤਾਂ ਗੁਰਬਾਣੀ ਸ਼ਾਹਦ ਹੈ :—

"ਸਰਬਜੋਤ ਮਹਿ ਤੇਰੀ ਜੋਤ ਪਸਰ ਰਹੀ ॥
ਜਹਿ ਜਹਿ ਦੇਖਾਂ ਤਹਿ ਤਹਿ ਨਰ ਹਰੀ ॥"

ਇਸ ਸਮੇਂ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਨਾਨਕਸਰ ਵਾਲਿਆਂ ਦੇ ਉੱਤਰ ਅਧਿਕਾਰੀਆਂ ਵਿਚੋਂ ਸ ਬਾਬਾ ਸਾਧੂ ਸਿੰਘ ਜੀ ਦੇ ਸੇਵਾਦਾਰ ਭਾਈ ਲੱਖਾ ਸਿੰਘ, ਸਤਿਨਾਮ ਸਿੰਘ, ਮੋਹਣ ਸਿੰਘ ਗਰੇਵਾਲ, ਅਮਰਜੀਤ ਸਿੰਘ ਸੁਖਮ ਸਾਹਿਬ ਦੇ ਗਾਇਕ ਸਰਜੀਤ ਸਿੰਘ, ਬਲਦੇਵ ਸਿੰਘ ਨੰਬਰਦਾਰ, ਮੁਖਤਿਆਰ ਸਿੰਘ, ਬਾਬਾ ਕੁੰਦਨ ਸਿੰਘ ਜੀ ਦੇ ਸੇਵਾਦ ਭਾਈ ਪ੍ਰੀਤਮ ਸਿੰਘ, ਭਜਨ ਸਿੰਘ, ਮੰਗਲ ਸਿੰਘ ਹਜ਼ੂਰੀ ਰਾਗੀ, ਕੇਹਰ ਸਿੰਘ ਜੀ ਜੱਟ ਰਾਗੀ ਗ਼ਦਰੀ ਬਾਬਿਆਂ ਦਾ ਸਪੁੱ ਕਾਬਲ ਸਿੰਘ ਸੰਤ ਰਾੜੇ ਵਾਲੇ ਦੇ ਸੇਵਾਦਾਰ, ਸੇਵਾ ਪੰਥੀ ਸੰਤ ਤਾਰਾ ਸਿੰਘ, ਸਤਿਨਾਮ ਸਿੰਘ ਅੰਮ੍ਰਿਤਸਰ ਦੇ ਮਿੱਠਾ ਟਿਵਾ

ਦੇ ਪ੍ਰਬੰਧਕ ਗਿਆਨੀ ਦਯਾ ਸਿੰਘ ਜੀ ਸੇਵਾ ਪੰਥੀ ਨਿਰਮਲੇ ਸੰਤ, "ਮਹੰਤ ਸ਼ਰੋਮਣੀ ਮਹੰਤ ਤੀਰਥ ਸਿੰਘ ਜੀ ਗੋਪਾਲ ਜੱਗ ਜਾਲੰਧਰ ਵਾਲੇ ਸ਼ਾਸ਼ਤਰੀ ਜੀ ਲੁਧਿਆਣਾ ਦੇ ਇੰਦਰ ਮੋਹਣ ਜੀ ਸਾਰੇ ਬਿਰਾਜਮਾਨ ਸਨ, ਹਰ ਮੱਤ ਧਰਮ ਦੇ ਮੁੱਖੀ ਸੇਵਾਦਾਰ ਹਾਜ਼ਰ ਸਨ, ਸੰਤ ਤ੍ਰਿਲੋਚਨ ਸਿੰਘ ਜੀ ਜਗਾਧਰੀ ਵਾਲੇ ਸ਼ਰੋਮਣੀ ਪ੍ਰਧਾਨਾਂ ਸਿਰ ਪਰਧਾਨ, ਪ੍ਰਧਾਨ ਜੀ ਮਹੰਤ ਤੀਰਥ ਸਿੰਘ ਜੀ ਮਹਾਰਾਜ, ਭਾਈ ਜਗਤਾ ਜੀ ਦੇ ਜਗਤ ਦੇ ਚਮਕਦੇ ਅਤੇ ਦਮਕਦੇ ਹੀਰੇ ਗੋਹਰੀ ਲਾਲ ਨੇ ਝਲਕ ਮਾਰੀ ਅਤੇ ਅਕਾਸ਼ਬਾਨੀ ਉੱਚਰੀ :—

ਕੌਣ ਕਹਿੰਦਾ ਹੈ ਕਿ ਬਾਬਾ ਮਧੂਸੂਦਨ ਸਿੰਘ ਜੀ ਜੋਤੀ ਜੋਤ ਸਮਾ ਗਏ ਹਨ ? ਹਾਜ਼ਰ ਆਈਆਂ ਲੱਖਾਂ ਸੰਗਤਾਂ ਨੂੰ ਜ਼ੋਰਦਾਰ ਅਪੀਲ ਦਲੀਲ ਦੁਆਰਾ ਸੰਬੋਧਨ ਕਰਦਿਆਂ ਗੜ੍ਹਕ ਕੇ ਉੱਚੀ ਸੁਰ ਵਿਚ ਫਰਮਾਉਣਾ ਕੀਤਾ, ਕਿ ਔਹ ਦੇਖੋ ਸਾਹਮਣੇ ਜੋਤ ਬਿਰਾਜਮਾਨ ਅਤੇ ਸੁਭਾਇਮਾਨ ਹੈ !" ਸ਼੍ਰੀ ਹਜ਼ੂਰ ਬਾਬਾ ਸਰਬਜੋਤ ਸਿੰਘ ਜੀ ਤੋਂ ਸਾਰੇ ਸੰਸਾਰ ਨੂੰ ਵੱਡੀਆਂ ਆਸਾਂ ਹਨ। ਗੁਰੂ ਮਹਾਰਾਜ ਇਨ੍ਹਾਂ ਨੂੰ ਤੰਦਰੁਸਤੀ ਬਖਸ਼ੇ, ਰਾਜ਼ੀ ਬਾਜ਼ੀ ਰੱਖੇ ਲੰਬੀ ਉਮਰ ਕਰੇ ਤਾਂ ਜੋ ਗੁਰਮੱਤ ਦਾ ਅਧੂਰਾ ਰਹਿ ਗਿਆ ਪ੍ਰਚਾਰ, ਮੁਹਿਮ ਤੇਜ਼ ਕਰਕੇ ਪੂਰਾ ਕਰ ਸਕਣ। ਖਾਦਮ, ਨਾਚੀਜ਼ ਭੀ ਪਾਤਸ਼ਾਹਾਂ ਦੇ ਜੋਤੀ ਜੋਤ ਸਮਾਉਣ ਤੇ ਲੱਖਾਂ ਕਰੋੜਾਂ ਸੰਗਤਾਂ ਦੇ ਵਿਛੋੜੇ ਵਿਚ ਸ਼ਰੀਕ ਹੁੰਦਾ ਹੋਇਆ ਲਿਖਦਾ ਹੈ ਕਿ :—

"ਸੱਚ ਵਣਜ ਦੇ ਸੁਜਾਨ ਵਣਜਾਰਿਆਂ ਦੇ ਨਿੱਜ ਧਾਮ ਜਾਣ ਤੇ ਝੂਰਿਆ ਵੀ ਨਹੀਂ ਜਾ ਸਕਦਾ ? ਪਰ ਹੁਣ ਉਨ੍ਹਾਂ ਦੀ ਸਰੀਰਕ ਅਣਹੋਂਦ ਦਾ ਘਾਟਾ ਵੀ ਘਟਾਇਆ ਨਹੀਂ ਜਾ ਸਕਦਾ ਹੈ। ਖ਼ਾਦਮ ਨਾਚੀਜ਼ ਤਾਂ ਤਨੋਂ ਮਨੋਂ ਸ਼ਰਧਾਂਜਲੀ ਸ਼ਰਧਾਂਜਲੀ ਭੇਂਟ ਕਰਦਾ ਹੈ। ਧੰਨ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਲੋਕ ਪ੍ਰਲੋਕ ਦੇ ਮਾਲਕ ਦੀ ਫ਼ਰਮਾਈ ਮਿੱਠੀ ਰਸਨਾ ਦੁਆਰਾ 23ਵੀਂ ਅਸ਼ਟਪਦੀ ਅੰਤਮ ਤੁੱਕ ਦਾ ਸਹਾਰਾ ਲੈ ਕੇ ਇਕ ਸ਼ਰਧਾਂਜਲੀ, ਪੁਸ਼ਪਾਂਜਲੀ ਰੂਪ ਵਿਚ ਲੇਖ ਦੀ ਸਮਾਪਤੀ ਕਰਦਾ ਹੈ। 'ਆਪ ਮੁਕਤ, ਮੁਕਤ ਕਰੇ ਸੰਸਾਰ, ਨਾਨਕ ਤਿਸ ਜਨ ਕੋ ਸਦਾ ਨਮਸਕਾਰ ॥' ਸਤਿਨਾਮ ਸ੍ਰੀ ਵਾਹਿਗੁਰੂ ਨਾਮ ਚਿੱਤ ਆਵੇ !

— ਨਾਚੀਜ਼ ਖ਼ਾਦਮ ਗਿਆਨੀ ਸਾਧੂ ਸਿੰਘ ਸਿੱਧਵਾਂ ਬੇਟਵੀ (ਚੌਕਦਾਰ)



**ਸ੍ਰੀਮਾਨ 108 ਮਹੰਤ ਗੁਲਾਬ ਸਿੰਘ ਜੀ (ਸੇਵਾ ਪੰਥੀ ਜੀ)**
**ਗੋਨਿਆਣਾ ਮੰਡੀ**

# ਵੰਸ਼-ਵਰਣਨ

**ਕਰਤਾ : ਮੁਨਸ਼ੀ ਸੰਤ ਸਿੰਘ**

**ਸੰਪਾਦਕ : ਡਾ. ਗੰਡਾ ਸਿੰਘ**

ਸ੍ਰੀ ਵਾਹਿਗੁਰੂ ਜੀ ਦੀ ਸਿਫਤ-ਸਲਾਹ ਅਤੇ ਜਗਤ-ਪਾਲਕ ਪ੍ਰਮਾਤਮਾ ਦੀ ਪ੍ਰਸੰਸਾ ਉਪਰੰਤ, ਦੋਵੇਂ ਜਹਾਨਾਂ ਤਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਿਰਪਾਲੂ ਵੰਸ਼ ਦੇ ਵਰਣਨ ਦਾ ਅਰੰਭ ਸੂਰਜ ਭਗਵਾਨ ਤੋਂ ਬਾਬਾ ਸੁਜਾਨ ਸਿੰਘ ਜੋ ਸਤਿਗੁਰਾਂ ਦੀ ਗੱਦੀ ਉੱਤੇ ਬਿਰਜਮਾਨ ਹਨ ਤਕ ਇਸ ਸਿਰਲੇਖ ਨਾਲ ਕੀਤਾ ਜਾਂਦਾ ਹੈ। ਸਭ ਤੋਂ ਪਹਿਲਾਂ ਉੱਚਿਤ ਮੁਨਾਸਿਬ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਵਡੇਰਿਆਂ ਦੇ ਪਵਿੱਤਰ ਨਾਂ, ਜਿੱਥੇ ਤੀਕ ਮਿਲ ਸੱਕਣ ਲਿਖਕੇ ਉਨ੍ਹਾਂ ਬੇਦੀ ਅਖਵਾਉਣ ਦਾ ਕਾਰਨ ਬਿਆਨਿਆ ਜਾਏ। ਉਹ ਨਿਮਨ ਲਿਖਤ ਹਨ।

| ਨੰ: | ਪੀੜ੍ਹੀ ਦਾ ਨਾਂ | ਵਿਸ਼ੇਸ਼ ਕਥਨ |
|---|---|---|
| 1. | ਸੂਰਜ ਭਗਵਾਨ | ਉਹ ਸੂਰਜ ਜੋ ਅਕਾਸ਼ ਵਿਚ ਰੌਸ਼ਨੀ ਕਰਦਾ ਹੈ, ਉਸ ਤੋਂ ਇਹ ਕੁਲ ਅਰੰਭ ਹੋਈ। |
| 2. | ਸਵੰਮਭੂਮਨੁ | ਉਸ ਨੇ ਆਪਣੀ ਪਤਨੀ ਰਾਣੀ ਸਤ ਰੂਪਾ ਸਹਿਤ ਬੜਾ ਤਪ ਕੀਤਾ। |
| 3. | ਅਕਵਾਕੁ | ਇਹ ਇਕ ਮੁਨੀ ਦੀ ਛਿੱਕ ਤੋਂ ਜੰਮਿਆ। ਅਯੁਧਿਆ ਪੁਰੀ ਨੂੰ ਆਪਣੀ ਰਾਜਧਾਨੀ ਬਣਾ ਬੜਾ ਤਪ ਕੀਤਾ। ਇਸ ਕੁਲ ਦਾ ਸਭ ਤੋਂ ਪਹਿਲਾ ਇਹੋ ਰਾਜਾ ਸੀ। |
| 4. | ਵਿਕੁਖੀ | ਇਸ ਦਾ ਨਾਂ ਅੱਧਾ ਸ਼ਿਕਾਰ, ਜੋ ਉਸ ਨੇ ਆਪਣੇ ਪਿਤਾ ਜੰਨਹ ਸਰਾਵਾ ਦੇ ਹੁਕਮ ਨ ਲਿਆਂਦਾ ਸੀ ਦੇ ਖਾਣ ਕਰਕੇ ਅਤੇ ਪਿਤਾ ਦੇ ਸਰਾਪ ਦੇ ਕਾਰਨ ਹੋਇਆ ਭਾਵ ਸ਼ਿਕ ਖਾਣ ਵਾਲਾ। |
| 5. | ਪੂਰੰਜੀਅ | ਕਾਕੂਦ ਬਲਦ ਉੱਤੇ ਚੜ੍ਹਨ ਦੇ ਕਾਰਨ ਇਸ ਦੇ ਦੋ ਨਾਂ ਕਾਕਤ ਅਤੇ ਇੰਦਰਵਾਹੂ ਪਏ। ਸੁ ਵਿਚ ਇਹ ਬਲਦ ਇੰਦਰ ਬਣਿਆ ਸੀ। |
| 6. | ਅਨੇਨਾ | ਆਪਣੇ ਸਮੇਂ ਵਿਚ ਇਹ ਰਾਜਾ ਬੜਾ ਬਲਵਾਨ ਹੋਇਆ। ਬਹੁਤ ਸਾਰੇ ਵੈਰੀਆਂ ਨੂੰ ਯ ਵਿਚ ਜਿੱਤ ਕੇ ਆਪਣਾ ਰਾਜ ਸ਼ੁਰੂ ਕੀਤਾ। |
| 7. | ਪ੍ਰਥੁ | ਆਪਣੇ ਪਿਤਾ ਤੋਂ ਮਗਰੋਂ ਇਹ ਰਾਜ ਸਿੰਘਾਸਣ ਤੇ ਬੈਠਿਆ। |
| 8. | ਵਿਸ਼ਵ ਰਾਸ਼ੂ | ਉਕਤ ਕਥਨ ਦੀ ਤਰ੍ਹਾਂ। |
| 9. | ਆਰਦਰ | ,, ,, |
| 10. | ਬਾਦਰ ਆਰਦਰ | ,, ,, |
| 11. | ਯੁਵਨਾਸ਼ਵ | ,, ,, |
| 12. | ਸ਼੍ਰਾਵ ਸਤ | ਇਸ ਰਾਜੇ ਨੇ ਅਯੁਧਿਆ ਦੇ ਨੇੜੇ ਆਪਣੇ ਨਾਂ ਉੱਤੇ ਇਕ ਨਵਾਂ ਸ਼ਹਿ |

ਸ਼ਰਾਉਸਤੀ ਵਸਾਇਆ।

13. ਬ੍ਰਹਤ ਅਸ਼ਵ — ਸੰਸਕ੍ਰਿਤ ਵਿਚ ਬ੍ਰਹਦ ਵੱਡਾ ਅਤੇ ਅਸ਼ਵ ਘੋੜੇ ਨੂੰ ਕਹਿੰਦੇ ਹਨ। ਵੱਡੇ ਘੋੜੇ ਉੱਤੇ ਉਹ ਸੁਆਰੀ ਕਰਦਾ ਸੀ, ਇਸ ਲਈ ਉਸ ਦਾ ਇਹ ਨਾਂ ਪਿਆ।

14. ਕਵੱਲਿਆਸ਼ਵ — ਦੁੰਦੂ ਰਾਕਸ਼ ਨੇ ਇਸ ਰਾਜਾ ਦੇ 99 ਪੁੱਤਰਾਂ ਨੂੰ ਮਾਰ ਦਿੱਤਾ, ਇਨ੍ਹਾਂ ਦਾ ਬਦਲਾ ਲੈਣ ਲਈ ਰਾਜਾ ਨੇ ਉਸ ਦੈਂਤ ਨੂੰ ਪਾਰ ਬੁਲਾਇਆ। ਇਸ ਲਈ ਇਸ ਰਾਜੇ ਦਾ ਦੂਜਾ ਨਾਂ ਦੁੰਦੂ ਮਾਰ ਪੈ ਗਿਆ।

15. ਦ੍ਰਿੜ੍ਹਅਸ਼ਵ — ਇਸ ਦਾ ਘੋੜਾ ਬੜਾ ਬਲਵਾਨ ਸੀ, ਇਸ ਲਈ ਇਸ ਦਾ ਇਹ ਨਾਂ ਪਿਆ। ਦ੍ਰਿੜ੍ਹ ਦੇ ਅਰਥ ਹਨ ਬਲਵਾਨ ਅਤੇ ਅਸ਼ਵ ਦੇ ਅਰਥ ਹਨ ਘੋੜਾ।

6. ਹਰੀਸ਼ਵ — ਇਸ ਰਾਜੇ ਨੇ ਬੜੇ ਧਰਮ ਅਤੇ ਜਸ ਸਹਿਤ ਰਾਜ ਕੀਤਾ। ਬੁਢਾਪੇ ਵਿਚ ਆਪਣੇ ਪੁੱਤਰ ਨੂੰ ਰਾਜ-ਸਿੰਘਾਸਣ ਉੱਤੇ ਬਿਠਾ ਕੇ ਆਪ ਪਰਮਾਤਮਾ ਦੀ ਭਗਤੀ ਵਿਚ ਰੁੱ ਗਿਆ।

7. ਨਿਕੋ ਥੰਭ — ਆਪਣੇ ਪਿਤਾ ਤੋਂ ਮਗਰੋਂ ਰਾਜ-ਗੱਦੀ ਉੱਤੇ ਬੈਠਿਆ।

8. ਸੰਗਤ ਅਸ਼ਵ — ਇਸ ਨੇ ਨਾਲ ਵੱਡੀ ਘੋੜੀ ਅਤੇ ਫੌਜ ਵਿਚ ਵੀ ਅਜਿਹੀਆਂ ਘੋੜੀਆਂ ਹੁੰਦੀਆਂ ਸਨ ਇਸ ਲਈ ਇਸ ਦਾ ਇਹ ਨਾਂ ਪਿਆ।

9. ਪ੍ਰਸੇਨ ਜਿੱਤ — ਇਸ ਦੇ ਨਾਂ ਦੇ ਅਰਥ ਹਨ ਬੇਗਾਨੀ ਫੌਜ ਨੂੰ ਜਿੱਤਣ ਵਾਲਾ। ਇਸ ਦੀ ਰਾਣੀ "ਗੌਰੀ" ਨੇ ਆਪਣੇ ਪਤੀ ਦੀ ਆਗਿਆ ਨਾਲ "ਬੁੱਧਾ" ਨਾਮਕ ਨਦੀ ਨੂੰ ਜਾਰੀ ਕੀਤਾ।

0. ਯੁਵਨਾਸ਼ਵ — ਇਸ ਨੇ ਉਲਾਦ ਪ੍ਰਾਪਤ ਕਰਨ ਲਈ ਜੱਗ ਕੀਤਾ। ਅੱਧੀ ਰਾਤ ਸਮੇਂ ਅਣਜਾਣਪੁਣੇ ਵਿਚ ਤੇਹ ਲੱਗਣ ਕਰਕੇ ਉਸ ਗੜਵੇ ਵਿਚੋਂ ਪਾਣੀ ਪੀ ਲਿਆ, ਜੋ ਬ੍ਰਾਹਮਣਾਂ ਨੇ ਰਾਣੀ ਲਈ ਰੱਖਿਆ ਸੀ। ਉਸ ਨੂੰ ਗਰਭ ਹੋ ਗਿਆ। ਉਸ ਦਾ ਪਾਸਾ ਚੀਰ ਕੇ ਬੱਚਾ ਕੱਢਿਆ।

1. ਮਾਨਧਾਤਾ — ਜਦ ਪਿਉ ਦੇ ਪਾਸੇ ਤੋਂ ਜੰਮਿਆ, ਤਾਂ ਇਹ ਕਿਸ ਦਾ ਦੁਧ ਪੀਂਦਾ। ਇੰਦਰ ਪ੍ਰਗਟ ਹੋਇਆ ਅਤੇ ਆਪਣਾ ਨਰ ਅੰਗੂਠਾ ਉਸ ਦੇ ਮੂੰਹ ਵਿਚ ਦਿੱਤਾ ਅਤੇ ਕਿਹਾ ਕਿ ਮਾਨਧਾਤਾ ਅਰਥਾਤ ਕਿ ਮੈਥੋਂ ਪੀਏਂਗਾ। ਇਸ ਤੋਂ ਇਸ ਦਾ ਇਹ ਨਾਂ ਪਿਆ ਅੰਮ੍ਰਿਤ ਨਾਲ ਲਿਬੜੇ ਅੰਗੂਠੇ ਤੋਂ ਪਲਿਆ। ਇਸ ਰਾਜੇ ਨੇ ਬੜਾ ਰਾਜ ਕੀਤਾ। ਇ ਬੜਾ ਚੱਕਰਵਰਤੀ ਰਾਜਾ ਹੋਇਆ ਹੈ।

2. ਪੁਰੁ ਕੁਤਸ — ਰਾਣੀ ਨਰੰਧਾ ਸਪੁੱਤਰੀ ਨਾਗ (ਸ਼ੇਸ਼ ਨਾਗ) ਪਤਾਲ ਪਤੀ ਨਾਲ ਵਿਆਹ ਹੋਣ ਦੇ ਕਾਰ ਉਸ ਦੇ ਵੈਰੀ 5 ਕਰੋੜ ਗੰਧਰਬਾਂ ਨੂੰ ਮਾਰ ਕੇ ਨਾਗਾਂ ਦਾ ਡਰ ਦੂਰ ਕੀਤਾ।

3. ਤ੍ਰਿਸ਼ਤਸ਼ਵ — ਆਪਣੇ ਪਿਤਾ ਮਗਰੋਂ ਇਹ ਰਾਜਾ ਬਣਿਆ।

4. ਸੰਭੂਤ — ਉਕਤ ਕਥਨ ਦੀ ਤਰ੍ਹਾਂ।

5. ਅਨਾਰਣੇਹਿ — ,, ,,

6. ਪ੍ਰਸ ਅਸ਼ਵ — ,, ,,

7. ਹਰੀਸ਼ਵ — ,, ,,

| | | |
|---|---|---|
| 28. | ਵਸੋਮਾਨ | ਇਸ ਦਾ ਦੂਜਾ ਨਾਂ ਸੋਧਨਾ ਅਰਥਾਤ ਸੁੰਦਰ (ਚੰਗੀ ਕਮਾਨ ਵਾਲਾ) ਤੀਰ ਅੰਦਾਜ਼ੀ ਵਿਚ, ਇਹ ਰਾਜਾ ਬੜਾ ਹੁਸ਼ਿਆਰ ਸੀ। |
| 29. | ਤ੍ਰਿਸ਼ਨਾ | ਆਪਣੇ ਪਿਤਾ ਤੋਂ ਮਗਰੋਂ ਇਹ ਰਾਜਾ ਹੋਇਆ। |
| 30. | ਤ੍ਰਯਾਰਨੰਹਿ | ਉਕਤ ਕਥਨ ਦੀ ਤਰ੍ਹਾਂ। |
| 31. | ਸੱਤ ਬ੍ਰਤ | ਇਸ ਦਾ ਦੂਜਾ ਨਾਂ ਤ੍ਰਿਸ਼ੰਕੂ ਇਸ ਲਈ ਪਿਆ ਕਿਉਂਕਿ ਇਸ ਤੋਂ ਤਿੰਨ ਸ਼ੰਕੇ ਹੋਏ ਭਾਵ ਪਹਿਲਾ ਕਾਮ ਵੱਸ ਹੋ ਕੇ ਇਸ ਨੇ ਕਿਸੇ ਇਸਤ੍ਰੀ ਨੂੰ ਜ਼ੋਰੋ ਜ਼ੁਲਮੀ ਆਪਣੇ ਘਰ ਲੈ ਆਂਦਾ। ਪਿਤਾ ਕ੍ਰੋਧਵਾਨ ਹੋਇਆ। ਇਸ ਨੂੰ ਸਰਾਪ ਦੇ ਕੇ ਘਰੋਂ ਕੱਢ ਦਿੱਤਾ। ਵਿਸ਼ਵ ਮਿੱਤਰ ਦੀ ਨੌਕਰੀ ਵਿਚਕਾਰ ਅਤਿਆਚਾਰੀਆਂ ਨਾਲ ਮਿਲ ਕੇ ਗਊਆਂ ਅਤੇ ਵਸ਼ਿਸ਼ਟ ਮੁਨੀ ਨੂੰ ਕਤਲ ਕੀਤਾ। ਵਸ਼ਿਸ਼ਟ ਜੀ ਨੇ ਸਰਾਪ ਦਿੱਤਾ ਕਿ ਇਸ ਨੂੰ ਸੁਰਗ ਪ੍ਰਾਪਤੀ ਨਾ ਹੋਵੇ। ਤੀਜਾ ਸੰਸਕਾਰ ਤੋਂ ਬਿਨਾਂ ਬੇਹੱਕਾ ਮਾਸ ਖਾਇਆ। ਅੰਤ ਵਿਚ ਵਿਸ਼ਵਾਮਿੱਤਰ ਨੇ ਸੇਵਾ ਤੋਂ ਪ੍ਰਸੰਨ ਹੋ ਕੇ ਵਰ ਦਿੱਤਾ ਅਤੇ 12 ਬਰਸ ਦੀ ਮਿਆਦ ਉਪਰੰਤ ਪਿਤਾ ਨੇ ਸੱਦ ਕੇ ਇਸ ਨੂੰ ਰਾਜ ਸੰਭਾਲ ਦਿੱਤਾ। ਵਿਸ਼ਵਾ ਮਿੱਤਰ ਨੇ ਜੱਗ ਕਰਾਇਆ ਅਤੇ ਇਸ ਨੂੰ ਸੁਰਗ ਤੀਕ ਪੁਚਾਇਆ ਪਰ ਸੁਰਗੋਂ ਸੁਟਿਆ ਗਿਆ। |
| 2. | ਹਰੀ ਚੰਦਰ | ਇਹ ਰਾਜਾ ਬੜਾ ਪੁੰਨੀ ਅਤੇ ਧਰਮੀ। ਹੋਇਆ ਧਰਮ ਦੀ ਸਥਾਪਤੀ ਲਈ ਚੰਡਾਲਾਂ ਕੋਲ ਵਿਕ ਗਿਆ। ਆਪਣੀ ਰਾਣੀ ਅਤੇ ਪੁੱਤਰ ਨੂੰ ਵੇਚ ਦਿੱਤਾ। ਬੜੇ ਕਸ਼ਟ ਝੱਲੇ, ਪਰ ਧਰਮ ਨਹੀਂ ਤਿਆਗਿਆ। ਅੰਤ ਵਿਚ ਰਾਜ ਪ੍ਰਾਪਤ ਕੀਤਾ। |
| 3. | ਰੋਹਿਤ ਅਸ਼ਵ | ਇਸ ਰਾਜੇ ਨੇ ਇਕ ਸ਼ਹਿਰ ਵਸਾਇਆ। ਇਸ ਦਾ ਨਾਂ ਆਪਣੇ ਨਾਂ ਤੇ ਰੋਹਿਤ ਪੁਰ ਰਖਿਆ। ਫੇਰ ਸੰਕਲਪ ਕਰਕੇ ਬ੍ਰਾਹਮਣਾਂ ਨੂੰ ਦੇ ਦਿੱਤਾ। |
| 4. | ਹਰਿਤ | ਆਪਣੇ ਪਿਤਾ ਤੋਂ ਮਗਰੋਂ ਰਾਜਾ ਬਣਿਆ। |
| 5. | ਚੁੰਚੂ | ਉਕਤ ਕਥਨ ਦੀ ਤਰ੍ਹਾਂ। |
| 6. | ਬਿਜੈਜ | ਇਸ ਰਾਜੇ ਨੇ ਬਹੁਤ ਛੱਤਰੀਆਂ ਭਾਵ ਬਹੁਤ ਰਾਜਿਆਂ ਨੂੰ ਜੰਗ ਵਿਚ ਜਿਤਿਆ ਅਤੇ ਬੜਾ ਚਿਰ ਰਾਜ ਕੀਤਾ। |
| 7. | ਰੁਰੁਕ | ਆਪਣੇ ਪਿਤਾ ਤੋਂ ਮਗਰੋਂ ਰਾਜ ਸਿੰਘਾਸਣ ਤੇ ਬੈਠਿਆ। |
| 38. | ਬਰਕ | ਉਕਤ ਕਥਨ ਦੀ ਤਰ੍ਹਾਂ |
| 39, | ਬਾਹੂ | ਇਸ ਦੀਆਂ ਦੋ ਰਾਣੀਆਂ ਸਨ। ਜਿਨ੍ਹਾਂ ਵਿਚੋਂ ਗਰਭਵਤੀ ਰਾਣੀ ਨੂੰ ਦੂਜੀ ਨੇ ਜ਼ਹਿਰ ਦੇ ਦਿੱਤਾ। ਆਪ ਹੀ ਮਰ ਗਈ। ਗਰਭਵਤੀ ਰਾਣੀ ਦਾ ਗਰਭ ਬੰਦ ਰਿਹਾ। ਅੱਚਣਚੇਤ ਰਾਜਾ ਉੱਤੇ ਬਿਪਤਾ ਪੈ ਗਈ, ਰਾਣੀ ਨਾਲ ਗਈ। ਰਾਜਾ ਜੰਗਲ ਵਿਚ ਮਰ ਗਿਆ। ਰਾਣੀ ਨੇ ਉਸ ਨਾਲ ਸਤੀ ਹੋਣਾ ਚਾਹਿਆ, ਪਰ ਉਰ੍ਹਹ ਨਾਮਕ ਰਿਖੀਸ਼ਰ ਨੇ ਉਸ ਨੂੰ ਸੜਨ ਨਾ ਦਿੱਤਾ। ਜ਼ਹਿਰ ਖਾਣ ਤੋਂ ਸੱਤ ਸਾਲ ਮਗਰੋਂ ਬੱਚਾ ਜੰਮਿਆ। |
| 40. | ਸਗਰ | ਇਸ ਦਾ ਇਹ ਨਾਂ ਇਸ ਲਈ ਪਿਆ ਕਿਉਂਕਿ ਇਹ ਜ਼ਹਿਰ ਪੀਣ ਉਪਰੰਤ ਵੀ ਜ਼ਿੰਦਾ ਰਿਹਾ। ਇਹ ਨਾਂ ਰਿਖੀਸ਼ਰ ਨੇ ਰੱਖਿਆ। ਮਗਰੋਂ ਪਾਲਕੇ ਹਰ ਪ੍ਰਕਾਰ ਦੇ ਹੁੱਨਰ ਦੀ ਸਿੱਖਿਆ ਦਿੱਤੀ। ਜੁਆਨ ਹੋ ਕੇ ਆਪਣੀ ਮਾਤਾ ਤੋਂ ਆਪਣੇ ਵੱਡੇ |

ਵਡੇਰਿਆਂ ਦਾ ਬ੍ਰਿਤਾਂਤ ਸੁਣਕੇ ਰਿਆਸਤ ਵਿਚ ਇਕੱਲਾ ਹੀ ਚਲਾ ਗਿਆ। ਰਿਆਸਤ ਉੱਤੇ ਅਧਿਕਾਰ ਜਮਾਉਣ ਵਾਲੇ ਵੈਰੀਆਂ ਨੂੰ ਮਾਰ ਕੇ ਆਪਣੇ ਪਿਤਾ ਦੀ ਰਿਆਸਤ ਦਾ ਕਬਜ਼ਾ ਲੈ ਲਿਆ। ਜਿਹੜੇ ਵੈਰੀ ਵਸ਼ਿਸ਼ਟ ਮੁਨੀ ਦੀ ਸ਼ਰਨ ਵਿਚ ਚਲੇ ਗਏ, ਉਨ੍ਹਾਂ ਦੇ ਸਰੀਰ ਉੱਤੇ ਸਦੀਵੀ ਨਿਸ਼ਾਨ ਲਾ ਕੇ ਉਨ੍ਹਾਂ ਦੀ ਜਾਨ ਬਖਸ਼ੀ ਕਰ ਦਿੱਤੀ। ਵਸ਼ਿਸ਼ਟ ਮੁਨੀ ਦੇ ਵਰ ਨਾਲ ਦੋ ਰਾਣੀਆਂ ਤੋਂ 60 ਹਜ਼ਾਰ ਪੁੱਤਰ ਪੈਦਾ ਹੋਏ। ਉਹ ਅਸ੍ਵਮੇਧ ਜੱਗ ਦੇ ਘੋੜੇ ਦੀ ਭਾਲ ਵਿਚ, ਜੋ ਇੰਦਰ ਨੇ ਪਤਾਲ ਵਿਚ ਕਪਲਮੁਨੀ ਕੋਲ ਲੁਕਾ ਰੱਖਿਆ ਸੀ, ਗਏ, ਮੁਨੀ ਦੇ ਸਰਾਪ ਤੋਂ ਨਸ਼ਟ ਹੋ ਗਏ। ਮਗਰੋਂ ਸਗਰ ਦੇ ਪੋਤੇ ਨੇ ਮੁਨੀ ਨੂੰ ਪ੍ਰਸੰਨ ਕਰਕੇ ਵਰ ਪ੍ਰਾਪਤ ਕੀਤਾ। ਮੋਏ ਪਿਤਰਾਂ ਦੀ ਮੁਕਤੀ ਗੰਗਾ ਜੀ ਦੇ ਆਉਣ ਤੋਂ ਹੋ ਗਈ ਅਤੇ ਜੱਗ ਸੰਪੂਰਣ ਕੀਤਾ।

| | | |
|---|---|---|
| 41. | ਅਸਮੰਜਸ | ਇਹ ਵੀ ਆਪਣੇ ਸੱਠ ਹਜ਼ਾਰ ਭਾਈਆਂ ਨਾਲ ਮਰ ਗਿਆ। |
| 42. | ਅਨਸੁਮਾਨ | ਕਿਉਂਕਿ ਇਸ ਦਾ ਪਿਤਾ ਆਪਣੇ ਭਾਈਆਂ ਸਹਿਤ ਪ੍ਰਲੋਕ ਸਿਧਾਰ ਗਿਆ ਸੀ, ਇਸ ਲਈ ਅਨਸ਼ੁਮਾਨ ਨੇ ਸਗਰ ਰਾਜੇ ਤੋਂ ਮਗਰੋਂ ਰਾਜ ਪ੍ਰਾਪਤ ਕੀਤਾ। |
| 43. | ਕਡਵਾਂਗ | ਇਸ ਦਾ ਦੂਜਾ ਨਾਂ ਦਲੀਪ ਪ੍ਰਸਿੱਧ ਹੈ ਅਤੇ ਦਿੱਲੀ ਸ਼ਹਿਰ ਇਸ ਨੇ ਆਪਣੇ ਨਾਂ ਤੇ ਵਸਾਇਆ। |
| 44. | ਭਾਗੀਰਥ | ਇਸ ਨੇ ਬੜਾ ਤਪ ਕੀਤਾ ਅਤੇ ਆਪਣੇ ਪਿਤਰਾਂ ਦੀ ਮੁਕਤੀ ਲਈ ਬ੍ਰਹਮਾ, ਬਿਸ਼ਨ ਅਤੇ ਮਹੇਸ਼ ਨੂੰ ਪ੍ਰਸੰਨ ਕਰਕੇ ਸ਼ਿਵਲੋਕ ਭਾਵ ਹਿਮਾਲਾ ਤੋਂ ਗੰਗਾ ਲਿਆਂਦੀ। |
| 45. | ਸੁਰਤ | ਆਪਣੇ ਪਿਤਾ ਤੋਂ ਮਗਰੋਂ ਰਾਜ ਸਿੰਘਾਸਣ ਤੇ ਬੈਠਾ |
| 46. | ਨਾਭਾਗ | ਉਕਤ ਕਥਨ ਦੀ ਤਰ੍ਹਾਂ |
| 47. | ਅੰਬਰੀਸ਼ | ,, ,, |
| 48. | ਸਿੰਧੂ ਦੀਪ | ,, ,, |
| 49. | ਅਯੁਤਾਸ੍ਵ | ,, ,, |
| 50. | ਰਿਤੂ ਪ੍ਰਣ | ਇਹ ਰਾਜਾ ਜੂਆ ਖੇਡਣ, ਦਰੱਖਤਾਂ ਦੇ ਪੱਤੇ ਅਤੇ ਅਨਾਰ ਦੇ ਦਾਣਿਆਂ ਆਦਿ ਦੀ ਗਿਣਤੀ ਵਿਚ ਬੜਾ ਹੁਸ਼ਿਆਰ ਸੀ। |
| 51. | ਸਰਵਕਾਮ | ,, ,, |
| 52. | ਸੁਦਾਸਾ | ,, ,, |
| 53. | ਮਿਤ੍ਰ ਸਹਿ | ਇਕ ਦਿਨ ਜਦ ਇਹ ਸ਼ਿਕਾਰ ਖੇਡ ਰਿਹਾ ਸੀ, ਦੋ ਰਾਕਸ਼ ਵੱਡੇ ਸ਼ੇਰ ਦੀ ਸ਼ਕਲ ਵਿਚ ਆਏ। ਇਕ ਮਾਰ ਲਿਆ ਅਤੇ ਦੂਜਾ ਲੁਕ ਗਿਆ। ਉਹ ਆਪਣੇ ਭਾਈ ਦਾ ਬਦਲਾ ਲੈਣ ਲਈ ਧੋਖਾ ਦੇਣ ਲਗਾ। ਰਸੋਈਏ ਦਾ ਭੇਸ ਧਾਰਕੇ ਰਾਜਾ ਕੋਲ ਨੌਕਰ ਹੋ ਗਿਆ। ਇਕ ਦਿਨ ਰਾਜਾ ਨੇ ਵਸ਼ਿਸ਼ਟ ਜੀ ਨੂੰ ਭੋਜਨ ਤੇ ਸੱਦਿਆ। ਰਸੋਈਏ ਨੇ ਮਨੁੱਖ ਦਾ ਮਾਸ ਪਕਾਇਆ ਅਤੇ ਆਪ ਲੁਕ ਗਿਆ। ਵਸ਼ਿਸ਼ਟ ਮੁਨੀ ਨੇ ਭੋਜਨ ਨੂੰ ਵੇਖਕੇ ਨਾਲਾਇਕ ਰਾਜੇ ਨੂੰ ਸਰਾਪ ਦੇ ਦਿੱਤਾ ਕਿ ਤੂੰ ਰਾਕਸ਼ ਹੋਵੇਂਗਾ। ਮਗਰੋਂ ਰਾਜੇ ਦੀ ਨਿਰਦੋਸ਼ੀ ਦੀ ਗਿਆਤ ਪ੍ਰਾਪਤ ਕਰਕੇ ਸਰਾਪ ਦੀ ਮਿਆਦ 12 ਸਾਲ ਨੀਅਤ ਹੋਈ। ਰਾਜੇ ਨੇ ਆਪਣੇ ਆਪ ਨੂੰ ਨਿਰਦੋਸ਼ੀ ਹੋਣ ਤੇ ਸਰਾਪ ਮਿਲਣ |

ਕਰਕੇ ਆਪਣੇ ਹੱਥ ਵਿਚ ਪਾਣੀ ਲੈ ਕੇ ਵਸ਼ਿਸ਼ਟ ਮੁਨੀ ਨੂੰ ਸਰਾਪ ਦੇਣਾ ਚਾਹਿਆ, ਪਰ ਰਾਣੀ ਨੇ ਰੋਕ ਦਿੱਤਾ। ਉਹ ਮੰਤ੍ਰ ਮਿਲਿਆ ਪਾਣੀ, ਜਦ ਪੈਰਾਂ ਤੇ ਡਿਗਿਆ, ਪੈਰ ਕਾਲੇ ਹੋ ਗਏ, ਇਸ ਲਈ ਇਸ ਦਾ ਦੂਜਾ ਨਾਂ ਕਲਮਾਸ਼ਪਾ ਵੀ ਹੋਇਆ ਅਤੇ ਜਦ ਇਹ ਰਾਕਸ਼ ਹੋ ਕੇ ਜੰਗਲ ਵਿਚ ਫਿਰਾ ਕਰਦਾ ਸੀ, ਇਕ ਬ੍ਰਾਹਮਣ ਨੇ ਕਿਹਾ-ਸੀ ਕਿ ਬ੍ਰਾਹਮਣੀ ਦੇ ਸਰਾਪ ਦੇ ਕਾਰਨ 12 ਸਾਲ ਦੀ ਮਿਆਦ ਗੁਜ਼ਰਨ ਅਤੇ ਰਾਜ ਉੱਤੇ ਅਧਿਕਾਰ ਜਮਾਉਣ ਮਗਰੋਂ ਵੀ ਉਹ ਇਸਤਰੀ ਕੋਲ ਨਹੀਂ ਸੀ ਜਾ ਸਕਦਾ, ਪਰ ਵਸ਼ਿਸ਼ਟ ਦੀ ਪ੍ਰਾਰਥਨਾ ਕਰਕੇ ਰਾਣੀ ਗਰਭਵਤੀ ਹੋਈ, ਪਰ 5 ਸਾਲ ਤੱਕ ਬੱਚਾ ਪੈਦਾ ਨਾ ਹੋਇਆ, ਅੰਤ ਵਿਚ ਵਸ਼ਿਸ਼ਟ ਮੁਨੀ ਨੇ ਪੱਥਰ ਨਾਲ ਢਿੱਡ ਚੀਰ ਕੇ ਬੱਚਾ ਕੱਢਿਆ।

੪. ਅਸ਼ਮਕ — ਕਿਉਂਕਿ ਇਹ ਆਪਣੀ ਮਾਤਾ ਦੇ ਪੱਥਰ ਨਾਲ ਢਿੱਡ ਚੀਰਨ ਕਰਕੇ ਪੈਦਾ ਹੋਇਆ ਸੀ, ਇਸ ਲਈ ਇਸ ਦਾ ਨਾਂ ਅਸ਼ਮਕ ਪਿਆ ਭਾਵ ਪੱਥਰ ਤੋਂ ਪੈਦਾ ਹੋਇਆ।

੫. ਮੂਲਕ — ਇਸ ਦਾ ਦੂਜਾ ਨਾਂ ਨਾਰੀ ਕੰਚ ਇਸ ਲਈ ਪਿਆ ਕਿਉਂਕਿ ਇਹ ਰਾਜਾ ਛੱਤਰੀਆਂ ਦੀ ਕੌਮ ਦੀ ਜੜ੍ਹ ਪੁਟਣ ਲਈ ਘਰੋਂ ਨਿਕਲਿਆ ਸੀ, ਪਰ ਰਾਣੀਆਂ ਨੇ ਚਾਰੇ ਪਾਸਿਆਂ ਤੋਂ ਘੇਰ ਲਿਆ ਭਾਵ ਰਾਣੀਆਂ ਇਸ ਦੇ ਰਾਹ ਵਿਚ ਆਈਆਂ, ਇਸ ਦਾ ਨਾਂ ਨਾਰੀ ਕੰਚ ਪਿਆ।

੬. ਦਸ਼ਰਥ — ਇਹ ਆਪਣੇ ਪਿਤਾ ਦੇ ਸਿੰਘਾਸਣ ਤੇ ਬੈਠਿਆ।

੭. ਇਲ ਬਿਲ — ਉਕਤ ਕਥਨ ਦੀ ਤਰ੍ਹਾਂ

੮. ਵਿਸ਼ਵ ਸਹ — " "

੯. ਦਲੀਪ — ਉਲਾਦ ਨਾ ਹੋਣ ਦੇ ਕਾਰਨ, ਦੁਖੀ ਹੋ ਕੇ ਆਪਣੀ ਰਾਣੀ ਸਹਿਤ ਉਲਾਦ ਦਾ ਵਰ ਪ੍ਰਾਪਤ ਕਰਨ ਹਿਤ ਵਸ਼ਿਸ਼ਟ ਮੁਨੀ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਬੇਨਤੀ ਕੀਤੀ। ਗੁਰੂ ਨੇ ਪੂਰਬਲੇ ਜਨਮ ਦਾ ਹਾਲ ਦੱਸਿਆ ਕਿ ਤੂੰ ਸੁਰਗੋਂ ਵਾਪਸੀ ਵੇਲੇ ਕਾਮਧੇਨ ਨੂੰ ਨਮਸਕਾਰ ਨਹੀਂ ਸੀ ਕੀਤੀ, ਇਸ ਲਈ ਉਲਾਦ ਨਹੀਂ ਸੀ ਹੋਈ। ਫੇਰ ਨੰਦਨੀ ਦੀ ਸੇਵਾ ਕਰਨ ਅਤੇ ਜਾਨ ਵਾਰਨ ਦੀ ਪ੍ਰੀਖਿਆ ਉਪਰੰਤ ਨੰਦਨੀ ਦੇ ਵਰ ਨਾਲ ਉਲਾਦ ਪੈਦਾ ਹੋਈ।

੧੦. ਰਘੂ — ਇਸ ਰਾਜੇ ਦਾ ਦੂਜਾ ਨਾਂ ਦੀਰਘ ਬਾਹੂ ਸੀ, ਜਿਸ ਦੇ ਅਰਥ ਲੰਮੀਆਂ ਬਾਹਾਂ ਦੇ ਹਨ। ਇਸ ਨੇ ਬਹੁਤ ਰਾਜਿਆਂ ਨੂੰ ਜਿੱਤਕੇ ਜੋ ਮਾਲ ਪ੍ਰਾਪਤ ਕੀਤਾ ਉਹ ਬ੍ਰਾਹਮਣਾਂ ਨੂੰ ਦੇ ਦਿੱਤਾ ਅਤੇ ਵਿਸ਼ਵ-ਜਿੱਤ ਨਾਮੀ ਜੱਗ ਕੀਤਾ। ਆਪਣੇ ਪੁੱਤਰ ਨੂੰ ਆਪਣੇ ਥਾਂ ਰਾਜਾ ਬਣਾਕੇ, ਭਗਤੀ ਵਿਚ ਲਗ ਗਿਆ। ਇਸ ਦੇ ਨਾਂ ਤੋਂ ਹੀ ਰਘੂ ਵੰਸ਼ੀ ਪ੍ਰਸਿੱਧ ਹਨ।

੧੧. ਅਜ — ਇਸ ਰਾਜੇ ਨੇ ਬਹੁਤ ਸਾਰੇ ਰਾਜਿਆਂ ਨੂੰ ਜਿੱਤਕੇ ਰਾਜਾ ਭੋਜ ਦੀ ਸਪੁੱਤਰੀ ਨਾਲ ਵਿਆਹ ਕੀਤਾ। ਉਸ ਅਸਤਰ ਦੀ ਸਹਾਇਤਾ ਨਾਲ, ਜੋ ਉਸ ਨੂੰ ਰਾਹ ਵਿਚ ਇਕ ਗੰਧਰਬ ਨੇ ਜੋ ਮਤੰਗ ਰਿਖੀਸ਼ਰ ਦੇ ਸਰਾਪ ਕਰਕੇ ਹਾਥੀ ਬਣਿਆ ਹੋਇਆ ਸੀ, ਨੂੰ ਮਾਰਕੇ ਉਸ ਨੂੰ ਸਰਾਪ ਤੋਂ ਮੁਕਤ ਕਰਾਇਆ। ਫੇਰ ਇਹ ਆਪਣੇ ਪੁੱਤਰ ਨੂੰ ਰਾਜ ਦੇ ਕੇ ਤਪ ਕਰਨ ਚਲਿਆ ਗਿਆ —

| | |
|---|---|
| 62, ਦਸ਼ਰਥ | ਇਹ ਰਾਜਾ ਬੜਾ ਬਹਾਦਰ ਸੀ। ਇਸ ਨੇ ਇੰਦਰ ਦੀ ਵੀ ਸਹਾਇਤਾ ਕੀਤੀ ਉਲਾਦ ਲਈ ਇਸ ਨੇ ਜੱਗ ਕੀਤਾ। ਅਗਨ ਕੁੰਡ ਤੋਂ ਇਕ ਦੈਵੀ-ਪੁਰਖ ਪ੍ਰ ਹੋਇਆ ਅਤੇ ਉਸਨੇ ਖੀਰ ਦਾ ਭਾਂਡਾ ਰਾਜੇ ਨੂੰ ਦਿੱਤਾ। ਰਾਜੇ ਨੇ ਉਸ ਦੇ ਦੋ ਭ ਕਰਕੇ ਕੁਸ਼ਲਿਆ ਅਤੇ ਕੈਕਈ ਨੂੰ ਦਿੱਤੇ, ਉਨ੍ਹਾਂ ਦੋ ਰਾਣੀਆਂ ਨੇ ਅੱਧਾ ਅੱਧਾ ਭ ਤੀਜੀ ਰਾਣੀ ਸੁਮਿੱਤਰਾ ਨੂੰ ਦਿੱਤਾ। ਆਪਸ ਦੀ ਨੇਕੀ ਅਤੇ ਪਿਆਰ ਦੇ ਕਾ ਕੁਸ਼ੱਲਿਆ ਦੇ ਸ੍ਰੀ ਰਾਮ ਚੰਦਰ, ਕੈਕਈ ਤੋਂ ਭਰਤ ਅਤੇ ਸੁਮਿੱਤਰਾ ਦੇ ਲਛਮਨ ਅ ਸ਼ਤਰੂਘਨ ਪੈਦਾ ਹੋਏ। |
| 63. ਸ੍ਰੀ ਰਾਮ ਚੰਦਰ | ਰਾਮ ਚੰਦਰ ਅਵਤਾਰ ਹੋਏ ਹਨ। ਜਨਕ ਪੁਰੀ ਵਿਚ ਧਨੁਸ਼ ਤੋੜਿਆ, ਸੀਤਾ ਨਾਲ ਸ਼ਾਦੀ ਕੀਤੀ। ਪਰਸਰਾਮ ਨੂੰ ਜਿੱਤਿਆ। ਮਾਤਾ ਪਿਤਾ ਦੇ ਹੁਕਮ ਅਨੁਸਾਰ ਬ ਵਿਚ ਰਹੇ। ਰਾਵਣ ਨੂੰ ਮਾਰਿਆ। ਉਨ੍ਹਾਂ ਦੇ ਇਹ ਸਾਰੇ ਕਰਮ ਆਮ ਪ੍ਰਸਿੱਧ ਹਨ ਇਨ੍ਹਾਂ ਦੇ ਵਰਣਨ ਦੀ ਲੋੜ ਨਹੀਂ। |
| 64. ਕੁਸ਼ | ਇਹ ਲਿਖਿਆ ਹੈ ਕਿ ਬਾਲਮੀਕ ਨੇ ਕਸ਼ ਨੂੰ ਕੁਸ਼ਾ ਦੀ ਟਾਹਣੀ ਤੋਂ ਪੈਦਾ ਕੀਤ ਹਰਿਬੰਸ ਪੁਰਾਣ ਵਿਚ ਆਉਂਦਾ ਹੈ ਕਿ ਕੁਸ਼ ਨੂੰ ਕੁਸਾ ਤੋਂ ਭਾਵ ਸਬਜ਼ੇ ਤੋਂ ਪੈ ਕੀਤਾ। ਪੈਦਾ ਹੋਣ ਉਪਰੰਤ ਸਰੀਰ ਦਾ ਮੋਟਾਪਾ ਲਾਹ ਦਿੱਤਾ, ਇਸ ਲਈ ਇਸ ਨਾਂ ਕੁਸ਼ ਵਲੋਂ ਹੋਏ। ਕੁਸ਼ ਰਾਮ ਚੰਦਰ ਤੋਂ ਮਗਰੋਂ ਰਾਜ ਗੱਦੀ ਬਿਰਾਜਮਾਨ ਹੋਇਆ। |
| 5. ਅਨਤਿਥੀ | ਇਸ ਰਾਜਾ ਨੇ ਦੇਸ਼ ਜਿਤਣ ਦੀਆਂ ਬਹੁਤ ਸਾਰੀਆਂ ਰਸਮਾਂ ਧਰਮ-ਸ਼ਾਸਤਰ ਅ ਰਾਜਨੀਤੀ ਅਨੁਸਾਰ ਅਦਾ ਕੀਤੀਆਂ। |
| 6. ਨਿਸ਼ਧ | ਨਿਸ਼ਧ ਇਕ ਪਰਬਤ ਦਾ ਨਾਂ ਹੈ। ਇਸ ਰਾਜੇ ਦਾ ਬਲ ਕਥਿਤ ਪਹਾੜ ਜਿੰਨਾ ਸੀ ਉਸ ਦੀ ਮਾਤਾ ਨਿਸ਼ਧ ਦੇਸ਼ ਦੇ ਰਾਜੇ ਦੀ ਧੀ ਸੀ। ਇਸ ਲਈ ਉਸ ਦਾ ਨਿਸ਼ਧ ਪੈ ਗਿਆ। |
| 7. ਨਲ | ਆਪਣੇ ਪਿਤਾ ਤੋਂ ਮਗਰੋਂ ਰਾਜ-ਗੱਦੀ ਤੇ ਬੈਠਿਆ। |
| 8. ਨੰਭ | ਉਕਤ ਕਥਨ ਦੀ ਤਰ੍ਹਾਂ। |
| 9. ਪੁੰਡਰੀਕ | ਇਸ ਰਾਜੇ ਨੇ ਗੱਦੀ ਉੱਤੇ ਬਹਿਕੇ ਪੁੰਡਰੀਕ ਨਾਮਕ ਜੱਗ ਕੀਤਾ। |
| 0. | ਆਪਣੇ ਪਿਤਾ ਤੋਂ ਮਗਰੋਂ ਰਾਜ ਗੱਦੀ ਉੱਤੇ ਬੈਠਿਆ। |
| 1. ਦੇਵਨੀਕ | ਉਕਤ ਕਥਨ ਦੀ ਤਰ੍ਹਾਂ। |
| 2. ਅਨ੍ਹੀਨਗੂ | ਇਹ ਰਾਜਾ ਆਪਣੇ ਪੁੱਤਰ ਨੂੰ ਰਾਜ ਸਿੰਘਾਸਣ ਤੇ ਬਿਠਾ ਕੇ ਭਗਤੀ ਕਰਨ ਲ ਜੰਗਲ ਚਲਾ ਗਿਆ। |
| 3. ਰੂ ਰੂ | " " |
| 4. ਪਾਰਯਾਨਰ | ਇਸ ਦਾ ਯੁਧ ਰਾਜਾ ਹੰਸ ਕੇਤ ਜੋ ਲੋਕੀ ਦੀ ਉਲਾਦ ਵਿਚੋਂ ਸੀ, ਨਾਲ ਹੋਇਆ |
| 5. ਦਲ | ਆਪਣੇ ਪਿਤਾ ਤੋਂ ਮਗਰੋਂ ਗੱਦੀ ਉੱਤੇ ਬੈਠਿਆ। |
| 6. ਸ਼ਲ | ਉਕਤ ਕਥਨ ਦੀ ਤਰ੍ਹਾਂ। |
| 7. ਉਕਥ | " " |
| 8 | |

| | |
|---|---|
| 78. ਬਜਰ ਨਾਭ | ਉਕਤ ਕਥਨ ਦੀ ਤਰ੍ਹਾਂ । |
| 79. ਸੰਖ ਨਾਭ | ,, ,, |
| 80. ਵਿਸ਼ਵ ਤਾਸ਼ਵ | ਉਸ ਦੇ ਉਲਾਦ ਨਹੀਂ ਸੀ ਹੁੰਦੀ । ਫੇਰ ਬਿਸ਼ਨੂ ਦੀ ਉਪਾਸ਼ਨਾ ਤੋਂ ਪੁਤਰ ਪੈਦਾ ਹੋਇਆ । ਇਸੇ ਲਈ ਇਸ ਦਾ ਨਾਂ ਬਿਸ਼ਵਾਸਹ ਰਖਿਆ ਗਿਆ । |
| 81. ਬਿਸ਼ਵਾਸਹ | ,, ,, |
| 82. ਹਿਰਣਯ ਨਾਭ | ਇਸ ਨੂੰ ਕੰਚਨ ਨਾਭ ਵੀ ਕਹਿੰਦੇ ਹਨ, ਕਿਉਂਕਿ ਹਿਰਣਯ ਅਤੇ ਕੰਚਨ ਇਕ ਹੀ ਚੀਜ਼ ਹੈ ਭਾਵ ਦੋਵੇਂ ਸੋਨੇ ਦੇ ਨਾਂ ਹਨ । ਇਸ ਦਾ ਯੁਧ ਲੌ ਦੀ ਉਲਾਦ ਨਾਲ ਹੋਇਆ । ਅੰਤ ਵਿਚ ਉਹ ਭਾਰੂ ਆਏ । ਇਹ ਹਾਰ ਖਾ ਕੇ ਬਨਾਰਸ ਚਲਾ ਗਿਆ । ਉਥੇ ਹੀ ਮੁਨੀ ਤੋਂ ਵੇਦ ਪੜ੍ਹੇ ਅਤੇ ਉਸ ਦੀ ਉਲਾਦ ਵੇਦ ਪੜ੍ਹਨ ਵਿਚ ਲਗੀ ਰਹੀ । ਕਿਉਂਕਿ ਉਹ ਛੱਤਰੀ ਸੀ ਅਤੇ ਵੇਦ-ਪਾਠ ਬ੍ਰਾਹਮਣਾਂ ਦਾ ਖਾਸ ਕਿੱਤਾ ਸੀ, ਇਸ ਲਈ ਇਨ੍ਹਾਂ ਨੂੰ ਬੇਦੀ ਕਹਿਣ ਲਗ ਪਏ । ਕੁਝ ਪੁਸ਼ਤਾਂ ਤਕ ਦਾ ਵੇਰਵਾ ਪਤਾ ਨਹੀਂ ਲੱਗਾ । ਬਨਾਰਸ ਵਿਚ ਰਹੇ ਅਤੇ ਲੌ ਦੀ ਉਲਾਦ, ਜੋ ਮਦਰਦੇਸ ਵਿਚ ਰਾਜ ਕਰਦੀ ਸੀ ਉਹ ਵੀ ਉਨ੍ਹਾਂ ਦਾ ਵੇਦ-ਪਾਠ ਦਾ ਹਾਲ ਸੁਣ ਕੇ ਬੇਦੀ ਉਪ ਨਾਂ ਨਾਲ ਹੀ ਬੋਲਦੇ ਰਹੇ । ਹਰਬੰਸ ਪੁਰਾਣ ਵਿਚ ਲਿਖਿਆ ਹੈ ਕਿ ਰਾਜਾ ਕੰਚਨ ਨਾਭ ਦਾ ਪੁਤਰ ਬ੍ਰਾਹਮਸ਼ਟ ਨਾਮੀ ਰਾਜ ਗੱਦੀ ਤੇ ਬੈਠਿਆ ਅਤੇ ਮਗਰੋਂ ਉਸ ਦੀ 40ਵੀਂ ਪੁਸ਼ਤ ਤੱਕ ਉਸ ਦੀ ਉਲਾਦ ਦੇ ਨਾਂ ਰਾਜਾ ਕਰ ਕੇ ਲਿਖੇ ਹਨ, ਪਰ ਮਲੂਮ ਹੋਇਆ ਕਿ ਜੋ ਸੱਜਣ ਬੇਦੀ ਉਪ-ਨਾਂ ਨਾਲ ਪ੍ਰਸਿੱਧ ਹੋਏ, ਉਨ੍ਹਾਂ ਦੀ ਸ਼ਾਖ ਕੰਚਨ ਨਾਭ ਤੋਂ ਹੀ ਵੱਖ ਹੋ ਗਈ । |
| 83. ਅਮਰ ਕੇ<br>84. ਜਗਤ ਈਸ਼ਰ } | ਇਨ੍ਹਾਂ ਦੋਹਾਂ ਬੇਦੀਆਂ ਨੂੰ ਬਨਾਰਸ ਤੋਂ ਰਾਜਾ ਤੇਜਵਾਰਕ ਨੇ, ਜੋ ਲਵ ਦੀ ਉਲਾਦ ਵਿਚੋਂ ਮਦਰ ਦੇਸ ਦਾ ਰਾਜਾ ਸੀ, ਬੁਲਾਇਆ ਅਤੇ ਉਨ੍ਹਾਂ ਤੋਂ ਵੇਦ ਸੁਣਿਆ । ਇਸ ਤੋਂ ਮਗਰੋਂ ਉਨ੍ਹਾਂ ਨੂੰ ਰਾਜ ਦੇ ਕੇ ਆਪ ਜੰਗਲ ਚਲਾ ਗਿਆ, ਫੇਰ ਕਈ ਪੁਸ਼ਤਾਂ ਤਕ ਬੇਦੀ ਰਾਜ ਗੱਦੀ ਕਾਇਮ ਰਹੀ । |
| 85. ਅੰਭੋਜ | ਬੜੇ ਸਮੇਂ ਉਪਰੰਤ ਅਮਰਕੇਤ ਨਾਮੀ ਰਾਜੇ ਨੇ, ਜੋ ਲਵ ਦੀ ਉਲਾਦ ਵਿਚੋਂ ਸੀ, ਬੇਦੀਆਂ ਨੂੰ ਲੜਾਈ ਵਿਚ ਜਿੱਤ ਕੇ ਦੇਸ਼ ਖੋਹ ਲਿਆ । ਕੇਵਲ 20 ਪਿੰਡ ਹੀ ਬੇਦੀਆਂ ਕੋਲ ਰਹਿ ਗਏ । ਉਸ ਵਿਚ ਖੇਤੀ ਕਰਾਉਂਦੇ ਰਹੇ । ਉਸ ਵੇਲੇ ਇਹ ਬੰਦਾ ਭਾਵ ਅੰਭੋਜ ਬੇਦੀਆਂ ਦਾ ਆਗੂ ਸੀ । |
| 86. ਨਰੋਤਮ | ਇਹ ਅੰਭੋਜ ਦਾ ਪੁੱਤਰ ਸੀ । ਇਸ ਤੋਂ ਮਗਰੋਂ ਪੁਸ਼ਤ ਦਰ ਪੁਸ਼ਤ ਬਹੁਤ ਬੇਦੀ ਹੁੰਦੇ ਚਲੇ ਆਏ । ਕੁਝ ਸਮੇਂ ਉਪਰੰਤ ਉਹ 20 ਪਿੰਡ ਵੀ ਬੇਦੀਆਂ ਦੇ ਅਧਿਕਾਰ ਵਿਚੋਂ ਨਿਕਲ ਗਏ, ਭਾਵ ਕੁਝ ਵੀ ਜ਼ਮੀਨ ਉਨ੍ਹਾਂ ਦੇ ਕੋਲ ਨਾ ਰਹੀ । ਇਸ ਉਪਰੰਤ ਉਨ੍ਹਾਂ ਦੀਆਂ ਕਈ ਪੁਸ਼ਤਾਂ ਪਾਂਡੋਆਂ ਤੀਕ ਗੁਜ਼ਰ ਗਈਆਂ । |
| 87. ਦੁਰਦਮੁਨ | ਇਹ ਬੇਦੀ ਪਾਂਡੋਆਂ ਦੇ ਸਮੇਂ ਰਾਜਾ ਯੁਧਿਸ਼ਟਰ ਕੋਲ ਰਹਿੰਦਾ ਸੀ । ਇਸ ਉਪਰੰਤ ਉਨ੍ਹਾਂ ਦੀਆਂ ਕਈ ਪੁਸ਼ਤਾਂ ਹੋਈਆਂ । ਉਨ੍ਹਾਂ ਦੇ ਲੜੀ-ਵਾਰ ਨਾਂ ਮਲੂਮ ਨਹੀਂ ਹੋ ਸਕੇ । |

| | | |
|---|---|---|
| 88. | ਅੰਬਰਮਨ | ਇਹ ਵਿਅਕਤੀ ਉਨ੍ਹਾਂ ਬੇਦੀਆਂ ਦੀ ਉਲਾਦ ਵਿਚੋਂ ਪੈਦਾ ਹੋ ਕੇ ਬੜਾ ਧਰਮਾਤਮਾ ਅਤੇ ਉੱਤਮ ਪੁਰਸ਼ ਹੋਇਆ। ਫੇਰ ਇਸ ਦੀ ਅਗੇ ਪੀੜ੍ਹੀ ਚਲੀ। |
| 89. | ਨਾਥ ਜੀ | ਉਤਲੇ ਵਿਅਕਤੀ ਦੀ ਉਲਾਦ ਵਿਚੋਂ ਸੀ। ਇਸ ਦੇ ਪੰਜ ਪੁਤਰ ਜੰਮੇ। ਵਿਚਕਾਰਲੇ ਪੁਤਰ ਦਾ ਨਾਂ ਸ਼ੰਭੂ ਸੀ, ਜਿਸ ਦੀ ਉਲਾਦ ਇਸ ਕੁਟੰਬ ਨਾਲ ਸਬੰਧ ਰੱਖਦੀ ਹੈ। |
| 90. | ਸ਼ੰਭੂ | ਇਸ ਦਾ ਉਲੇਖ ਉਤਲੇ ਖਾਨੇ ਵਿਚ ਅੰਕਿਤ ਹੋ ਚੁਕਾ ਹੈ। ਉਹ ਆਪਣੇ ਦੋ ਭਰਾਵਾਂ ਤੁੋਂ ਛੋਟਾ ਅਤੇ ਦੋਹਾਂ ਤੋਂ ਵੱਡਾ ਸੀ। |
| 91. | ਛਤਰ ਸ਼ਾਲ | ਇਹ ਵਿਅਕਤੀ ਉਤਲੇ ਖਾਨੇ ਵਿਚ ਆਏ ਪੁਰਸ਼ ਦਾ ਪੁਤਰ ਸੀ ਅਤੇ ਬੜਾ ਪ੍ਰਸਿੱਧ ਹੋਇਆ। ਹੇਠਲੇ ਖਾਨੇ ਵਿਚ ਦਿੱਤਾ ਹੋਇਆ ਪੁਰਸ਼ ਇਸ ਦਾ ਪੁਤਰ ਸੀ। |
| 92. | ਲੋਪਾ | ਇਹ ਛਤਰ ਸ਼ਾਲ ਦਾ ਪੁਤਰ ਸੀ। ਉਸ ਤੋਂ ਮਗਰੋਂ ਉਸ ਦੀ ਉਲਾਦ ਵਿਚੋਂ ਪੁਸ਼ਤ-ਦਰ-ਪੁਸ਼ਤ ਹੋਰ ਵੀ ਕਈ ਬੇਦੀ ਪੈਦਾ ਹੋਏ। |
| 93. | ਪਰਜਾ ਪਤ | ......ਦੇ ਮਗਰੋਂ ਇਹ ਵਿਅਕਤੀ ਪ੍ਰਸਿੱਧ ਹੋਇਆ। ਉਸ ਦੇ ਪੁਤਰ ਦੇ ਨਾਂ ਦਾ ਪਤ ਨਹੀਂ, ਪਰ ਉਸ ਦਾ ਪੋਤਰਾ ਮਸ਼ਹੂਰ ਹੈ। |
| 94. | ਰਾਮ ਨਾਰਾਇਣ | ਇਹ ਵਿਅਕਤੀ ਪਰਜਾਪਤ ਦਾ ਪੋਤਰਾ ਸੀ। ਉਸ ਦੇ ਦੋ ਪੁਤਰ ਸ਼ਿਵਰਾਮ ਅਤੇ ਸਾਨਪਾ ਸੰਮਤ 1475 ਬਿਕ੍ਰਮੀ ਮੁ: 1418 ਈਸਵੀ ਵਿਚ ਪੈਦਾ ਹੋਏ। |
| 95. | ਸਾਨਪਾਤ | ਇਸ ਦਾ ਵਿਆਹ ਬਨਾਰਸੀ ਨਾਮਕ ਇਸਤ੍ਰੀ ਨਾਲ ਸੰਮਤ 1488 ਮੁਤਾਬਿਕ 1431 ਈਸ ਵਿਚ ਹੋਇਆ। ਇਸ ਤੋਂ ਦੋ ਪੁਤਰ ਪੈਦਾ ਹੋਏ। |
| 96. | ਕਲਿਆਣ ਚੰਦ | ਇਹ ਪ੍ਰਸਿੱਧ ਸੱਜਣ ਬਾਬਾ ਕਾਲੂ ਬੇਦੀ ਸੰਮਤ 1497 ਮੁਤਾਬਿਕ 1440 ਈਸਵੀ ਕੱਤ ਮਹੀਨੇ ਵਿਚ ਪੈਦਾ ਹੋਏ, ਅਤੇ ਇਨ੍ਹਾਂ ਦੇ ਛੋਟੇ ਭਾਈ ਦਾ ਨਾਂ ਲਾਲ ਚੰਦ ਸੀ ਜੋ ਲਾਲੋ ਉਪ ਨਾਂ ਨਾਲ ਪ੍ਰਸਿੱਧ ਸੀ। ਸੰਮਤ 1500 ਮੁਤਾਬਿਕ 1443 ਈਸਵੀ ਵਿਚ ਪੈ ਹੋਇਆ। ਬਾਬਾ ਕਾਲੂ ਗੁਰੂ ਨਾਨਕ ਸਾਹਿਬ ਦੇ ਪਿਤਾ ਅਤੇ ਬਾਬਾ ਲਾਲੂ ਉ ਦੇ ਚਾਚਾ ਸਨ। |

ਦੋਹਰਾ

ਤਿਨ ਬੇਦੀਅਨ ਕੀ ਕੁਲ ਵਿਖੇ ਪ੍ਰਗਟੇ ਨਾਨਕ ਰਾਏ
ਸਭ ਸਿੱਖਨ ਕੋ ਸੁਖ ਦੀਓ ਜਹਿ ਤਹਿ ਭਏ ਸਹਾਏ।

ਮਹਾਂ ਪੁਰਖ ਬਾਬਾ ਕਾਲੂ ਦੇ ਘਰ ਗੁਰੂ ਨਾਨਕ ਦੇਵ ਜੀ ਨੇ ਜਨਮ ਲਿਆ। ਉਨ੍ਹਾਂ ਦੀ ਮਾਤਾ ਦਾ ਨਾਂ ਮ ਤ੍ਰਿਪਤਾ ਦੇਵੀ ਸੀ। ਉਹ ਮਦਰ ਦੇਸ ਪ੍ਰਸਿੱਧ ਬਾਰ (ਜੰਗਲ) ਵਿਚ ਰਾਏ ਭੋਏ ਦੀ ਤਲਵੰਡੀ ਵਿਚ ਸੰਮਤ 1 ੁਤਾਬਿਕ ਸੰਨ 1469 ਈਸਵੀ ਵਿਚ ਕੱਤਕ ਸੁਦੀ ਪੂਰਨਮਾਸ਼ੀ ਵੀਰਵਾਰ ਸਵਾ ਪਹਿਰ ਰਾਤ ਰਹਿੰਦੀ ਸਮੇਂ ਜਨ ਤ੍ਰਿਨ੍ਹਾਂ ਕਰਤਿਕਾ ਨਛੱਤ੍ਰ ਪਰਘ ਜੋਗ ਅਤੇ ਵਾਖ ਕਰਨ ਤੇ ਸਿੰਘ ਲਗਨ ਵਿਚ ਅਵਤਾਰ ਧਾਰਿਆ। ਨੌ ਗ੍ਰਹਿਆਂ ਦੇ ਸਬ ਦਾ ਉਲੇਖ ਕਥਨ ਦੇ ਵਧਣ ਦੇ ਡਰੋਂ ਨਹੀਂ ਕੀਤਾ ਜਾਂਦਾ। ਮਾਤਾ ਜੀ ਦਾ ਨਾਂ ਮਾਤਾ ਤਿਪਰੋ ਸੀ ਅਤੇ ਉਨ੍ਹਾਂ ਨੂੰ ਬ ਜੀ ਵੀ ਕਹਿੰਦੇ ਸਨ। ਜੋ ਗੁਰਪਰਣਾਲੀ ਅੰਮ੍ਰਿਤਸਰ ਵਿਚ ਤਿਆਰ ਹੋਈ, ਉਸ ਵਿਚ ਗੁਰੂ ਨਾਨਕ ਦੇਵ ਜੀ ਦੇ ਜ ਧਾਰਨ ਦਾ ਦਿਨ ਬੁੱਧਵਾਰ ਅਤੇ ਕੱਤਕ ਮਹੀਨੇ ਦੀ 18 ਤਾਰੀਖ ਅਤੇ ਅਨਰਾਧਾਂ ਨਛੱਤਰ ਲਿਖਿਆ ਹੈ। ਜਨਮ ਸ ਕ੍ਰਿਤ ਮਿਹਰਬਾਨ ਅਤੇ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਟੀਕਾ 'ਗਿਆਨ ਰਤਨਾਵਲੀ' ਜੋ ਭਾਈ ਸੂਰਤ ਸਿ ਨੇ ਕੀਤਾ, ਵਿਚ ਗੁਰੂ ਸਾਹਿਬ ਦਾ ਜਨਮ ਬੈਸਾਖ-ਸੁਦੀ ਤੀਜ ਖੁਰਦਪੁਰ ਮਾਂਘ ਦੇ ਨੇੜੇ ਪਿੰਡ ਬਾਠ ਵਿਚ ਹੋਇਆ ਲਿਖਿ

ਹੈ, ਪਰ ਇਹ ਠੀਕ ਨਹੀਂ, ਕਿਉਂਕਿ ਸਭ ਤੋਂ ਉੱਤਮ ਰਾਏ, ਨਾਨਕ ਚੰਦ ਰੂਦੀ ਦੀ ਪੁਸਤਕ ਜੋ ਬੜੀ ਸਮਝ ਸੋਚ ਸਹਿਤ ਹਿੰਦੀ ਵਿਚ ਲਿਖੀ ਗਈ, ਸਮਝਣੀ ਚਾਹੀਦੀ ਹੈ। ਉਸ ਅਨੁਸਾਰ ਗੁਰੂ ਸਾਹਿਬ ਦਾ ਵਿਆਹ ਮੂਲਾ ਖੱਤਰੀ ਚੋਣਾ ਦੀ ਸਪੁੱਤਰੀ ਸੁਲੱਖਣੀ ਨਾਲ ਸੰਮਤ 1544 ਮੁਤਾਬਿਕ 1487 ਈਸਵੀ ਵਿਚ 24 ਜੇਠ ਨੂੰ ਬਟਾਲਾ ਵਿਚ ਹੋਇਆ। ਉਸ ਦਾ ਦੂਜਾ ਨਾਂ ਘੁਮਾਈ ਵੀ ਦਸਿਆ ਜਾਂਦਾ ਹੈ। ਸੇਵਕਾਂ ਵਿਚ ਉਨ੍ਹਾਂ ਦਾ ਨਾਂ ਵਧੇਰੇ ਕਰ ਕੇ ਮਾਤਾ ਚੋਣੀ ਪ੍ਰਸਿੱਧ ਹੈ। ਗੁਰੂ ਸਾਹਿਬ ਦੀ ਵੱਡੀ ਭੈਣ ਬੀਬੀ ਨਾਨਕੀ ਸੀ। ਉਹਨਾਂ ਦੀ ਸਿਫ਼ਾਰਸ਼ ਉੱਤੇ ਗੁਰੂ ਸਾਹਿਬ ਨੇ ਆਪਣੀ ਪਤਨੀ ਨੂੰ ਦੋ ਪੁੱਤਰਾਂ ਦੀ ਮੁਰਾਦ ਦੀ ਪੂਰਤੀ ਲਈ ਦੋ ਲੌਂਗ ਦਿਤੇ ਅਤੇ ਇਨ੍ਹਾਂ ਤੋਂ ਦੋ ਪੁੱਤਰ ਜੰਮੇ। ਇਹ ਜਾਣਨਾ ਚਾਹੀਦਾ ਹੈ ਕਿ ਗੁਰੂ ਸਾਹਿਬ ਤੋਂ ਦੋ ਤਰ੍ਹਾਂ ਦੀ ਪੀੜ੍ਹੀ ਚਲੀ (ਨਾਦੀ ਅਤੇ ਬਿੰਦੀ) ਭਾਵ (ਨਾਦ ਦੇ ਅਰਥ ਹਨ ਸ਼ਬਦ ਭਾਵ ਖਾਸ ਬਾਣੀ) ਜੋ ਉਨ੍ਹਾਂ ਦੀ ਖਾਸ ਬਾਣੀ ਦੇ ਵਿਸ਼ਵਾਸੀ ਸਨ, ਉਹ ਨਾਦੀ ਹੋਏ (ਜਿਵੇਂ ਗੁਰੂ ਅੰਗਦ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਪ੍ਰਸਿੱਧ ਹਨ, ਜਿਨ੍ਹਾਂ ਦਾ ਵਿਸਥਾਰ ਪੂਰਬਕ ਬ੍ਰਿਤਾਂਤ ਅੱਗੇ ਲਿਖਿਆ ਜਾਏਗਾ)। ਇਨ੍ਹਾਂ ਦਸ ਪਾਤਸ਼ਾਹਾਂ ਅਤੇ ਗੁਰੂ ਸਾਹਿਬ ਦੇ ਕੁਟੰਬ ਦੇ ਦੂਜੇ ਸੇਵਕਾਂ ਨਾਲ ਸਬੰਧਤ ਬਹੁਤ ਸਾਰੀਆਂ ਸੰਪਰਦਾਵਾਂ ਅਤੇ ਮਤ ਪ੍ਰਸਿੱਧ ਹਨ ਪਰ ਸਭ ਮਤ ਨਾਦੀਆਂ ਨਾਲੋਂ ਬਿੰਦੀਆਂ ਨੂੰ ਉੱਚਤਮ ਮੰਨਦੇ ਅਤੇ ਉਨ੍ਹਾਂ ਦਾ ਸਤਿਕਾਰ ਕਰਦੇ ਹਨ। ਇਸੇ ਲਈ ਸਭ ਤੋਂ ਪਹਿਲਾਂ ਬਿੰਦੀ ਪੀੜ੍ਹੀ ਦਾ, ਜਿਸ ਦਾ ਭਾਵ ਗੁਰੂ ਦੀ ਉਲਾਦ ਤੋਂ ਹੈ, ਉਲੇਖ ਕੀਤਾ ਜਾਂਦਾ ਹੈ। ਇਸ ਉਪਰੰਤ ਜੋਗ ਸਥਾਨ ਤੇ ਦੂਜੀ ਪੀੜ੍ਹੀ ਦਾ ਹਾਲ ਦਸਿਆ ਜਾਏਗਾ। ਬਾਬਾ ਸ੍ਰੀ ਚੰਦ ਜੀ 5 ਸਾਵਣ ਸੰਮਤ 1551 ਮੁਤਾਬਿਕ ਸੰਨ 1494 ਈਸਵੀ ਨੂੰ ਪੈਦਾ ਹੋਏ ਅਤੇ ਦੂਜੇ ਪੁੱਤਰ ਬਾਬਾ ਲਖਮੀ ਚੰਦ ਜੀ ਦਾ ਜਨਮ 19 ਫੱਗਣ 1553 ਮੁਤਾਬਿਕ ਸੰਨ 1496 ਈ. ਨੂੰ ਹੋਇਆ। ਲਖਮੀ ਚੰਦ ਨੂੰ ਲਖਮੀ ਦਾਸ ਵੀ ਕਿਹਾ ਜਾਂਦਾ ਹੈ। ਵੱਡੇ ਪੁੱਤਰ ਦੀ ਰੁਚੀ ਫ਼ਕੀਰੀ ਅਤੇ ਭਗਤੀ ਵੱਲ ਸੀ। ਪਰਮਾਤਮਾ ਦਾ ਬਹੁਤ ਸਿਮਰਨ ਕਰਦੇ ਸਨ। ਸੰਸਾਰ ਤੋਂ ਵਿਰਕਤ ਸਨ। ਗੁਰੂ ਨਾਨਕ ਦੇਵ ਜੀ ਨੇ ਜੋਤੀ ਜੋਤ ਸਮਾਉਣ ਸਮੇਂ, ਜਦ ਉਨ੍ਹਾਂ ਦੇ ਪੁੱਤਰ ਹਾਜ਼ਰ ਹੋਏ, ਉਨ੍ਹਾਂ ਨੂੰ ਪੰਜ ਪੈਸੇ ਅਤੇ ਨਾਰੀਅਲ, ਜੋ ਗੁਰਿਆਈ ਦੀ ਪਦਵੀ ਬਖਸ਼ਣ ਦਾ ਨਿਸ਼ਾਨ ਹੈ, ਦੋਹਾਂ ਨੂੰ ਦਿੱਤਾ ਅਤੇ ਉਦਾਸੀ ਦੀ ਸੇਲੀ ਟੋਪੀ ਬਾਬਾ ਸ੍ਰੀ ਚੰਦ ਜੀ ਨੂੰ ਬਖਸ਼ੀ। ਉਨ੍ਹਾਂ ਨੇ ਫੇਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਬਾਬਾ ਗੁਰਦਿੱਤ ਚੰਦ ਨੂੰ ਉਹੋ ਸੇਲੀ ਟੋਪੀ ਅਤੇ ਉਦਾਸੀ-ਭੇਖ ਬਖਸ਼ਿਆ। ਫੇਰ ਬਾਬਾ ਗੁਰਦਿੱਤਾ ਜੀ ਦੇ ਚਾਰ ਚੇਲੇ ਅਲਮਸਤ, ਬਾਲੂ ਹਸਨਾ, ਗੋਬਿੰਦ ਅਤੇ ਫੂਲ ਹੋਏ। ਇਨ੍ਹਾਂ ਚੌਰ ਚੇਲਿਆਂ ਨੇ ਚਾਰ ਧੂਣੀਆਂ ਪ੍ਰਚਲਤ ਕੀਤੀਆਂ। ਹਰ ਇਕ ਧੂਣੀ ਦੇ ਵੱਖਰੇ ਵੱਖਰੇ ਉਦਾਸੀ ਫਕੀਰ ਹੁੰਦੇ ਹਨ। ਇਹ ਉਲੇਖ ਲਿਖਣ ਯੋਗ ਹੈ ਕਿ ਜਦ ਗੁਰੂ ਨਾਨਕ ਦੇਵ ਜੀ ਨੇ ਆਪਣੇ ਖਾਸ ਸੇਵਕ ਗੁਰੂ ਅੰਗਦ ਸਾਹਿਬ ਨੂੰ ਗੁਰਿਆਈ ਦੀ ਪਾਵਨ ਪਦਵੀ ਬਖਸੀ, ਤਾਂ ਸ੍ਰੀ ਚੰਦ ਨੇ ਇਹ ਖਬਰ ਸੁਣ ਕੇ ਸਰਾਪ ਦੇ ਦਿਤਾ ਕਿ ਭਾਵੇਂ ਅੰਗਦ ਗੁਰੂ ਹੋ ਗਿਆ, ਪਰ ਕੁਸ਼ਟੀ ਵੀ ਹੋਵੇਗਾ। ਉਨ੍ਹਾਂ ਦੇ ਸਰਾਪ ਦੇ ਕਾਰਨ ਗੁਰੂ ਅੰਗਦ ਦੇਵ ਜੀ ਤੋਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਸਾਰੇ ਗੁਰੂ ਸਾਹਿਬਾਨ ਦੇ ਸਰੀਰ ਉੱਤੇ ਇਸ ਰੋਗ ਦਾ ਨਿਸ਼ਾਨ ਰਿਹਾ। ਸ੍ਰੀ ਗੁਰੂ ਅਰਜਨ ਦੇਵ ਜੀ ਇਸ ਰੋਗ ਦੀ ਨਵਿਰਤੀ ਕਰਾਉਣ ਲਈ ਥਾਨਾ ਚਹਾ ਕੋਠੜੀ ਪਰਗਣਾ ਪਠਾਨਕੋਟ, ਜ਼ਿਲ੍ਹਾ ਗੁਰਦਾਸਪੁਰ ਵਿਚ, ਜਿਥੇ ਬਾਬਾ ਸ੍ਰੀ ਚੰਦ ਰਹਿੰਦੇ ਸਨ, ਗਏ ਅਤੇ ਬਾਬਾ ਜੀ ਦਾ ਬੜਾ ਸਤਿਕਾਰ ਕੀਤਾ। ਬਾਬਾ ਜੀ ਗੁਰੂ ਅਰਜਨ ਦੇਵ ਜੀ ਦੀ ਲੰਮੀ ਦਾੜ੍ਹੀ ਨੂੰ ਵੇਖ ਕੇ ਮੁਸਕਰਾਏ ਅਤੇ ਕਿਹਾ ਕਿ ਅਰਜਨਾ, ਦਾੜ੍ਹੀ ਵੱਡੀ ਵਧਾਈ ਹੈ। ਉਨ੍ਹਾਂ ਨੇ ਹੱਥ ਬੰਨ੍ਹ ਕੇ ਬੇਨਤੀ ਕੀਤੀ ਕਿ ਹਜ਼ੂਰ ਦੇ ਪਾਵਨ ਚਰਨਾਂ ਨੂੰ ਸਾਫ਼ ਕਰਨ ਲਈ। ਉਸੇ ਵੇਲੇ ਦਾੜ੍ਹੀ ਨੂੰ ਹੱਥ ਵਿਚ ਫੜ੍ਹ ਕੇ ਬਾਬਾ ਜੀ ਦੇ ਚਰਨਾਂ ਉੱਤੇ ਫੇਰਿਆ। ਬਾਬਾ ਜੀ ਨੇ ਪ੍ਰਸੰਨ ਹੋ ਕੇ ਕਿਹਾ ਕਿ ਇਸੇ ਹੀ ਨਿੰਮਰਤਾ ਅਤੇ ਸ਼ਰਧਾ ਕਰ ਕੇ ਸਾਡੇ ਘਰੋਂ ਇਹ ਉੱਚ ਪਦਵੀ ਪ੍ਰਾਪਤ ਕਰ ਲਈ ਹੈ। ਫੇਰ ਗੁਰੂ ਅਰਜਨ ਦੇਵ ਜੀ ਨੇ ਇਕ ਲੱਤ ਤੇ ਖੜੋ ਕੇ ਸੁਖਮਨੀ ਸਾਹਿਬ ਦੀਆਂ ਸੋਲਾਂ ਅਸ਼ਟਪਦੀਆਂ, ਜੋ ਉਹਨਾਂ ਨੇ ਆਪ ਉਚਾਰੀਆਂ ਸਨ, ਬਾਬਾ ਸ੍ਰੀ ਚੰਦ ਨੂੰ ਸੁਣਾਈਆਂ। ਬਾਬਾ ਜੀ ਬਾਣੀ ਨੂੰ ਸੁਣ ਕੇ ਬੜੇ ਪ੍ਰਸੰਨ ਹੋਏ ਅਤੇ ਫੁਰਮਾਇਆ ਕਿ ਇਸ ਬਾਣੀ ਦੀਆਂ ਚੋਵੀ ਅਸਟਪਦੀਆਂ

ਰਚੋ। ਗੁਰੂ ਮਹਾਰਾਜ ਨੇ ਬੇਨਤੀ ਕੀਤੀ ਕਿ ਮੇਰੇ ਵਿਚ ਹੋਰ ਸਮ੍ਰੱਥਾ ਨਹੀਂ, ਪਰ ਹਜ਼ੂਰ ਦੀ ਸਹਾਇਤਾ ਨਾਲ ਇਹ ਬਾ ਸੰਪੂਰਣ ਹੋ ਸਕਦੀ ਹੈ। ਤਦ ਬਾਬਾ ਜੀ ਨੇ "ਜਪੁਜੀ" ਸਾਹਿਬ ਦਾ ਇਹ ਸ਼ਲੋਕ ਪੜ੍ਹਿਆ।

"ਆਦਿ ਸਚੁ ਜੁਗਾਦਿ ਸਚੁ। ਹੈ ਭਿ ਸਚੁ ਨਾਨਕ ਹੋਸੀ ਭਿ ਸਚੁ॥"

ਗੁਰੂ ਅਰਜਨ ਦੇਵ ਜੀ ਨੇ ਇਸ ਸ਼ਲੋਕ ਨੂੰ ਸਤ੍ਹਾਰਵੀਂ ਅਸ਼ਟਪਦੀ ਦੇ ਅਰੰਭ ਵਿਚ ਰੱਖ ਕੇ ਚੌਵੀ ਅਸ਼ਟਪਦੀ ਰਚੀਆਂ ਅਤੇ ਸੁਖਮਨੀ ਸਾਹਿਬ ਨੂੰ ਸਮਾਪਤ ਕੀਤਾ ਅਤੇ ਪਾਠ ਕਰ ਕੇ ਸੁਣਾਇਆ। ਬਾਬਾ ਸ੍ਰੀ ਚੰਦ ਜੀ ਨੇ ਪ੍ਰਸੰਨ ਕੇ ਕਿਹਾ ਕਿ ਜੋ ਚਾਹੁੰਦੇ ਹੋ ਮੰਗੋ, ਪ੍ਰਮਾਤਮਾ ਦੀ ਕਿਰਪਾ ਨਾਲ ਪ੍ਰਾਪਤ ਹੋਵੇਗਾ। ਗੁਰੂ ਅਰਜਨ ਦੇਵ ਜੀ ਨੇ ਬੇਨ ਕੀਤੀ ਕਿ ਹਜ਼ੂਰ ਦਾ ਦਿਤਾ ਹੋਇਆ ਸਭ ਕੁਝ ਹੈ, ਪਰ ਇਕ ਬੇਨਤੀ ਹੈ ਕਿ ਆਪ ਦੇ ਉਸ ਬਚਨ ਤੋਂ, ਜ ਗੁਰੂ ਅੰ ਸਾਹਿਬ ਤੋਂ ਹੁਣ ਪੰਜਵੀਂ ਪੀੜ੍ਹੀ ਤੱਕ ਚਲਦਾ ਆ ਰਿਹਾ ਹੈ ਅਤੇ ਜਿਸ ਤੋਂ, ਆਪ ਦੀ ਖਿਮਾ ਤੋਂ ਬਿਨਾਂ ਅੱਗੇ ਨੂੰ ਬਚਣਾ ਸੰਭਵ ਨਹੀਂ, ਮੁਕਤੀ ਬਖਸ਼ੋ। ਬਾਬਾ ਜੀ ਨੇ ਪ੍ਰਸੰਨ ਹੋ ਕੇ ਕਿਹਾ ਕਿ ਆਪ ਉਸ ਸਰੋਵਰ ਵਿਚ, ਜੋ ਉਥੇ ਸੀ, ਅਸ਼ਨਾਨ ਕਰੋ, ਨਿਰੰਕਾਰ ਦੀ ਕ੍ਰਿਪਾ ਨਾਲ ਇਹ ਰੋਗ ਦੂਰ ਹੋ ਜਾਇਗਾ ਅਤੇ ਅੱਗੇ ਨੂੰ ਕਿਸੇ ਗੁਰੂ ਨੂੰ ਇਸ ਤੋਂ ਕਸ਼ਟ ਨਹੀਂ ਹੋਵੇਗਾ। ਗੁਰੂ ਸਾਹਿਬ ਨੇ ਉਸ ਸਰੋਵਰ ਵਿਚ, ਜਿਸ ਦਾ ਨਾਂ ਮਗਰੋਂ ਗੁਰੂ ਸਰ ਪ੍ਰਸਿੱਧ ਹੋਇ ਇਸ਼ਨਾਨ ਕੀਤਾ। ਉਹ ਦਾਗ, ਜੋ ਉਨ੍ਹਾਂ ਦੇ ਸਰੀਰ ਤੇ ਪ੍ਰਗਟ ਸਨ, ਤੁਰਤ ਹੀ ਦੂਰ ਹੋ ਗਏ ਅਤੇ ਸਰੀਰ ਸੋਨੇ ਜਿ ਸ਼ੁੱਧ ਹੋ ਗਿਆ।

ਗੁਰੂ ਅੰਗਦ ਜੀ ਅਤੇ ਗੁਰੂ ਅਮਰ ਦਾਸ ਤੋਂ ਸਦਾ ਹੀ ਇਹ ਰਿਵਾਜ ਪਰਚਲਤ ਹੋ ਕੇ ਭਵਿੱਸ਼ ਵਿਚ ਵੀ ਜ ਰਿਹਾ ਕਿ ਜਦ ਕਦੇ ਕੋਈ ਗੁਰੂ ਗੁਰਿਆਈ ਦੀ ਗੱਦੀ ਤੇ ਬਿਰਾਜਮਾਨ ਹੁੰਦਾ, ਗੁਰੂ ਨਾਨਕ ਦੇਵ ਜੀ ਦੀ ਉਲ ਭਾਵ ਬੇਦੀ ਸਾਹਿਬਾਨ ਵੱਲੋਂ ਪੰਜ ਪੈਸੇ ਅਤੇ ਇਕ ਨਾਰੀਅਲ ਪਹਿਲੇ ਸ਼ਗਨ ਵਜੋਂ ਮਿਲਦੇ ਅਤੇ ਸਾਰੇ ਗੱਦੀਦਾਰ ਉ ਦਾ ਆਦਰ ਕਰਦੇ ਰਹੇ।

ਹੁਣ ਦੂਜੇ ਪੁੱਤਰ ਬਾਬਾ ਲਖਮੀ ਦਾਸ ਦਾ ਉਲੇਖ ਅਰੰਭ ਹੁੰਦਾ ਹੈ। ਛੋਟਾ ਪੁਤਰ ਲਖਮੀਦਾਸ ਬਾਲ ਬੱਚੇ ਵਾ ਚੰਗੇ ਕੱਪੜੇ ਪਾਉਣ ਵਾਲਾ ਅਤੇ ਬਾਹਰੋਂ ਦੁਨੀਆਦਾਰ ਅਤੇ ਅੰਦਰੋਂ ਤਿਆਗੀ ਤੇ ਉਦਾਸੀ ਸੀ। ਇਹ ਬਚਨ ਤੇ ਬਿਲਕੁਲ ਢੁਕਦਾ ਹੈ, "ਹਾਥ ਪਾਉਂ ਕਰ ਕਾਮੁ ਸਭ ਚੀਤ ਨਿਰੰਜਨ ਨਾਲ।" ਉਤੋਂ ਉਹ ਸ਼ਿਕਾਰ ਖੇਡਣ ਰੁੱਝਿਆ ਰਹਿੰਦਾ ਅਤੇ ਅੰਦਰੋਂ ਪ੍ਰਭੂ ਪਰੇਮ ਵਿਚ ਮਸਤ। ਇਕ ਵਾਰ ਉਹ ਤੇਜ਼ ਘੋੜੇ ਉੱਤੇ ਸੁਆਰ ਹੋ ਕੇ ਸ਼ਿ ਖੇਡਣ ਗਿਆ। ਦੋ ਸਹੇ ਮਾਰੇ ਅਤੇ ਕਾਠੀ ਦੇ ਦੋਵੇਂ ਪਾਸੇ ਲਟਕਾਏ, ਹੱਥ ਉਤੇ ਬਾਜ ਬਿਠਾ ਕੇ, ਸਨੱਧ ਬੱਧ ਹੋ ਵਾਪਸ ਆਇਆ। ਅਚਣਚੇਤ ਵੱਡੇ ਭਰਾ ਦੇ ਸਾਹਮਣੇ ਆਇਆ। ਉਨ੍ਹਾਂ ਨੂੰ ਬੜਾ ਤਰਸ ਆਇਆ ਅਤੇ ਲਖਮੀ ਨੂੰ ਉਪਦੇਸ਼ ਦਿੰਦੇ ਹੋਏ ਕਿਹਾ ਕਿ ਕਿਉਂ ਨਿਰਦੋਸ਼ੇ ਪਸ਼ੂਆਂ ਦਾ ਖੂਨ ਕਰਦੇ ਹੋ। ਪ੍ਰਮਾਤਮਾ ਤੋਂ ਕਿਉਂ ਨਹੀਂ ਡਰ ਜਦ ਅੱਗੇ ਹਿਸਾਬ ਹੋਵੇਗਾ ਤਾਂ ਕੀ ਉੱਤਰ ਦੇਵੋਂਗੇ ? ਲਖਮੀ ਚੰਦ ਨੇ ਉੱਤਰ ਦਿਤਾ ਕਿ ਜਿਸ ਨੂੰ ਗੁਰੂ ਨਾਨਕ ਸਾ ਦੀ ਓਟ ਹੋਵੇ ਅਤੇ ਜਿਸ ਦੇ ਤੁਹਾਡੇ ਜਿਹੇ ਅੰਤ੍ਰੀਵ ਭੇਦਾਂ ਦੇ ਗਿਆਨੀ ਵੱਡੇ ਭਰਾ ਹੋਣ, ਉਸ ਤੋਂ ਫੇਰ ਕੌਣ ਹਿ ਮੰਗੇਗਾ ਅਤੇ ਉਹ ਕਿਹੜਾ ਪ੍ਰਸ਼ਨ ਹੋਵੇਗਾ, ਜਿਸ ਦਾ ਮੈਥੋਂ ਉੱਤਰ ਨਹੀਂ ਦਿਤਾ ਜਾਏਗਾ। ਬਾਬਾ ਸ੍ਰੀ ਚੰਦ ਜੀ ਕਿਹਾ ਕਿ ਕਿਸੇ ਦਾ ਵੱਡਾ ਵਡੇਰਾ ਭਾਵੇਂ ਕਿੰਨਾ ਹੀ ਸ਼ਕਤੀ ਵਾਲਾ ਕਿਉਂ ਨਾ ਹੋਵੇ, ਅੰਤ ਵਿਚ ਕੇਵਲ ਆਪਣੇ ਹੀ ਕ ਕੰਮ ਆਉਣਗੇ। ਜਿਵੇਂ ਇਹ ਤੁਕ ਹੈ, "ਭਗਤੀ ਹੀ ਸਹਾਇਕ ਹੈ, ਅਵਤਾਰ ਦੀ ਸੰਤਾਨ ਹੋਣਾ ਪ੍ਰਵਾਨਗੀ ਨਹੀਂ।" ਨੇ ਬੇਨਤੀ ਕੀਤੀ ਕਿ ਜੇ ਹਿਸਾਬ ਦੇਣਾ ਜ਼ਰੂਰੀ ਹੈ, ਤਾਂ ਸਾਡਾ ਤੁਹਾਨੂੰ ਪ੍ਰਣਾਮ ਹੈ। ਜਿਥੇ ਮਰ ਕੇ ਜਾਣਾ ਹੈ, ਫੇਰ ਉਸ ਜੀਵਨ ਵਿਚ ਕਿਉਂ ਮੂੰਹ ਲੁਕਾਇਆ ਜਾਏ। ਇਹ ਕਹਿ ਕੇ ਘੋੜੀ ਦੀ ਬਾਗ ਫੜੀ, ਅਸਮਾਨ ਵੱਲ ਉਡ ਗਿਆ ਫੇਰ ਵਿਖਾਈ ਨਾ ਦਿਤਾ। ਵੇਖਣ ਵਾਲੇ ਅਸਚਰਜ ਹੋਏ ਅਤੇ ਪ੍ਰਸੰਸਾ ਕਰਨ ਲੱਗੇ।

ਲਖਮੀ ਚੰਦ ਦੇ ਘਰ ਧਰਮ ਚੰਦ ਨਾਮੀ ਇਕ ਪੁੱਤਰ ਜੰਮਿਆ। ਉਸ ਬਾਰੇ ਜਨਮਸਾਖੀਆਂ ਵਿਚ ਲਿਖਿਆ ਹੋਇ

ਹੈ ਕਿ ਜਦ ਲਖਮੀ ਚੰਦ ਨੇ ਉਡਣ ਦਾ ਮਨ ਬਣਾਇਆ ਸੀ, ਤਾਂ ਪਹਿਲੇ ਸਥਾਨ ਤੇ ਜਾ ਕੇ ਆਪਣੀ ਇਸਤਰੀ ਨੂੰ ਆਪ ਪਿਛੇ ਅਤੇ ਧਰਮ ਚੰਦ ਨੂੰ ਗੋਦੀ ਵਿਚ ਬਿਠਾ ਕੇ ਫੇਰ ਮੁੜ ਕੇ ਬਾਬਾ ਸ੍ਰੀ ਚੰਦ ਦੇ ਅੱਗੇ ਆਇਆ। ਸ੍ਰੀ ਚੰਦ ਜੀ ਨੇ ਵਿ ਵਿਚਾਰ ਕੇ ਕਿ ਮੈਂ ਤਾਂ ਆਪ ਹੀ ਸੰਸਾਰ ਤੋਂ ਵਿਰਕਤ ਹਾਂ, ਜੇ ਇਹ ਸਾਹਿਬਜ਼ਾਦਾ ਵੀ ਲਖਮੀ ਚੰਦ ਦੇ ਨਾਲ ਚਲਾ ਗਿ ਤਾਂ ਗੁਰੂ ਸਾਹਿਬ ਦੀ ਪੀੜ੍ਹੀ ਕਿਵੇਂ ਚਲੇਗੀ। ਤੁਰਤ ਹੀ ਬਾਂਹ ਲੰਮੀ ਕਰ ਕੇ ਧਰਮ ਚੰਦ ਨੂੰ ਘੋੜੀ ਤੋਂ ਲਾਹ ਲਿਆ ਬਾਕੀ ਟੱਬਰ ਨੂੰ ਉਹ ਨਾਲ ਲੈ ਗਿਆ।

ਕਈ ਥਾਂ ਲਿਖਿਆ ਹੈ ਕਿ ਲਖਮੀ ਦਾਸ ਦੇ ਉਡਣ ਸਮੇਂ ਉਸ ਦੀ ਪਤਨੀ ਗਰਭਵਤੀ ਸੀ। ਉਸ ਦੇ ਜਾਣ ਕੁਝ ਮਹੀਨੇ ਮਗਰੋਂ ਜੇਠ ਵਦੀ ਅਮਾਵਸ ਦੀ ਰਾਤ ਨੂੰ ਸੰਮਤ 1612 ਮੁਤਾਬਿਕ 1555 ਈਸਵੀ ਵਿਚ ਧਰਮ ਚੰਦ ਦਾ ਜ ਹੋਇਆ। ਭਾਵੇਂ ਕੁਝ ਵੀ ਹੋਵੇ ਬਾਬਾ ਸ੍ਰੀ ਚੰਦ ਨੇ ਧਰਮ ਚੰਦ ਦਾ ਬੜੀ ਕਿਰਪਾ ਪੂਰਵਕ ਪਾਲਨ ਪੋਸਨ ਕੀਤਾ ਅਤੇ ਸ਼ ਦੇ ਜੋੜ ਮੇਲ ਨੂੰ ਸ੍ਰੀ ਚੰਦ ਅਤੇ ਗੁਰੂ ਅਰਜਨ ਦੇਵ ਜੀ ਨੇ ਇਕੱਠੇ ਹੋ ਕੇ ਸੰਪੂਰਣ ਕੀਤਾ। ਕਈ ਥਾਵਾਂ ਤੇ ਲਿਖਿਆ ਕਿ ਉਹ ਸੇਲੀ ਟੋਪੀ, ਜੋ ਗੁਰੂ ਨਾਨਕ ਦੇਵ ਜੀ ਨੇ ਬਖਸ਼ੀ ਸੀ, ਧਰਮ ਚੰਦ ਨੂੰ ਦੇ ਦਿਤੀ। ਅੱਗੇ ਧਰਮ ਚੰਦ ਨੇ ਬ ਗੁਰਦਿੱਤ ਚੰਦ ਜੀ ਨੂੰ ਬਖਸ਼ ਦਿਤੀ, ਅਰਥਾਤ ਉਹ ਉਸ ਦੇ ਚੇਲੇ ਹੋਏ ਅਤੇ ਉਦਾਸ ਭੇਖ ਦੇ ਮੋਢੀ ਹੋਏ। ਧਰਮ ਦੇ ਮਾਨਕ ਚੰਦ ਅਤੇ ਮਿਹਰ ਚੰਦ ਹੋਏ। ਇਨ੍ਹਾਂ ਦੋਹਾਂ ਤੋਂ ਇਸ ਖਾਨਦਾਨ ਦੀਆਂ ਦੋ ਸ਼ਾਖਾ ਚੱਲੀਆਂ ਭਾਵ ਦੇਹਰਾ ਬ ਨਾਨਕ ਦੇ ਬੇਦੀ ਸਾਹਿਬਜ਼ਾਦੇ ਅਤੇ ਦੂਜੇ ਸਥਾਨਾਂ ਤੇ ਮਾਨਕ ਚੰਦ ਕੇ ਅਤੇ ਮਿਹਰ ਚੰਦ ਕੇ ਬੇਦੀ ਸੱਦੇ ਜਾਂਦੇ ਹਨ। ਮਾ ਚੰਦ ਅਤੇ ਮਿਹਰ ਚੰਦ ਦੋਹਾਂ ਦੇ ਚਾਰ ਚਾਰ ਪੁੱਤਰ ਪੈਦਾ ਹੋਏ। ਮਾਨਕ ਚੰਦ ਦੇ ਦਤਾਰ ਚੰਦ, ਜਗਤ ਚੰਦ, ਹੰਸ ਰ ਅਤੇ ਇਨਾਇਤ ਚੰਦ ਹੋਏ ਅਤੇ ਮਿਹਰ ਚੰਦ ਦੇ ਦਿਆਲ ਚੰਦ, ਸਰੂਪ ਰਾਮ, ਅਮੀਰ ਚੰਦ ਅਤੇ ਨਿਧਾਨ ਚੰਦ ਜੰ ਇਨ੍ਹਾਂ ਵਿਚੋਂ ਕਿਸੇ ਸੇਵਕ ਦੇ ਮੋਏ ਪੁੱਤਰ ਨੂੰ ਜੀਵਤ ਕਰਨ ਕਰ ਕੇ ਹੰਸ ਰਾਜ ਛੋਟੀ ਉਮਰ ਵਿਚ ਹੀ ਆਪਣੇ ਪਿਤਾ ਕ੍ਰੋਧ ਅਤੇ ਸਰਾਪ ਕਰ ਕੇ ਪਰਲੋਕ ਸਿਧਾਰ ਗਿਆ। ਇਸ ਦੁੱਖ-ਦਾਇਕ ਦੁਰਘਟਨਾ ਉਪਰੰਤ, ਹੰਸ ਰਾਜ ਦੀ ਮਾਤਾ ਰੋਣ ਪਿੱਟਣ ਅਤੇ ਉਸ ਦੀ ਬੇਚੈਨੀ ਨੂੰ ਵੇਖ ਕੇ ਮਾਨਕ ਚੰਦ ਨੇ ਵਰ ਦਿਤਾ ਕਿ ਪ੍ਰਮਾਤਮਾ ਤੈਨੂੰ ਹੋਰ ਪੁੱਤਰ ਇਨਾਿ ਕਰੇਗਾ। ਇਸੇ ਲਈ ਉਸ ਦਾ ਨਾਂ ਇਨਾਇਤ ਚੰਦ ਰੱਖਿਆ ਗਿਆ। ਹੰਸ ਰਾਜ ਦੇ ਬੇ-ਉਲਾਦਾ ਮਰਨ ਤੋਂ ਮਗਰੋਂ, ਭਰਾ, ਜੋ ਬਾਕੀ ਰਹੇ, ਉਨ੍ਹਾਂ ਤੋਂ ਇਹ ਬੇਦੀਆਂ ਦਾ ਬੰਸ ਚੱਲਦਾ ਰਿਹਾ। ਇਸ ਸਮੇਂ ਇਹ ਵੀ ਦਸਿਆ ਜਾਂਦਾ ਹੈ ਮਿਹਰ ਚੰਦ ਦੇ ਘਰ ਚਾਰ ਪੁੱਤਰਾਂ ਤੋਂ ਇਲਾਵਾ ਇਕ ਲੜਕੀ ਵੀ ਪੈਦਾ ਹੋਈ ਸੀ। ਇਸ ਦੇ ਕਾਰਨ ਕੁੜਮਾਂ ਵਿਚਕ ਸ਼ੋਕਮਈ ਹਾਲਤ ਪੈਦਾ ਹੋ ਗਈ ਸੀ ਅਤੇ ਖਾਨਦਾਨ ਵਿਚ ਕੁੜੀਆਂ ਨਾ ਰਖਣ ਦਾ ਹੁਕਮ ਜਾਰੀ ਹੋਇਆ ਸੀ। ਇਹ ਕ ਇਸ ਤਰ੍ਹਾਂ ਹੈ ਕਿ ਮਿਹਰ ਚੰਦ ਦੇ ਘਰ ਇਕ ਪੁੱਤਰੀ ਜੰਮੀ ਸੀ। ਉਸ ਦੇ ਮੁਟਿਆਰ ਹੋਣ ਤੇ ਬਟਾਲੇ ਦੇ ਇਕ ਸ਼ਾਹੂਕ ਖੱਤਰੀ ਦੇ ਪੁੱਤਰ ਨਾਲ ਇਸ ਦੀ ਕੁੜਮਾਈ ਹੋ ਗਈ ਸੀ। ਜੰਞ ਵਿਚ ਲੜਕੇ ਵਾਲੇ, ਬੇਦੀ ਸਾਹਿਬਾਨ ਦੀ ਮਰਜ਼ੀ ਉਲਟ ਬਹੁਤ ਸਾਰੇ ਹਾਥੀ ਅਤੇ ਸਜ-ਧਜ ਦਾ ਸਾਮਾਨ ਲਿਆਏ ਅਤੇ ਬੜੇ ਘੁਮੰਡ ਅਤੇ ਗ਼ਰੂਰ ਨਾਲ ਰਿਹਾਇਸ਼ੀ ਮਕ ਦਾ ਦਰਵਾਜ਼ਾ ਤੁੜਵਾ ਕੇ ਹਾਥੀਆਂ ਨੂੰ ਹੌਦੇ ਅਤੇ ਅਮਾਰੀਆਂ ਸਹਿਤ ਅੰਦਰ ਵਾੜ ਦਿਤਾ। ਬੇਦੀਆਂ ਨੇ ਵੰਨ-ਸਵੰ ਖਾਣੇ ਖੁਆਏ ਅਤੇ ਆਪਣੀ ਤਾਕਤ ਤੋਂ ਵੱਧ ਸਾਮਾਨ ਅਤੇ ਦਹੇਜ ਦਿਤਾ ਅਤੇ ਖਾਨਦਾਨੀ ਰਸਮ ਰਿਵਾਜ ਅਨੁਕੂ ਨਿੰਮਰਤਾ ਅਤੇ ਗ਼ਰੀਬੀ ਦਾ ਪ੍ਰਗਟਾਉ ਕੀਤਾ, ਪਰ ਉਨ੍ਹਾਂ ਨੂੰ ਕੁਝ ਵੀ ਚੰਗਾ ਨਾ ਲੱਗਾ। ਭਲੇ ਹਿੰਦੂਆਂ ਦੀ ਰਸ ਅਨੁਕੂਲ, ਮਿਹਰ ਚੰਦ, ਉਸ ਦੇ ਪੁੱਤਰਾਂ ਅਤੇ ਭਤੀਜਿਆਂ ਨੇ ਬੀਬੀ ਜੀ ਦੀ ਡੋਲ੍ਹੀ ਚੁੱਕੀ। ਕੁਝ ਦੂਰ ਬੇਦੀ ਸਾਹਿਬਾ ਡੋਲੀ ਚੁੱਕੀ ਚਲੇ ਗਏ, ਪਰ ਦੂਜੇ ਪਾਸੇ ਵਾਲਿਆਂ ਨੇ ਇਸ ਸੇਵਾ ਤੋਂ ਨਾ ਹਟਾਇਆ। ਉਨ੍ਹਾਂ ਨੇ ਡੋਲੀ ਪਹਿਲੇ ਸਥਾ ਤੱਕ ਪੁਚਾ ਦਿਤੀ। ਮਿਹਰ ਚੰਦ ਬੁੱਢੇ ਸਨ। ਨਿਰਬਲਤਾ ਅਤੇ ਕੁੜਮਾਂ ਦੇ ਘੁਮੰਡ ਅਤੇ ਬੇਪਰਵਾਹੀ ਤੋਂ ਤੰਗ ਆ ਗ ਪਰ ਚੁੱਪ ਰਹੇ ਅਤੇ ਕੁਝ ਨਾ ਬੋਲੇ। ਜਦ ਬੀਬੀ ਜੀ ਸਹੁਰੇ ਘਰ ਗਏ, ਤਾਂ ਉਥੇ ਉਨ੍ਹਾਂ ਤੋਂ ਘਟੀਆ ਸੇਵਾ ਜਿਵੇਂ ਜੂ ਭਾਂਡੇ ਮੰਜਵਾਣੇ ਆਦਿ ਲੈਂਦੇ ਰਹੇ। ਦਿਨ ਰਾਤ ਉਨ੍ਹਾਂ ਨੂੰ ਮਿਹਣੇ ਤਾਅਨੇ ਮਿਲਦੇ। ਉਹਨਾਂ ਨੂੰ ਫ਼ਕੀਰਾਂ ਦੀ

ੱਦਦੇ। ਉਹ ਇਸ ਵਰਤਾਉ ਤੋਂ ਬਹੁਤ ਤੰਗ ਆ ਗਏ । ਇਥੇ ਤੀਕ ਕਿ ਉਹ ਆਪਣੀ ਜਾਨ ਤੋਂ ਵੀ ਤੰਗ ਆ
ੇ ਪੇਕੇ ਘਰ ਵਾਪਸ ਆ ਗਏ। ਮਿਹਰ ਚੰਦ ਜੀ ਨੇ ਉਹਨਾਂ ਦਾ ਹਾਲ ਵੇਖਿਆ ਅਤੇ ਸ਼ੋਕਮਈ ਵਰਤਾਉ ਸਬੰਧੀ
ੁਣਿਆ ਅਤੇ ਬੜੇ ਦੁਖੀ ਹੋ ਕੇ ਫਰਮਾਇਆ ਕਿ ਅੱਗੇ ਨੂੰ ਸਾਡੇ ਵੰਸ ਵਿਚ ਕੋਈ ਆਪਣੀ ਪੁੱਤਰੀ ਨੂੰ ਜੀਵਤ ਨਾ
ਖੇ । ਇਸ ਸਿਤਮ ਭਰਪੂਰ ਹੁਕਮ ਨੂੰ ਸੁਣ ਕੇ ਪੁੱਤਰ ਅਤੇ ਭਤੀਜੇ ਹਾਜ਼ਰ ਹੋਏ ਅਤੇ ਬੇਨਤੀ ਕੀਤੀ ਕਿ ਧਰਮ
ਾਸਤਰ ਅਨੁਸਾਰ ਬੇਟੀ ਮਾਰਨ ਦਾ ਬੜਾ ਭਾਰੀ ਪਾਪ ਹੈ। ਮਿਹਰ ਚੰਦ ਜੀ ਨੇ ਫਰਮਾਇਆ ਕਿ ਹੁਣ ਇਸ ਦਾ
ਦਲਾ ਆਪਣੇ ਜ਼ੁੰਮੇਂ ਲੈਣਾ ਜ਼ਰੂਰੀ ਹੈ। ਫੇਰ ਉਹਨਾਂ ਆਪਣੇ ਗਲ ਉੱਤੇ ਹੱਥ ਧਰ ਕੇ ਆਖਿਆ ਕਿ ਇਹ ਪਾਪ
ਾਡੀ ਗਰਦਨ ਤੇ ਹੋਵੇਗਾ। ਇਸ ਦਾ ਬਦਲਾ ਔਲਾਦ ਤੋਂ . ਟਲ ਜਾਏਗਾ। ਇਹ ਬੰਸ ਹੋਰਾਂ ਨਾਲੋਂ ਵਧੇਰੇ ਫੁੱਲੇਗੀ।

ਇਹ ਕਹਿੰਦੇ ਹੋਏ ਹੀ ਉਹਨਾਂ ਦਾ ਗਲ ਬਿਲਕੁਲ ਕਾਲਾ ਸਿਆਹ ਹੋ ਗਿਆ। ਰਿਸ਼ਤੇਦਾਰਾਂ ਨੂੰ ਇਹ ਗਿਆਨ ਇਆ ਕਿ ਇਨ੍ਹਾਂ ਨੇ ਹੁਣ ਇਸ ਪਾਪ ਦਾ ਦੰਡ, ਆਪਣੀ ਕਰਾਮਾਤ ਨਾਲ ਆਪਣੇ ਜ਼ਿੰਮੇਂ ਲੈ ਲਿਆ ਹੈ, ਅਤੇ ਆਪਣੀ ੌਲਾਦ ਨੂੰ ਇਸ ਦੇ ਦੰਡ ਅਤੇ ਬਦਲੇ ਤੋਂ ਬਚਾ ਲਿਆ ਹੈ। ਉਸ ਦਿਨ ਤੋਂ ਇਹ ਰਸਮ ਇਸ ਖਾਨਦਾਨ ਵਿਚ ਆਮ ਹੋ ਈ ਅਤੇ ਸੰਮਤ 1920 ਤੱਕ ਚਲਦੀ ਰਹੀ ਅਤੇ ਖਾਲਸਾ ਰਾਜ ਨਾਲ ਹੀ ਖ਼ਤਮ ਹੋਈ ਭਾਵ ਜਦ ਸੰਨ 1846 ਵਿਚ ਾਰਚ ਦੇ ਮਹੀਨੇ ਵਿਚ ਅੰਗ੍ਰੇਜ਼ੀ ਸਰਕਾਰ ਦਾ ਅਧਿਕਾਰ ਦੁਆਬਾ ਜਲੰਧਰ ਉੱਤੇ ਪੱਕਾ ਹੋ ਗਿਆ ਅਤੇ ਜਾਨ ਲਾਰੰਸ ਾਹਿਬ ਜਲੰਧਰ ਦੇ ਸੂਬੇ ਦੇ ਕਮਿਸ਼ਨਰ ਅਤੇ ਸੁਪਰਿਨਟੈਂਡੈਂਟ ਨਿਯੁਕਤ ਹੋਏ, ਤਾਂ ਉਨ੍ਹਾਂ ਦੇ ਖਾਸ ਹੁਕਮ ਨਾਲ ਇਹ ੜੀ ਅਤੇ ਗੰਦੀ ਰਸਮ ਬੰਦ ਹੋਈ ਅਤੇ ਫੇਰ ਸੰਨ— —— ਵਿਚ ਉਕਤ ਪ੍ਰਸੰਸਾਯੋਗ ਅਫ਼ਸਰ ਦੀ ਤਜਵੀਜ਼ ਨੁਸਾਰ ਲਾਹੌਰ ਵਿਚ ਇਕ ਆਮ ਜਲਸਾ ਹੋਇਆ, ਜਿਸ ਵਿਚ ਪੰਜਾਬ ਦੇ ਸਾਰੇ ਰਈਸਾਂ ਦੀ ਹਾਜ਼ਰੀ ਵਿਚ, ਇਸ ੜੀ ਰਸਮ ਨੂੰ ਬੰਦ ਕਰਨ ਦੇ ਵਿਸ਼ੇਸ਼ ਹੁਕਮ ਜਾਰੀ ਹੋਏ। ਤਦ ਤੋਂ ਇਹ ਰਸਮ ਪੰਜਾਬ ਵਿਚੋਂ ਉੱਕੀ ਹੀ ਇਕਲਖਤ ਟ ਗਈ, ਭਾਵ ਹਜ਼ਾਰਾਂ ਪਾਪ ਰਹਿਤ ਬੱਚਿਆਂ ਦੀ ਜਾਨ ਬਚਾਉਣ ਦਾ ਪੁੰਨ ਦਾ ਫਲ ਉਕਤ ਕਥਿਤ ਅਫ਼ਸਰ ਨੂੰ ਲਦਾ ਹੈ। ਇਸ ਉਪਰੰਤ ਸਾਰੇ ਬੇਦੀ ਸਾਹਿਬਾਨ ਅਤੇ ਹੋਰ ਸੱਜਣ, ਜਿਨ੍ਹਾਂ ਦੇ ਕੋੜਮੇ ਵਿਚ ਇਹ ਰਸਮ ਪਹਿਲਾਂ ਤੋਂ ਰਚਲਤ ਸੀ, ਇਸ ਦੇ ਹਟਣ ਤੋਂ ਬੜੇ ਪ੍ਰਸੰਨ ਹੋਏ ਅਤੇ ਬੱਚਿਆਂ ਦੀ ਜਾਨ ਬਚਾਉਣ ਅਤੇ ਲੜਕੀਆਂ ਦੀ ਪਾਲਣ- ਸਣ ਵਿਚ ਦਿਲ ਅਤੇ ਜਾਨ ਨਾਲ ਲੱਗ ਪਏ ਹਨ ਅਤੇ ਉਸ ਸਤਿਕਾਰਯੋਗ ਅਫ਼ਸਰ ਲਈ ਸਦਾ ਹੀ ਪ੍ਰਾਰਥਨਾ ਰਦੇ ਹਨ।

ਦਤਾਰ ਚੰਦ ਸਾਹਿਬ ਦੇ ਪੰਜ ਪੁੱਤਰ, ਰੂਪ ਚੰਦ, ਪਹਾੜ ਚੰਦ, ਤਾਰਾ ਚੰਦ, ਫ਼ਤਹਿ ਚੰਦ ਅਤੇ ਉਦੇ ਚੰਦ ਹੋਏ ਤੇ ਪਹਾੜ ਚੰਦ ਨੰਬਰ 2 ਦੀ ਉਲਾਦ ਹਰਕਰਨ ਚੰਦ, ਮਨਸਾ ਚੰਦ, ਆਸਾ ਚੰਦ, ਸੂਰਜ ਮਲ ਚਾਰ ਪੁਤਰ ਹੋਏ। ਰਕਰਨ ਚੰਦ ਸਾਹਿਬ ਦੇ ਚਾਰ ਪੁੱਤਰ ਨਿਹਾਲ ਚੰਦ, ਹਰੀ ਚੰਦ, ਦੀਪ ਚੰਦ ਅਤੇ ਸੁਖਦੇਵ ਚੰਦ ਹੋਏ। ਗੁਰੂ ਨਾਨਕ ਤੋਂ ਬਾਬਾ ਨਿਹਾਲ ਚੰਦ ਸਾਹਿਬ ਤਕ ਅੱਠ ਪੁਸ਼ਤਾਂ ਹੋਈਆਂ। ਬੇਦੀ ਸਾਹਿਬਾਨ ਦੀ ਵਧੇਰੀ ਰਿਹਾਇਸ਼ ਡੇਹਰਾ ਬਾਬਾ ਾਨਕ, ਜੋ ਜ਼ਿਲ੍ਹਾ ਗੁਰਦਾਸਪੁਰ ਵਿਚ ਦਰਿਆ ਰਾਵੀ ਦੇ ਕੰਢੇ ਹੈ, ਵਿਚ ਹੈ, ਕਿਉਂਕਿ ਗੁਰੂ ਨਾਨਕ ਦੇਵ ਜੀ ਇਸੇ ਥਾਨ ਤੇ ਜੋਤੀ ਜੋਤ ਸਮਾਏ।

ਜਦ ਬੇਦੀ ਸਾਹਿਬਾਨ ਬਹੁਤ ਵੱਧ ਗਏ, ਤਾਂ ਉਸ ਸਮੇਂ ਦੇ ਜੀਵਤ ਬਜ਼ੁਰਗਾਂ ਦੀ ਤਜਵੀਜ਼ ਅਨੁਸਾਰ, ਸੰਗਤ ੇ ਚੜ੍ਹਾਵੇ ਅਤੇ ਕਾਰਭੇਟ ਦੀ ਆਮਦਨੀ ਦੀ ਤਕਸੀਮ ਲਈ ਸਾਰੇ ਮੁਲਕ ਪੰਜਾਬ, ਹਿੰਦੁਸਤਾਨ, ਸ਼ਿਕਾਰਪੁਰ, ਕਾਬਲ, ੰਧਾਰ ਆਦਿ ਵਿਚ ਗੁਰੂ ਨਾਨਕ ਸਾਹਿਬ ਦੇ ਸਿੱਖਾਂ ਅਤੇ ਸੇਵਕਾਂ ਦੀ, ਜੋ ਉਥੇ ਰਹਿੰਦੇ ਸਨ, ਦੇਸ਼-ਵੰਡ ਨੀਅਤ ਹੋਈ, ਭਾਵ ਜੋ ਇਲਾਕਾ ਜਿਸ ਘਰਾਣੇ ਦੇ ਹਿੱਸੇ ਵਿਚ ਆਇਆ, ਉਸ ਵਿਚੋਂ ਉਹੋ ਘਰਾਣਾ ਮਰੀਦਾਂ ਤੋਂ ਕਾਰ ਭੇਟ ਲੈਂਦਾ ੀ। ਇਸ ਵੰਡ ਵਿਚ ਬਾਬਾ ਨਿਹਾਲ ਚੰਦ ਜੀ ਦੇ ਹਿੱਸੇ ਕਾਂਗੜਾ, ਜੱਸਵਾਂ ਦੂਨ, ਬਲਾਸਪੁਰ, ਕਹਿਲੂਰ, ਹੰਢੂਰ ਬਾਰਾ ਹਿਲਾਰ (ਜੋ ਹੁਸ਼ਿਆਰਪੁਰ ਅਤੇ ਕਾਂਗੜਾ ਵਿਚ ਹਨ) ਅਤੇ ਵਾਨਰੀ, ਜੋ ਸਤਲੁਜ ਦੇ ਕੰਢੇ ਹੈ, ਆਏ। ਇਸ ਲਈ

ਬਾਬਾ ਕਲਾਧਾਰੀ ਜੀ ਅਤੇ ਬਾਬਾ ਲੱਜਾਧਾਰੀ ਜੀ, ਬਾਬਾ ਨਿਹਾਲ ਚੰਦ ਦੇ ਛੋਟੇ ਪੁੱਤਰ ਉਸ ਇਲਾਕੇ ਵਿਚ ਆਏ ਬਾਬਾ ਕਲਾਧਾਰੀ ਜੀ ਸ਼ਲੌਹ ਅਤੇ ਖਾਸ ਉਨਾ ਨੂੰ ਭਗਤੀ ਕਰਨ ਦਾ ਅਸਥਾਨ ਥਾਪ ਕੇ ਉਥੇ ਹੀ ਰਹਿਣ ਲੱਗੇ, ਭਾ ਇਲਾਕੇ ਵਿਚ ਕਦੇ ਕਦੇ ਦੌਰਾ ਕਰਦੇ ਅਤੇ ਦੁਪੈਹਰੇ ਉਥੇ ਹੀ ਆਰਾਮ ਕਰਦੇ ਅਤੇ ਪ੍ਰਮਾਤਮਾ ਦੀ ਭਗਤੀ ਵਿਚ ਜੁਟੇ ਰਹਿੰ ਨ। ਬਾਬਾ ਲੱਜਾ ਧਾਰੀ ਜੀ ਬੰਗਾ ਵਿਚ, ਜੋ ਜਲੰਧਰ ਜ਼ਿਲ੍ਹੇ ਵਿਚ ਹੈ, ਰਹੇ ਅਤੇ ਉਥੇ ਹੀ ਸੁਰਗਵਾਸ ਹੋਏ। ਉਹਨ ਾ ਸਥਾਨ ਅਤੇ ਉਲਾਦ ਉਥੇ ਹੀ ਸੀ। ਕਲਾਧਾਰੀ ਜੀ ਦਾ ਬਾਕੀ ਹਾਲ ਅੱਗੇ ਯੋਗ ਸਥਾਨ ਤੇ ਕੀਤਾ ਜਾਏਗਾ। ਬਾ ਕਲਾਧਾਰੀ ਜੀ ਦੇ ਬਾਬਾ ਕੌਰ ਸਿੰਘ, ਬਾਬਾ ਧਰਮ ਸਿੰਘ, ਬਾਬਾ ਜੀਤ ਸਿੰਘ, ਬਾਬਾ ਸੁਘੜ ਚੰਦ ਅਤੇ ਸੰਮਦੀਪ ਜੀ ਪੰ ਪੁੱਤਰ ਪੈਦਾ ਹੋਏ ਅਤੇ ਵਿਚਕਾਰਲੇ ਪੁੱਤਰ ਬਾਬਾ ਜੀਤ ਸਿੰਘ ਦੇ ਘਰ ਦੋ ਪੁੱਤਰ ਜੰਮੇ। ਪਹਿਲੇ ਪੁੱਤਰ ਗੁਰੂ ਸਾਹਿਬ ਸਿੰ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਦੇ ਅਵਤਾਰ ਪੈਦਾ ਹੋਏ, ਜੋ ਬਾਰ੍ਹਵੀਂ ਪਾਤਸ਼ਾਹੀ ਪ੍ਰਸਿੱਧ ਹੋਏ। ਉਹ ਬ ਰਾਮਾਤੀ, ਸ਼ਾਨ ਸ਼ੌਕਤ ਅਤੇ ਬੜੇ ਇਲਾਕੇ ਦੇ ਮਾਲਕ ਪ੍ਰਸਿੱਧ ਹੋਏ। ਉਨ੍ਹਾਂ ਦਾ ਵਿਸਥਾਰ ਪੂਰਵਕ ਬ੍ਰਿਤਾਂਤ ਅੱਗੇ ਲਿਖਿਆ ਜਾਏਗਾ। ਬਾਬਾ ਜੀਤ ਸਿੰਘ ਜੀ ਦੇ ਦੂਜੇ ਪੁੱਤਰ ਬਾਬਾ ਮਹਿਬੂਬ ਸਿੰਘ ਜੀ ਸਨ।"

# ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਬੇਦੀ ਦਾ ਵੰਸ਼

(ਪ੍ਰਿੰ: ਸੇਵਾ ਸਿੰਘ ਮਾਨ)

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਬੇਦੀ ਸਾਹਿਬ ਪੂਰਨ ਬ੍ਰਹਮ ਗਿਆਨੀ ਸਨ। ਆਪ ਦੇ ਤਿੰਨ ਪੁੱਤਰ ਬਾ ਬਿਸ਼ਨ ਸਿੰਘ ਜੀ, ਬਾਬਾ ਤੇਗ ਸਿੰਘ ਜੀ ਅਤੇ ਬਾਬਾ ਬਿਕ੍ਰਮਾ ਸਿੰਘ ਬੇਦੀ ਹੋਏ। ਬਾਬਾ ਬਿਸ਼ਨ ਸਿੰਘ ਜੀ ਸਭ ਤੋਂ ਵ ਨ। ਉਨ੍ਹਾਂ ਦੇ ਬੇਟੇ ਬਾਬਾ ਅਤਰ ਸਿੰਘ ਜੀ ਹੋਏ। ਅੱਗੋਂ ਉਨ੍ਹਾਂ ਦੇ ਦੋ ਪੁੱਤਰ ਬਾਬਾ ਸੰਪੂਰਨ ਸਿੰਘ ਜੀ ਅਤੇ ਸਰ ਬਾ ਮ ਸਿੰਘ ਜੀ ਬੇਦੀ ਕੱਲਰ (ਜ਼ਿਲ੍ਹਾ ਰਾਵਲ ਪਿੰਡੀ ਪਾਕਿਸਤਾਨ) ਉਘੇ ਧਾਰਮਿਕ ਵਿਅਕਤੀ ਹੋਏ। ਜਿਨ੍ਹਾਂ ਨੇ "ਧ ਠੋਹਾਰ" ਦੇ ਇਲਾਕੇ ਵਿਚ ਹਜ਼ਾਰਾਂ ਪ੍ਰਾਣੀਆਂ ਨੂੰ ਗੁਰੂ ਘਰ ਨਾਲ ਜੋੜਿਆ ਅਤੇ ਤਿਆਰ ਬਰਤਿਆਰ ਸਿੰਘ ਸਜਾ ਾਲਸਾ ਪੰਥ ਵਿਚ ਲਿਆਂਦਾ। ਆਪ ਤੋਂ ਪਿਛੋਂ ਆਪ ਦੀ ਔਲਾਦ ਸਰਕਾਰੀ ਨੌਕਰੀਆਂ ਵਲ ਚਲੀ ਗਈ।

ਬਾਬਾ ਤੇਗ ਸਿੰਘ ਜੀ ਬੇਦੀ ਬੜੀ ਕਰਨੀ ਤੇ ਅਜ਼ਮਤ ਦੇ ਮਾਲਕ ਸਨ। ਉਨ੍ਹਾਂ ਬਾਬਾ ਅਟੱਲ ਦੀ ਤਰ੍ਹਾਂ ਕਰਾਮ ਦਿਖਾਈ ਤਾਂ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਸ਼ਹਿਜ਼ਾਦੇ ਤੇ ਨਰਾਜ਼ ਹੋ ਗਏ। ਉਨ੍ਹਾਂ ਦੀ ਯਾਦਗਾਰ ਉਨਾ ਸਾਹਿਬ ਵਿ ਇਕ ਗੁਰਦਵਾਰਾ ਬਣਿਆ ਹੋਇਆ ਹੈ। ਸਣੇ ਪਲੰਘੇ ਆਪਣੀ ਪਤਨੀ ਸਮੇਤ ਅੰਗੀਠੇ ਵਿਚ ਸਮਾ ਗਏ। ਉਹ ਪਲੰ ਤੁਸੇ ਅਸਥਾਨ ਤੇ ਪਿਆ ਹੈ, ਜਿਸ ਨੂੰ ਅੱਗ ਨੇ ਸਾੜਿਆ ਨਹੀਂ ਸੀ। ਹਰ ਸ਼ੁਕਰਵਾਰ ਨੂੰ ਇੱਥੇ ਭਾਰੀ ਜੋੜ ਮੇਲਾ ਹੁੰਦਾ ਹੈ ਸ਼ਰਧਾਲੂਆਂ ਦੀਆਂ ਸੁਖਣਾ ਪੂਰੀਆਂ ਹੁੰਦੀਆਂ ਹਨ।

ਬਾਬਾ ਬਿਕ੍ਰਮਾ ਸਿੰਘ ਜੀ ਬੇਦੀ ਜੋ ਸਭ ਤੋਂ ਛੋਟੇ ਸਨ ਸਿੱਖ ਦਰਬਾਰ ਦੇ ਸਤਿਕਾਰ ਰਤਨ ਸਨ। ਮਹਾਰਾ ਰਣਜੀਤ ਸਿੰਘ ਜੀ ਆਪ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਮਹਾਰਾਜੇ ਦੀ ਮੌਤ ਪਿਛੋਂ ਸਿੱਖ ਦਰਬਾਰ ਵਿਚ ਬੁਰਛਾ ਗਰਦੀ ਹੋਣੀ ਉਸ ਨੂੰ ਰੋਕਣ ਵਿਚ, ਅਤੇ ਸਿੱਖਾਂ ਦੀਆਂ ਅੰਗਰੇਜ਼ਾਂ ਨਾਲ ਹੋਈਆਂ ਲੜਾਈਆਂ ਵਿਚ ਆਪ ਨੇ ਵਿਸ਼ੇ ਭਾਗ ਲਿਆ ਹੈ। ਇਥੋਂ ਤੱਕ ਸਿੱਖਾਂ ਦੀ ਦੂਜੀ ਲੜਾਈ (ਚੇਲਿਆਂ ਵਾਲੇ ਮੈਦਾਨ ਵਿਚ 1839 ਈ: ਨੂੰ) ਦੇ ਹੀਰੋ ਆ ਸਨ ਜਿਨ੍ਹਾਂ ਦੇ ਨਾਲ ਭਾਈ ਮਹਾਰਾਜ ਸਿੰਘ ਰੱਬੋਂ ਕੌਮੀ ਸ਼ਹੀਦ ਵੀ ਸ਼ਾਮਲ ਸਨ। ਅੰਗਰੇਜ਼ ਨੇ ਦੂਜੀ ਲੜਾਈ ਜਿੱਤਣ ਤੋ ਪਿਛੋਂ ਦਮਨ ਨੀਤੀ ਅਨੁਸਾਰ ਉਨਾ ਸਾਹਿਬ ਦੇ ਕਿਲ੍ਹੇ ਤੋਪਾਂ ਨਾਲ ਉਡਾ ਦਿੱਤੇ ਤੇ ਬਾਬਾ ਜੀ ਨੂੰ ਗ੍ਰਿਫਤਾਰ ਕਰ ਕੇ ਮਹਾਰਾਜ ਸਿੰਘ ਦੇ ਨਾਲ, ਮਾਂਡੇਲ ਜੇਲ੍ਹ ਵਿਚ, ਉਮਰ ਕੈਦ ਕਰਨਾ ਚਾਹੁੰਦੇ ਸਨ, ਪਰ ਆਪ ਦੀ ਅਜ਼ਮਤ ਵੇਖ ਕੇ, ਅੰਗਰੇ ਅਫਸਰ, ਆਪ ਨੂੰ ਅੰਮ੍ਰਿਤਸਰ ਵਸਤੀ ਰਾਮ ਦੀ ਢਾਬ ਵਿਚ ਨਜ਼ਰ ਬੰਦ ਕਰਨ ਲਈ ਮਜਬੂਰ ਹੋ ਗਏ। ਉਥੇ ਆ ਚੌਂਦਾਂ ਸਾਲ ਜ਼ਿੰਦਾ ਰਹਿ ਕੇ, ਸ਼ਹੀਦੀ ਪਾ ਗਏ। ਬਾਬਾ ਜੀ ਦੀ ਯਾਦਗਾਰ ਹੁਣ ਤੱਕ ਕਾਇਮ ਹੈ। ਉਹ ਬਹੁਤ ਖਸਤਾ ਹੋ ਰਹ ਹੈ। ਕੌਮ ਨੂੰ ਅਤੇ ਭਾਰਤ ਸਰਕਾਰ ਨੂੰ ਇਸ ਦੇਸ਼ ਭਗਤ ਦੀ ਸ਼ਾਨ ਅਨੁਸਾਰ ਇਸ ਯਾਦਗਾਰ ਨੂੰ ਸੰਭਾਲਣਾ ਚਾਹੀਦਾ ਹੈ।

# ਸੰਤਾਨਕ ਘਰਾਣਾ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

- ਬਾਬਾ ਸਿਰੀ ਚੰਦ ਜੀ (ਉਦਾਸੀਨ ਸੰਪ੍ਰਦਾਇ ਦੇ ਮੋਢੀ ਬਾਲ ਬ੍ਰਹਮਚਾਰੀ ਰਹੇ)
- ਬਾਬਾ ਲਖਮੀ ਚੰਦ ਜੀ

ਬਾਬਾ ਧਰਮ ਚੰਦ ਜੀ

ਬਾਬਾ ਮਾਣਕ ਚੰਦ ਜੀ

ਬਾਬਾ ਦਾਤਾਰ ਚੰਦ ਜੀ

ਬਾਬਾ ਪਹਾੜ ਚੰਦ ਜੀ

ਬਾਬਾ ਹਰਕਰਨ ਚੰਦ ਜੀ

ਬਾਬਾ ਨਿਹਾਲ ਚੰਦ ਜੀ

ਬਾਬਾ ਕਲਾਧਾਰੀ ਜੀ

ਬਾਬਾ ਅਜੀਤ ਸਿੰਘ ਜੀ

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ

ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ ਬੇਦੀ

ਸ੍ਰੀ ਹਜ਼ੂਰ ਬਾਬਾ ਸੁਜਾਨ ਸਿੰਘ ਜੀ ਬੇਦੀ

ਸ੍ਰੀ ਹਜ਼ੂਰ ਬਾਬਾ ਰਾਮਕਿਸ਼ਨ ਸਿੰਘ ਜੀ ਬੇਦੀ

ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ ਬੇਦੀ

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਸ੍ਰੀ ਹਜ਼ੂਰ ਬਾਬਾ ਸਰਬਜੋਤ ਸਿੰਘ ਜੀ ਬੇਦੀ

- ਟਿੱਕਾ ਬਾਬਾ ਅਮਰਜੋਤ ਸਿੰਘ
- ਕੰਵਰ ਬਾਬਾ ਕਰਮਜੋਤ ਸਿੰਘ

# MY BABAJI

*On the fourteenth of March my Babaji died,*
*I was in Sanawar not by his side,*
*He was brought to Una, I came that night,*
*Thousands were crying ; it was a dreadful sight,*
*Downstairs in the room, his body was kept,*
*All night, I was told the family had not slept,*
*He was given his last bath and taken to the hall,*
*There was Kirtan and prayers and sighs and all.*
*The Saints were praying and so we waited,*
*He was taken to Wada Durbar and there cremated.*
*I was standing by my father holding his hand,*
*Remembering the person who was so grand.*
*I thought of his large heart and loving care,*
*And the future in which the loss we'll have to bear.*
*He was generous and he kept sweets for me,*
*And when we played football he'd be referee.*
*He would tell us to race with him to the wall*
*He would return halfway and defeat us all.*
*He loved icecreame, laddoos and other eats,*
*Any excuse would do to have some sweets.*
*He inspired us, telling stories of his strife,*
*And he is the one I'll remember all my life.*

—*Baba Amarjot Singh Bed*

# ਕੁਝ ਯਾਦਾਂ ਕੁਝ ਆਵਾਜ਼ਾਂ

*( Excerpts from some letters of Condolence)*

"He was a noble soul and dedicated to religion and agricultural work in articular besides the uplift of humanity and weaker sections of society...the like of im we shall never see again."

*—Sardar Balwant Singh Buttar,*
*California, U. S. A.*

"...he has been one of the most overpowering personality in my life. Every-ime I bent down to touch his feet and take his blessings and I feel most fortunate o have received those oppurtunities on a few occasions that I did, I felt that there as such a holy and powerful blessings in the touch of his hand. The light that hone on his face and his personality will remain with me, as a guiding light."

*—Miss Sonali Thadani,*
*Student in U. S. A.*

"I feel quite restless (after he passed away) . . . so many of our friends came ho knew him and we all talk about him. Everyone has such sweet memories about im. Last year he was with us. I cannot imagine that I never see him again."

*—Bibaji Jitinder*
*(Babaji's sister, who passed away soon after)*

"Babaji was a fountain of love and humility which shall always be missed.

*—Rai Bahadur Kanwar Raj Nath*
*(Classmate and childhood friend of Babaji)*

"He was a guiding light to all, but like a friend . . . during the depressing imes. I have lost the person who tought me how to pray and brought me close o God."

*—Miss Manmeeth Arora, Madras*

"He was not only a spiritual leader but a good adviser as well.

*—S. Satnam Singh Dewan*
*Businessman, Bombay*

"He was a great personality and source of courage, devotion and religious tennets and it is a great loss to the Sikh community."

*—Sardar Pirthipal Singh, I. P. S.*
*Retired S. S. P., Ludhiana*

"ਸਭ ਨੂੰ ਚੰਗੀ ਮੱਤ ਦੇਣੀ ਅਤੇ ਪਾਠ ਪੂਜਾ ਵਲ ਸਭ ਨੂੰ ਪ੍ਰੇਰਨਾ ਕਰਨੀ। ਸੰਗਤ ਨੂੰ ਚੰਗੇ ਪਾਸੇ ਲਾਉਣਾ ਉਹਨਾਂ ਦੇ ਜੀਵਨ ਦਾ ਸਭ ਤੋਂ ਪਹਿਲਾ ਕੰਮ ਸੀ।"

—ਬੀਬੀ ਅਜੀਤ ਕੌਰ ਜੀ, ਧਨਸਰ

"What a great and glorious life ! Few people came into this world to leave it a richer place,"

*—Mrs. Deepak Chopra, Delhi*

"ਅਜਿਹੀਆਂ ਪਵਿੱਤਰ ਸ਼ਖਸੀਅਤਾਂ ਦਾ ਜਨਮ ਇਸ ਸੰਸਾਰ ਤੇ ਬਹੁਤ ਘੱਟ ਹੁੰਦਾ ਹੈ। ਉਹਨਾਂ ਦਾ ਵਿਛੋੜਾ ਉਹਨਾਂ ਦੇ ਪਰ-ਉਪਕਾਰਾਂ ਰਾਹੀਂ ਸਦਾ ਮਹਿਸੂਸ ਹੁੰਦਾ ਰਹੇਗਾ।"

—ਸਰਦਾਰ ਗੁਰਬਖਸ਼ ਸਿੰਘ ਮਲਿਕ
ਗੁਰੂ ਹਰਿਸਹਾਏ, ਫਿਰੋਜ਼ਪੁਰ

"ਉਹ ਬੜੀ ਪਹੁੰਚੀ ਹੋਈ ਆਤਮਾ ਸਨ, ਉਹਨਾਂ ਦੇ ਦਰਸ਼ਨ ਕੀਤਿਆਂ ਮਨ ਨੂੰ ਸ਼ਾਂਤੀ ਆ ਜਾਂਦੀ ਸੀ।"

—ਮਾਤਾ ਗੁਰਪ੍ਰੀਤ ਕੌਰ ਬੇਦੀ
ਗਨੌਰ, ਹਰਿਆਣਾ

"ਆਪ ਜੀ ਇਸ ਭਿਆਨਕ ਕਲੂ-ਕਾਲ ਵਿਚ ਸਿੱਖ ਜਗਤ ਦੇ ਥੰਮ ਸਨ। ਆਪ ਨੇ ਗੁਰੂ ਪੰਥ ਅਤੇ ਜਗਤ-ਜਲੰਦੇ ਦੀ ਸੇਵਾ ਕੀਤੀ, ਸਿੱਧੇ ਮਾਰਗ ਲਾਇਆ ਤੇ ਗੁਰੂ-ਚਰਨਾਂ ਨਾਲ ਜੋੜਿਆ।"

—ਸਰਦਾਰ ਗੁਰਚਰਨ ਸਿੰਘ ਸੈਣੀ, ਚੰਡੀਗੜ੍ਹ

"He was dear to all of us, I knew what kind of a man he was and how much good he has done."

*—Mother Marie*
*Sacred Heart School, Dalhousie*

"ਬਾਬਾ ਜੀ ਨੇ ਆਪਣਾ ਜੀਵਨ ਪ੍ਰਚਾਰ ਵਿਚ ਲਗਾ ਕੇ ਤਪਦੇ ਜਗਤ-ਜਲੰਦੇ ਨੂੰ ਨਾਮ ਨਾਲ ਜੱਗ ਕੇ ਠਾਰਿਆ ਹੈ ।"

—ਬੇਦੀ ਪਰਉਪਕਾਰ ਸਿੰਘ
Special Executive Magistrate, Bombay

"Babaji was one of those rare men who was not charmed by the attraction or distraction of the modern world and was dedicated to a life of religious t ought and purity . . . May his example in spirit and dedication be the beacon in our lives."

*—Mrs & Mr. Ratnam, Madras*

". . . all the good work and noble deeds that characterised his life and for bringing the word of the founder to the masses in simple and clear terms."

*—Sardar H. S. Duggal, Delhi*

"Babaji will live in the hearts of so many people—even those who met him for a very short time, remember him with love and reverence."

*—Ranju, New Delhi*

"Hazur Babaji was an institution in his Holiness and created history in the lineage of Shri Guru Nanak Devji . . . He was a great God's man who had devoted his life for the welfare of his followers in particular and mankind in general."

*—Shri S. R. Mahantan, Simla*

"I admired the way in which he worked hard and endeared himself to everybody who came in contact with him.

*—Sardar S. S. Bedi, Anandpur Sahib*

"The Sikhs as a whole have lost a revered spiritual leader who could in his own quite way, have provided a sorely needed mooring to the community going inexorably adrift in the muddy waters of political fanaticism."

*—Brig. Gurbax Singh (retd.)*
*New Delhi*

"He was a very dear brother, a very sincere friend and an extremely dependable guide and philosopher."

*—Maj. M S. Bulalia*
*(Babaji's Cousin)*

### ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਸ਼ਰਧਾਂਜਲੀ ਸਮਾਰੋਹ ਦੇ ਅਵਸਰ ਤੇ



# ਸ਼ਰਧਾ ਦੇ ਫੁੱਲ

ਵਲੋਂ :—ਮਹੰਤ ਤੀਰਥ ਸਿੰਘ 'ਸੇਵਾ ਪੰਥੀ' ਗੋਨਿਆਣਾ ਭਾਈ ਜਗਤਾ।

ਸਾਧ ਸੰਗਤ ਜੀਉ ਦਿਲ ਕਰਦਾ ਹੈ ਇੱਕ ਵਾਰੀ ਆਪਾਂ ਸਾਰੇ ਹੀ ਮਿਲ ਕਰ ਗੁਰੂ ਨਾਨਕ ਦੇ ਗੁਣ ਗਾਵੀਏ। ਦਾਸ ਪਹਿਲੇ ਪੜੇਗਾ 'ਗੁਰੂ ਨਾਨਕ ਤੇਰੇ ਗੁਣ ਗਾਵਾਂ' ਪਿਛੋਂ ਸਾਰੀ ਸੰਗਤ ਮਿਲ ਕੇ ਪੜੇ ਤਾਂ ਕਿ ਸਾਰਿਆਂ ਦਾ ਹਿੱਸਾ ਪੈ ਜਾਵੇ ਇਸ ਸਾਰੇ ਸਮਾਗਮ ਦੇ ਅੰਦਰ ਗੁਰੂ ਨਾਨਕ ਦੇ ਗੁਣ ਗਾਵਣ ਵਿਚ।

ਸਾਧ ਸੰਗਤ ਜੀਉ ਧੰਨ ਗੁਰੂ ਨਾਨਕ ਸਾਹਿਬ ਤੇ ਧੰਨ ਗੁਰੂ ਨਾਨਕ ਦੀ ਸੰਤਾਨਕ ਜੋਤ, ਆਤਮਕ ਜੋਤ ਤੇ ਸਰੀਰਕ ਜੋਤ ਜਿਵੇਂ ਸਰੀਰ ਤੇ ਰੂਹ ਦੋ ਚੀਜ਼ਾਂ ਦਾ ਜੀਵਨ ਹੁੰਦਾ ਹੈ, ਦੋਹਾਂ ਦਾ ਮੇਲ ਹੈ ਤੇ ਜੀਵਨ ਹੈ। ਜਦੋਂ ਵਿਛੋੜਾ ਹੋ ਜਾਂਦਾ ਹੈ ਰੂਹ ਦਾ ਸਰੀਰ ਦਾ, ਜੀਵਨ ਮੁੱਕ ਜਾਂਦਾ ਹੈ। ਇੱਕ ਸਰੀਰ ਹੈ, ਇੱਕ ਰੂਹ ਹੈ, ਆਤਮਾ ਹੈ। ਵੈਸੇ ਜੇਕਰ ਗੁਰਬਾਣੀ ਦੇ ਆਧਾਰ ਤੇ ਵਿਚਾਰ ਕਰੀਏ ਦੋਵੇਂ ਹੀ ਵਸਤੂਆਂ ਅਮਰ ਹਨ। ਇੱਕ ਜ਼ਿਕਰ ਆਉਂਦਾ ਹੈ ਗੁਰੂ ਨਾਨਕ ਦੇਵ ਮਹਾਰਾਜ ਜਾ ਰਹੇ ਸਨ ਸੁਮੇਰ ਪਰਬਤ ਤੇ। ਕਨਿਫਾ ਨਾਮ ਦਾ ਜੋਗੀ ਅੱਗੋਂ ਆ ਕੇ ਮਿਲਿਆ, ਗੁਰੂ ਨਾਨਕ ਤੇ ਸਵਾਲ ਕੀਤਾ, ਤੁਸੀਂ ਕੌਣ ਹੋ ? ਕਿਥੋਂ ਆਏ ਹੋ ? ਕਿਥੇ ਚੱਲੇ ਹੋ ? ਕਨਿਫੇ ਜੋਗੀ ਦੇ ਸਵਾਲ ਸੁਣ ਕੇ ਗੁਰੂ ਨਾਨਕ ਸਾਹਿਬ ਉਸ ਦੇ ਵੱਲ ਵੇਖਣ ਲੱਗ ਪਏ, ਵੇਖਦੇ ਰਹੇ ਵੇਖਦੇ ਰਹੇ, ਮੁਸਕਰਾਏ ਤੇ ਕੋਈ ਜਵਾਬ ਨਾ ਦਿੱਤਾ। ਕਨਿਫਾ ਜੋਗੀ ਔਖਾ ਹੋ ਗਿਆ ਤੇ ਕਹਿਣ ਲੱਗਾ, "ਮੇਰੇ ਵੱਲ ਵੇਖੀ ਜਾਨੈ ਅਗੋਂ ਮੁਸਕਰਾਨੈ, ਪਰ ਮੇਰੇ ਸਵਾਲ ਦਾ ਜਵਾਬ ਹੀ ਨਹੀਂ ਦਿੰਦਾ।" ਮਹਾਰਾਜ ਫਿਰ ਮੁਸਕਰਾ ਪਏ। ਉਹ ਔਖਾ ਹੋ ਗਿਆ। ਕਹਿੰਦਾ, "ਤੂੰ ਮੇਰੀ ਗੱਲ ਦਾ ਮਖੌਲ ਹੀ ਸਮਝ ਲਿਆ, ਹਾਸਾ ਹੀ ਬਣਾ ਦਿੱਤਾ ਈ।" ਗੁਰੂ ਨਾਨਕ ਸਾਹਿਬ ਕਹਿਣ ਲੱਗੇ, "ਕਨਿਫਿਆ ਤੂੰ ਸਵਾਲ ਹੀ ਐਸਾ ਕੀਤਾ ਹੈ ਕਿ ਮੈਨੂੰ ਹਾਸਾ ਆ ਗਿਆ ਏ।" ਕਹਿੰਦਾ "ਕਿਉਂ ਸਵਾਲ ਠੀਕ ਨਹੀਂ ਕੀਤਾ ?" ਮਹਾਰਾਜ ਕਹਿਣ ਲੱਗੇ, "ਕੋਈ ਹੋਰ ਬੰਦਾ ਕਰਦਾ ਨਾ ਸਵਾਲ ਤਾਂ ਮੈਂ ਇਸ ਤਰ੍ਹਾਂ ਨਾ ਕਰਦਾ ਜਿਵੇਂ ਤੇਰੇ ਨਾਲ ਕਰ ਰਿਹਾ ਹਾਂ ਪਰ ਇੱਕ ਜੋਗੀ ਦੇ ਮੂੰਹੋਂ ਇਹ ਸਵਾਲ ਸੁਣ ਕੇ ਮੈਨੂੰ ਹਾਸਾ ਆ ਗਿਆ ਹੈ।" ਕਹਿੰਦਾ "ਤੂੰ ਠੀਕ ਨਹੀਂ ਕੀਤਾ।" ਮਹਾਰਾਜ ਕਹਿੰਦੇ "ਜੋਗੀ ਲਈ ਠੀਕ ਨਹੀਂ ਆਮ ਬੰਦੇ ਲਈ ਠੀਕ ਹੋ ਸਕਦਾ ਹੈ, ਜੋਗੀ ਲਈ ਠੀਕ ਨਹੀਂ ਹੋ ਸਕਦਾ, ਮੈਂ ਵੇਖ ਰਿਹਾ ਹਾਂ ਚੰਗੀ ਤਰ੍ਹਾਂ ਤੂੰ ਜੋਗੀ ਏਂ, ਤੂੰ ਜੋਗੀਆਂ ਵਾਲੇ ਕੱਪੜੇ ਵੀ ਪਾਏ ਹੋਏ ਨੇ, ਮੁੰਦਰਾਂ ਵੀ ਪਾਈਆਂ ਹੋਈਆਂ ਨੇ, ਸਵਾਹ ਵੀ ਮਲੀ ਹੋਈ ਹੈ, ਕਫਨੀ ਵੀ ਪਾਈ ਹੋਈ ਏ, ਹੱਥ ਮੇਰੇ ਕਪੜਾ ਵੀ ਏ। ਇੱਕ ਪਾਸੇ ਤਾਂ ਤੂੰ ਜੋਗੀ ਏ ਪਰ ਸਵਾਲ ਬੜਾ ਅਜੀਬ ਜਿਹਾ ਏ। ਥੋੜ੍ਹਾ ਜਿਹਾ ਠੰਡਾ ਹੋ ਗਿਆ ਤੇ ਕਹਿਣ ਲੱਗਾ "ਫਿਰ ਸਮਝਾਓ ਤੇ ਸਹੀ।" ਮਹਾਰਾਜ ਕਹਿਣ ਲੱਗੇ, "ਜੋਗੀ ਵੇਖ ਜੋਗੀ, ਜੋਗੀ ਦਾ ਮਹਿਨਾ ਏ, ਜੁੜਿਆ ਹੋਇਆ, ਇਕਮਿਕ ਹੋਇਆ। ਜਿਹੜਾ ਬੰਦਾ ਰੱਬ ਨਾਲ ਇਕਮਿਕ ਹੋਇਆ ਹੋਵੇ ਉਸਨੂੰ ਕਿਹਾ ਜਾਂਦੇ ਏ ਨਾ ਜੋਗੀ। ਇੱਕ ਨਾਲ ਜੁੜਿਆ ਹੋਇਆ ਬੰਦਾ ਇਸ ਤਰ੍ਹਾਂ ਸਵਾਲ ਨਹੀਂ

ਕਰ ਸਕਦਾ ਜਿਵੇਂ ਤੂੰ ਕੀਟਾ ਏ। "ਉਹ ਠੰਡਾ ਹੋ ਗਿਆ ਤੇ ਥੋੜ੍ਹਾ ਜਿਹਾ ਨਿਮਰਤਾ ਵਿਚ ਵੀ ਆਇਆ ਤੇ ਕਿਹਾ, "ਜੋ ਹੋ ਗਿਆ ਠੀਕ ਹੈ ਮੈਨੂੰ ਜਵਾਬ ਦਿਓ, ਮੇਰੀ ਤਸੱਲੀ ਤਾਂ ਕਰਾਓ।" ਮਹਾਰਾਜ ਕਹਿਣ ਲੱਗੇ, "ਇਹ ਦੱਸ ਕਿ ਤੂੰ ਜੋ ਪੁਛਿਆ ਕੌਣ ਹੋ ? ਕਿਥੋਂ ਆਏ ਹੋ ? ਕਿਥੇ ਜਾਣਾ ਹੈ ? ਇਹ ਦੱਸ ਮੇਰੇ ਸਰੀਰ ਬਾਰੇ ਪੁਛਦੈਂ ਕਿ ਮੇਰੀ ਆਤਮਾ ਬਾਰੇ ਪੁਛਦੈਂ। ਦੋ ਚੀਜ਼ਾਂ ਨੇ ਸਰੀਰ ਤੇ ਆਤਮਾ।" ਜੋਗੀ ਚੁਪ, ਹੇਠਾਂ ਵੇਖੇ, ਉਤਾਂਹ ਵੇਖੇ, ਮਹਾਰਜ ਵੱਲ ਵੇਖੇ, ਆਪਣੇ ਪੈਰਾਂ ਵਲ ਵੇਖੇ, ਗੁਰੂ ਨਾਨਕ ਸਾਹਿਬ ਕਹਿਣ ਲੱਗੇ, "ਇੱਕ ਆਤਮਾ ਹੈ, ਇੱਕ ਸਰੀਰ ਹੈ। ਜੇ ਤੂੰ ਮੇਰੇ ਸਰੀਰ ਬਾਰੇ ਪੁਛੇਂ ਕਿੱਥੋਂ ਆਇਆ ਏ ਤਾਂ ਇਹ ਸਰੀਰ ਪੰਜਾਂ ਤੱਤਾਂ ਚੋਂ ਆਇਐ, **"ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ"** ਤੇ ਪੰਜਾਂ ਤੱਤਾਂ ਵਿਚ ਜਾਣੈ ਤੇ ਪੰਜ ਤੱਤ ਹਰ ਥਾਂ ਤੇ ਹਨ, ਸਰਬ ਵਿਆਪੀ ਹਨ, ਅਮਰ ਹਨ, ਅਟੱਲ ਹਨ। ਪੌਣ ਹੈ, ਪਾਣੀ ਹੈ, ਅਗਨੀ ਹੈ, ਪਾਤਾਲ ਹੈ, ਇਨ੍ਹਾਂ ਪੰਜਾਂ ਤੱਤਾਂ ਚੋਂ ਸਰੀਰ ਆਇਐ, ਹਰ ਥਾਂ ਤੇ ਹਨ, ਸਰਬ ਵਿਆਪੀ ਹਨ, ਤੇ ਆਤਮਾ ਪ੍ਰਮਾਤਮਾ ਦੀ ਅੰਸ਼ ਹੈ, ਤੇ ਉਹ ਵੀ ਸਰਬ-ਵਿਆਪੀ ਹੈ। ਕਨਿਫਾ ਦੱਸ ਫੇਰ ਆਂਉਣਾ ਕਿਥੋਂ ਤੇ ਜਾਣਾ ਕਿਥੇ।" ਜੋਗੀ ਚਰਨਾਂ ਤੇ ਢਹਿ ਪਿਆ, ਧੰਨ ਏਂ ਬਾਬਾ ਨਾਨਕ, ਧੰਨ ਏਂ। ਧੰਨ ਨਾਨਕ ਤੇਰੀ ਵੱਡੀ ਕਮਾਈ। ਇੱਥੇ ਆਤਮਾ ਇੱਕ ਸਰੀਰ ਹੈ ਇਓਂ ਸਮਝ ਲਓ ਕਿ ਗੁਰੂ ਨਾਨਕ ਦੇਵ ਮਹਾਰਾਜ ਦਾ ਇਕ ਆਤਮਕ ਸਰੂਪ ਹੈ, ਇਕ ਸਰੀਰਕ ਸਰੂਪ ਹੈ। ਅਸੀਂ ਕਹਿੰਦੇ ਹਾਂ ਨਾ ਕਿ ਧੰਨ ਗੁਰੂ ਗ੍ਰੰਥ ਸਾਹਿਬ ਗੁਰੂ ਮਹਾਰਾਜ ਦਸਾਂ ਗੁਰੂਆਂ ਦੀ ਆਤਮਕ ਜੋਤ। ਆਤਮਕ ਜੋਤ ਕਹਿੰਦੇ ਹਾਂ ਨਾ, ਗੁਰੂ ਨਾਨਕ ਦੀ ਆਤਮਕ ਜੋਤ ਤੇ ਸਰੀਰਕ ਜੋਤ, ਸੰਤਾਨਕ ਜੋਤ। ਇਹ ਕਿਹਾ ਜਾਂਦਾ ਏ ਨਾ ਸਤਾਰਵੀਂ ਸੰਤਾਨਕ ਜੋਤ। ਸੋ ਸੰਤਾਨਕ ਜੋਤ ਚੱਲੀ ਆ ਰਹੀ ਏ। ਜਿਵੇਂ ਗੁਰੂਆਂ ਦੀ ਜੋਤ, ਗੁਰੂ ਵਿਅਕਤੀ, ਗੁਰੂ ਜੋਤ, ਗੁਰੂ ਨਾਨਕ ਦੀ ਜੋਤ, ਗੁਰੂ ਅੰਗਦ ਸਾਹਿਬ ਵਿਚ ਟਿਕੀ, ਪਹਿਲਾਂ ਲਹਿਣਾ ਹੀ ਤੇ, ਜਦੋਂ ਉਨ੍ਹਾਂ ਨੇ ਆਪਣੀ ਆਤਮਕ ਜੋਤ ਜਗਾਈ ਤਾਂ ਲਹਿਣੇ ਤੋਂ ਗੁਰੂ ਅੰਗਦ ਸਾਹਿਬ ਬਣ ਗਏ। ਸੱਤਰ ਸਾਲ ਦੀ ਉਮਰ ਤਕ ਅਮਰਦਾਸ, ਅਮਰਦਾਸ ਹੀ ਫਿਰਦਾ ਰਿਹਾ, ਕੋਈ ਜਾਣਦਾ ਹੀ ਨਹੀਂ ਸੀ ਤੇ ਨਾ ਹੀ ਬਾਣੀ ਰਚਨ ਦੀ ਸ਼ਕਤੀ ਆਈ ਅਮਰਦਾਸ ਦੇ ਅੰਦਰ, ਤੇ ਨਾ ਹੀ ਉਹ ਸ਼ਕਤੀ ਆਈ ਜਿਹੜੀ ਕਿਸੇ ਨੂੰ ਖਿੱਚਣ ਆਉਂਦੀ ਏ। ਮੱਥਾ ਟੇਕਣ ਵਾਲੀ। ਜਦੋਂ ਗੁਰੂ ਜੋਤ ਅਮਰਦਾਸ ਅੰਦਰ ਟਿਕੀ ਅੱਸੀ ਸਾਲ ਦੀ ਉਮਰ ਵਿਚ ਬਾਣੀ ਉਚਾਰਦੇ ਨੇ। "ਕੋਈ ਹੈ ਇਸ ਉਮਰ ਵਿਚ ਬਾਣੀ ਰਚਨ ਵਾਲਾ ......... ........................।"

ਪਰ ਸੌ ਸਾਲ ਦੀ ਉਮਰ ਤਕ ਗੁਰੂ ਅਮਰਦਾਸ ਬਾਣੀ ਉਚਾਰਦੇ ਰਹੇ। ਸਭ ਤੋਂ ਜ਼ਿਆਦਾ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਪਹਿਲੇ ਨੰਬਰ ਤੇ ਗੁਰੂ ਅਰਜਨ ਸਾਹਿਬ ਦੀ ਹੈ, ਦੂਸਰੇ ਨੰਬਰ ਤੇ ਗੁਰੂ ਅਮਰਦਾਸ ਸਾਹਿਬ ਦੀ ਹੈ, ਤੀਸਰੇ ਨੰਬਰ ਤੇ ਗੁਰੂ ਨਾਨਕ ਸਾਹਿਬ ਦੀ ਹੈ, ਚੌਥੇ ਨੰਬਰ ਤੇ ਗੁਰੂ ਰਾਮਦਾਸ ਜੀ ਦੀ। ਐਸੀ ਬਾਣੀ ਰਚੀ ਅੱਸੀ, ਪਚਾਸੀ, ਸੌ ਸਾਲ ਦੀ ਉਮਰੇ, ਪਹਿਲੇ ਨਹੀਂ ਕੀਤਾ, ਜਦੋਂ ਜੋਤ ਆਈ ਉਸ ਜੋਤ ਨੇ ਕੰਮ ਕੀਤਾ। ਗੁਰ ਜੋਤੀ ਆਈ, ਗੁਰੂ ਜੀ ਨੇ ਇਹ ਕੰਮ ਕੀਤਾ ਪਹਿਲੇ ਨਹੀਂ। ਇੱਕ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਘਰ ਗਏ ਆਪਣੀ ਮਾਂ ਨੂੰ ਜਾ ਕੇ ਮੱਥਾ ਟੇਕਿਆ, ਮਾਤਾ ਗੁਜਰੀ ਨੂੰ, ਤੇ ਮਾਤਾ ਗੁਜਰੀ ਨੇ ਸਿਰ ਤੇ ਹੱਥ ਫੇਰਿਆ ਜਿਵੇਂ ਮਾਂ ਪੁੱਤਰ ਨੂੰ ਪਿਆਰ ਦੇਂਦੀ ਹੈ। ਸਿਰ ਤੇ ਹੱਥ ਫੇਰਿਆ ਤੇ ਚੁੰਮ ਲਿਆ, ਪੁੱਤਰ ਦਾ ਮੂੰਹ ਚੁੰਮ ਲਿਆ ਤੇ ਮੱਥਾ ਚੁੰਮ ਲਿਆ, ਪਿਆਰ ਕੀਤਾ ਜੱਫੀ ਵਿਚ ਲਿਆ, ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਨੇ, ਮਾਂ ਤੂੰ ਏਹ ਕੀ ਕਰਦੀ ਏਂ, ਤੂੰ ਦੋ ਕੰਮ ਕਰਦੀ ਏਂ, ਜਿਸ ਵੇਲੇ ਮੈਂ ਬਾਹਰ ਸਾਧ ਸੰਗਤ ਵਿਚ ਗੱਦੀ ਤੇ ਬੈਠਾ ਹੁੰਦਾ ਹਾਂ ਉਸ ਵੇਲੇ ਤਾਂ ਤੂੰ ਮੇਰੇ ਚਰਨਾਂ ਤੇ ਆ ਕੇ ਮੱਥਾ ਟੇਕਦੀ ਏਂ ਤੇ ਜਿਸ ਵੇਲੇ ਮੈਂ ਘਰ ਹੁੰਦਾਂ ਤੈਨੂੰ ਮੱਥਾ ਟੇਕਦਾਂ ਤਾਂ ਤੂੰ ਮੈਨੂੰ ਪਿਆਰ ਕਰਦੀ ਏਂ, ਚੁੰਮ ਲੈਂਦੀ ਏਂ, ਇਹ ਕੀ ਕਰਦੀ ਏਂ ? ਮਾਤਾ ਗੁਜਰੀ ਕਹਿੰਦੇ, "ਪੁੱਤਰ, ਜਿਸ ਵੇਲੇ ਤੂੰ ਘਰ ਹੁੰਨਾਂ ਏਂ ਮੈਨੂੰ ਮਾਂ ਸਮਝ ਕੇ ਮੱਥਾ ਟੇਕਦੈਂ ਮੈਂ ਸਮਝਦੀ ਹਾਂ ਮੇਰਾ ਲਾਲ ਏ, ਮੇਰਾ ਪੁੱਤਰ ਏ ਮੈਂ ਇਸਨੂੰ ਪਾਲਿਆ ਏ, ਵੱਡਾ ਕੀਤਾ ਏ, ਜੰਮਿਆ ਏ ਤੇ ਜਿਸ ਵੇਲੇ ਤੂੰ ਗੱਦੀ ਤੇ ਬੈਠਾ ਹੁੰਦਾ ਏ, ਤਖਤ ਤੇ ਸੰਗਤ ਵਿਚ ਉਸ ਵੇਲੇ ਮੈਂ ਵੇਖਦੀ ਹਾਂ ਤੇਰੇ ਮੱਥੇ ਵਿਚ ਨੌਂ ਗੁਰੂਆਂ ਦੀ ਜੋਤ ਜਗ ਰਹੀ ਹੁੰਦੀ ਏ। ਉਹਨਾਂ ਨੌਂ ਗੁਰੂ ਜੋਤੀ ਨੂੰ ਮੱਥਾ ਟੇਕਦੀ ਹਾਂ, ਪੁੱਤਰ ਸਮਝ ਕੇ ਮੱਥਾ ਨਹੀਂ ਟੇਕਦੀ।" ਇਸੇ ਤਰ੍ਹਾਂ ਸਾਧ ਸੰਗਤ ਜੀਉ ਆਹ ਗੁਰੂ ਨਾਨਕ ਦੀ ਸੰਤਾਨਕ ਜੋਤ ਚਲੀ

ਆਉਂਦੀ ਹੈ । 14 ਮਾਰਚ ਨੂੰ, ਸ੍ਰੀ ਹਜ਼ੂਰ ਬਾਬਾ ਮਧੂਸੂਦਨ ਸਿੰਘ ਜੀ ਸੰਗਰਾਂਦ ਵਾਲੇ ਦਿਨ ਬਾਬਾ ਜੀ ਨੇ ਸਰੀਰ ਛੱਡਿਆ
ਤੇ ਸੰਗਰਾਂਦ ਵਾਲੇ ਦਿਨ ਹੀ ਬਾਬਾ ਜਗਤਾ ਸਾਹਿਬ ਜੀ ਨੇ ਸਰੀਰ ਛੱਡਿਆ ਸੀ । ਮਾਘੀ ਵਾਲੇ ਦਿਨ, ਸੰਗਰਾਂਦ ਵਾਲੇ ਦਿਨ,
4 ਮਾਰਚ ਨੂੰ ਸੰਗਰਾਂਦ ਸੀ ਚੇਤਰ ਦੀ । ਇਕ ਦਿਨ ਪਹਿਲੇ 13 ਤਾਰੀਖ ਦਾਸ ਉਥੇ ਦਰਸ਼ਨ ਕਰਕੇ ਆਇਆ, ਮੱਥਾ ਟੇਕ
ਕੇ ਆਇਆ ਬੜੀਆਂ ਬਖਸ਼ਿਸ਼ਾਂ ਕੀਤੀਆਂ, ਮਿਹਰਾਂ ਕੀਤੀਆਂ, ਅਜੇ ਸੁਭਾਵਕ ਗੱਲਾਂ ਕਰਦੇ-ਕਰਦੇ ਆਪਣੇ ਆਪ ਹੀ ਨਾਲ
ਪਤਾ ਹੀ ਨਹੀਂ ਕਿਸ ਤਰ੍ਹਾਂ ਗੱਲ ਚੱਲੀ ਤੇ ਕਹਿੰਦੇ ਨੇ ਸਾਡੇ ਮਰਯਾਦਾ ਚੱਲੀ ਆਉਂਦੀ ਹੈ, ਆਪ ਕਹਿਣ ਲੱਗੇ ਮੈਂ ਵੀ ਜਦ
ਤਕ ਮੇਰੇ ਪਿਤਾ ਬਾਬਾ ਦੇਵਿੰਦਰ ਸਿੰਘ ਸਾਹਿਬ ਦਾ ਸਰੀਰ ਰਿਹਾ ਹੈ ਮੈਂ ਇਸ ਕੰਮ ਨੂੰ ਟੱਚ ਨਹੀਂ ਸੀ ਕੀਤਾ । ਮੈਂ ਪਾਸੇ ਪਾਸੇ
ਰਹਾ ਹਾਂ, ਮੈਂ ਵੀ ਟਰੈਕਟਰ ਚਲਾਉਂਦਾ ਰਿਹਾ ਹਾਂ, ਖੇਤੀ ਕਰਦਾ ਰਿਹਾ ਹਾਂ । ਦੂਜੇ ਪਾਸੇ ਦੌੜ ਭੱਜ ਕਰਦਾ ਰਿਹਾ ਹਾਂ ਤੇ ਉਨ੍ਹਾਂ
ਤੋਂ ਬਾਦ ਇਹ ਸਾਰੀ ਜ਼ਿੰਮੇਵਾਰੀ ਮੈਂ ਸੰਭਾਲ ਲਈ ਤੇ ਕਹਿਣ ਲੱਗੇ ਇਸੇ ਤਰ੍ਹਾਂ ਸਰਬਜੋਤ ਸਿੰਘ ਸੰਭਾਲ ਲਵੇਗਾ । ਸੰਭਾਲੇਗਾ ਮੈਨੂੰ
ਕਹਿਣ ਲੱਗੇ ਲੜੀ ਚੱਲੀ ਆਉਂਦੀ ਹੈ, ਆਪਣੇ ਆਪ ਜੋਤ ਆ ਜਾਂਦੀ ਹੈ, ਸੋ ਆਪਣੇ ਆਪ ਗੱਲਾਂ ਕਰਦੇ ਰਹੇ ਤੇ ਹੋਰ
ਗੱਲਾਂ ਵੀ ਕੀਤੀਆਂ ਬੜੀਆਂ । ਕਹਿੰਦੇ ਨੇ ਮੈਨੂੰ ਪਤਾ ਹੈ ਕਿ ਭਾਵੇਂ ਉਹ ਹੁਣ ਦੂਰ ਦੂਰ ਹੈ ਪਰ ਮੇਰੇ ਤੋਂ ਉਹ ਇਸ ਚੀਜ਼
ਸੰਭਾਲੇਗਾ । ਸੋ ਮੈਂ ਆਪ ਇਹ ਕਰਦਾ ਸੀ ਮੇਰੇ ਪਿਤਾ ਇਉਂ ਕਰਦੇ ਸਨ, ਸਾਡੇ ਸਾਰੇ ਚਲੀ ਆਉਂਦੀ ਹੈ । ਸੋ ਕੁਦਰਤ
ਦੋਂ ਵੀ ਉਹ ਜੋਤ ਆ ਕੇ ਟਿਕ ਜਾਂਦੀ ਹ । ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੀ ਜੋਤ ਚੱਲੀ ਆ ਰਹੀ ਹੈ ਤੇ ਉਹ ਜੋ
ਦ ਤਕ ਸ੍ਰੀ ਹਜ਼ੂਰ ਬਾਬਾ ਮਧੂਸੂਦਨ ਸਿੰਘ ਜੀ ਦੇ ਸਰੀਰ ਵਿਚ ਕੰਮ ਕਰਦੀ ਰਹੀ, ਸੇਵਾ ਕੀਤੀ, ਉਹੀ ਜੋਤ ਸਰਬਜੋ
ਵਿਚ ਆ ਕੇ ਸਮਾ ਗਈ । ਅੱਜ ਉਹ ਜੋਤ ਆਪਣੇ ਆਪ ਹੀ ਕੰਮ ਕਰ ਰਹੀ ਹੈ । ਇਹ ਧੁਰ ਦਰਗਾਹ ਦੇ ਪ੍ਰੋਗਰਾਮ ਬ
ਦੇ ਹਨ, ਧੁਰ ਦਰਗਾਹ ਤੋਂ ਬਖਸ਼ਿਸ਼ਾਂ ਹੁੰਦੀਆਂ ਹਨ ਤੇ ਬੜੀਆਂ ਅਗੰਮ ਦੇਸ਼ ਦੀਆਂ ਗੱਲਾਂ ਹੁੰਦੀਆਂ ਹਨ । ਜਦੋਂ ਗੁ
ਅੰਗਦ ਸਾਹਿਬ ਨੂੰ ਗੱਦੀ ਦਿੱਤੀ ਨਾ ਗੁਰੂ ਨਾਨਕ ਸਾਹਿਬ ਨੂੰ ਮਾਤਾ ਸੁਲੱਖਣੀ ਨੇ ਕਿਹਾ ਆਪਣੇ ਪੁੱਤਰਾਂ ਨੂੰ ਛੱਡ
ਸੀਂ ਗੱਦੀ ਲਹਿਣੇ ਨੂੰ ਦੇ ਦਿੱਤੀ ਏ, ਸੇਵਾਦਾਰ ਨੂੰ ਤੇ ਗੁਰੂ ਨਾਨਕ ਸਾਹਿਬ ਕਹਿਣ ਲੱਗੇ, "ਇਹ ਕੋਈ ਮੇਰੇ ਵੱਸ ਦੀ ਗੱ
ਨਹੀਂ, ਇਹ ਧੁਰ ਦਰਗਾਹ ਦੇ ਲੇਖ ਹੀ ਐਸੇ ਲਿਖੇ ਹੋਏ ਨੇ, ਸੰਜੋਗ ਹੀ ਐਸੇ ਨੇ, ਧੁਰ ਦਰਗਾਹ ਦੀਆਂ ਧੁਰ ਤੋਂ ਬਖਸ਼ਿਸ਼
ਹੁੰਦੀਆਂ ਨੇ, ਜਿਸ ਨੇ ਲੈਣੀ ਹੁੰਦੀ ਏ ਉਸ ਨੇ ਲੈਣੀ ਹੁੰਦੀ ਏ ਇਹ ਮੇਰੇ ਵੱਸ ਦੀ ਗੱਲ ਨਹੀਂ ਹੈ । ਇਹ ਗੁਰੂ ਨਾਨਕ ਬਾ
"ਨਾਨਕ ਪ੍ਰਕਾਸ਼" ਵਿਚ ਲਿਖਿਆ ਹੈ, ਮੇਰੇ ਵੱਸ ਦੀ ਗੱਲ ਨਹੀਂ ਕਿ ਜਦੋਂ ਉਹ ਜੋਤ ਆ ਗਈ ਗੁਰੂ ਨਾਨਕ ਦੀ ਜੋਤ ਗੁ
ਅੰਗਦ ਸਾਹਿਬ ਵਿਚ ਆ ਗਈ, ਉਹ ਜੋਤ ਪਹਿਲਾਂ ਲਹਿਣਾ ਹੀ ਸੀ ਨਾ । ਨਾ ਪੜ੍ਹਨ ਜਾਂਦੇ ਸੀ, ਦੁਕਾਨਦਾਰੀ ਕਰਦੇ ਰਹੇ
ਤਾਲੀ ਸਾਲ ਦੀ ਉਮਰ ਤਕ ਗੁਰੂ ਘਰ ਦਾ ਪਤਾ ਹੀ ਕੋਈ ਨਹੀਂ ਸੀ, ਗੁਰਮਤਿ ਦਾ ਪਤਾ ਹੀ ਕੋਈ ਨਹੀਂ ਸੀ । ਲਹਿਣ
ਜੀ ਨੂੰ ਗੁਰੂ ਘਰ ਦਾ ਕੋਈ ਪਤਾ ਹੀ ਨਹੀਂ ਸੀ । ਗੁਰੂ ਨਾਨਕ ਦਾ ਕੋਈ ਪਤਾ ਹੀ ਨਹੀਂ ਸੀ । ਹਾਲਾਂ ਕਿ ਛੋਟੀ ਉਮ
ਵਿਚ ਦਰਸ਼ਨ ਕਰ ਚੁੱਕੇ ਸਨ । ਨੌਕਰੀ ਕਰਦੇ ਸਨ, ਕੁਝ ਹਿਸਾਬ ਕਿਤਾਬ ਵਿਚ ਵਾਧਾ ਘਾਟਾ ਹੋ ਗਿਆ ਤੇ ਉਸ ਨੂੰ ਪਕ
ਕੇ ਕੈਦ ਕਰ ਦਿੱਤਾ, ਭੋਰੇ ਵਿਚ ਪਾ ਦਿੱਤਾ । ਤਖਤ ਮਲ ਦੇ ਸੱਤ ਪੁੱਤਰ ਸਨ, ਇਕੋ ਇਕ ਲੜਕੀ ਸੀ ਜਿਹੜੀ ਬਾਬੇ ਖੇਮੇ
ਭਰਾ ਭਰਾ ਕਹਿੰਦੀ ਸੀ, ਉਹ ਵਿਆਹੀ ਹੋਈ ਸੀ ਖਡੂਰ..... ।

ਉਨ੍ਹਾਂ ਨੇ ਕਿਹਾ ਲਹਿਣੇ ਨੂੰ, ਤੇਰਾਂ ਸਾਲ ਦੇ ਲਹਿਣੇ ਨੂੰ ਕਿ ਤੇਰੇ ਬਾਪ ਨੂੰ ਤਖਤ ਮਲ ਤਾਂ ਛੱਡੇਗਾ ਜੇ ਇਸਨੂੰ ਇ
ਦੀ ਲੜਕੀ ਭਰਾਈ (ਸਤ ਭਰਾਈ ਵੀ ਕਹਿੰਦੇ ਹਨ) ਆਖੇਗੀ, ਸਿਫਾਰਸ਼ ਕਰੇਗੀ ਤਾਂ ਛੱਡੇਗਾ । ਤੇਰਾਂ ਸਾਲ ਦਾ ਲਹਿਣ
ਖਡੂਰ ਦੀ ਜਾਈ ਨੂੰ ਭੂਆ ਭੂਆ ਕਹਿੰਦਾ ਸੀ । ਕਿ ਮੇਰੇ ਪਿਤਾ ਨੂੰ ਤੇਰੇ ਪਿਤਾ ਤਖਤ ਮਲ ਨੇ ਕੈਦ ਕਰ ਦਿੱਤਾ ਹੈ । ਤੂੰ
ਸਿਫਾਰਸ਼ ਕਰ ਹੁਣੇ । ਤੇ ਭਰਾਈ ਕਹਿੰਦੀ ਹੈ ਘਬਰਾ ਨਹੀਂ, ਇੱਥੇ ਮਹਾਂਪੁਰਖ ਆਏ ਹੋਏ ਨੇ, ਪੂਰਨ ਪੁਰਖ ਗੁਰੂ ਨਾਨਕ
ਸਾਹਿਬ, ਗੁਰੂ ਨਾਨਕ ਸਾਹਿਬ ਨੇ ਜਦੋਂ ਸੁਲਤਾਨਪੁਰ ਦੁਕਾਨਦਾਰੀ ਕਰਦੇ ਸਨ ਤੇ ਕਦੀ ਜਾਣਾ ਨਨਕਾਣੇ ਸਾਹਿਬ ਵਲ
ਰਸਤੇ ਵਿਚ ਇਸ ਭਰਾਈ ਦੇ ਘਰ ਪੜਾਅ ਕਰਕੇ ਜਾਂਦੇ ਸਨ । ਇਹਨੇ ਇਕ ਆਸਣ ਰੱਖਿਆ ਹੋਇਆ ਸੀ ਉਸ ਤੇ
ਮਹਾਰਾਜ ਨੂੰ ਬਿਠਾਉਂਦੀ ਸੀ, ਸੇਵਾ ਕਰਦੀ ਸੀ, ਨਾਮ ਲੈ ਚੁੱਕੀ ਸੀ । ਕਹਿੰਦੀ ਮਹਾਂਪੁਰਖ ਆਏ ਨੇ ਗੁਰੂ ਨਾਨਕ ਪੂਰਨ

ਪੁਰਖ ਤੈਨੂੰ ਉਨ੍ਹਾਂ ਕੋਲ ਲੈ ਚਲਦੀ ਹਾਂ ਅਸ਼ੀਰਵਾਦ ਲੈ ਦਿੰਦੀ ਹਾਂ। ਤੇਰੇ ਪਿਤਾ ਨੂੰ ਮੇਰਾ ਪਿਤਾ ਛੋੜ ਦੇਵੇਗਾ। ਮਹਿਮੇ ਜੱਟ ਦੇ ਬਾਹਰ ਖੇਤਾਂ ਵਿਚ, ਕੋਠੇ ਵਿਚ ਗੁਰੂ ਨਾਨਕ ਬੈਠੇ ਹੋਏ, ਉਸ ਨੇ ਖਾਣਾ ਤਿਆਰ ਕੀਤਾ, ਲੰਗਰ ਤਿਆਰ ਕੀਤਾ, ਨਾਲ ਲੈ ਗਈ, ਗੁਰੂ ਨਾਨਕ ਸਾਹਿਬ ਲਈ। ਖੇਤਾਂ ਵਿਚ ਬੈਠੇ ਕੋਠੇ ਵਿਚ ਜਾ ਕੇ ਜਦੋਂ ਪ੍ਰਸ਼ਾਦਾ ਰੱਖਿਆ ਤੇ ਗੁਰੂ ਨਾਨਕ ਸਾਹਿਬ ਪੁੱਛਦੇ ਨੇ ਭਰਾਈ ਇਹ ਕੌਣ ਏ ? ਇਹ ਮੁੰਡਾ ਕੌਣ ਏ ? ਆਂਹਦੀ ਮਹਾਰਾਜ ਇਹ ਮੇਰੇ ਪੇਕਿਉਂ ਆਇਆ ਏ, ਇਸ ਦਾ ਬਾਪ ਨਾ ਸਾਡੇ ਘਰ ਸਰਵਿਸ ਕਰਦਾ ਸੀ ਬਾਬਾ ਫੇਰੂ। ਹਿਸਾਬ ਕਿਤਾਬ ਵਿਚ ਫਰਕ ਪੈ ਗਿਆ ਤੇ ਮੇਰੇ ਬਾਪ ਨੇ ਇਹਦੇ ਪਿਉ ਨੂੰ ਕੈਦ ਕਰ ਦਿੱਤਾ, ਭੋਰੇ ਵਿਚ ਪਾ ਦਿੱਤਾ। ਇਹ ਮੇਰੇ ਕੋਲ ਆਇਐ ਸਿਫਾਰਸ਼ ਲਈ ਤੇ ਮੈਂ ਤੁਹਾਡੇ ਕੋਲ ਲਿਆਈ ਹਾਂ ਕਿਰਪਾ ਕਰੋ, ਬਖਸ਼ਿਸ਼ ਕਰੋ, ਤੇ ਗੁਰੂ ਨਾਨਕ ਸਾਹਿਬ ਪੁੱਛਦੇ ਨੇ ਕਾਕਾ ਤੇਰਾ ਨਾਂ ਕੀ ਏ ? ਅਖੇ ਮੇਰਾ ਨਾਂ ਲਹਿਣਾ ਏ, ਤੇ ਮਹਾਰਾਜ ਨੇ ਸੁਭਾਵਕ ਕਿਹਾ "ਲਹਿਣੇ ਵਾਲੇ ਲਹਿਣੇ ਵਾਲੇ ਹੀ ਹੁੰਦੇ ਨੇ, ਤੂੰ ਲਹਿਣਾ ਹੀ ਏਂ ਨਾ ਸਾਰਿਆਂ ਕੋਲੋਂ ਹੀ, ਲੈਣੇ, ਦੇਣਾ ਥੋੜੈ। ਤੂੰ ਧੁਰ ਦਰਗਾਹ ਤੋਂ ਲਹਿਣਾ ਬਣ ਕੇ ਆਇਐਂ ਤੂੰ ਲਹਿਣੇਦਾਰ ਹੀ ਏਂ ਜਾ ਜਣੇ ਹਿਸਾਬ ਕਰਾ ਨਵੇਂ ਸਿਰਿਉਂ ਆਪ ਵਿਚ ਬਹੁ, ਹਿਸਾਬ ਵਿਚ ਗਲਤੀ ਨਿਕਲ ਜਾਏਗੀ ਤੇ ਨੌਂ ਬਰ ਨੌਂ ਹੋ ਜਾਏਂਗਾ, ਮਨੋਕਾਮਨਾ ਪੂਰੀਆਂ ਹੋ ਜਾਣਗੀਆਂ।" ਬਚਨ ਲੈ ਕੇ ਆਏ, ਆਪ ਵਿਚ ਬੈਠਿਆਂ ਹਿਸਾਬ ਵਿਚ ਗਲਤੀ ਨਿਕਲ ਗਈ ਤੇ ਫੇਰ ਬਾਬੇ ਨੇ ਤਖਤ ਮਲ ਨੂੰ ਛੱਡ ਦਿੱਤਾ ਇਤਨਾ ਕੁਝ ਲੈ ਕੇ ਵੀ ਲਹਿਣਾ, ਜੀਹਨੂੰ ਕੁਝ ਯਾਦ ਨਾ ਰਿਹਾ, ਕੁਝ ਯਾਦ ਨਾ ਰਿਹਾ, ਕੋਈ ਸੰਤ ਵੀ ਹੁੰਦੇ ਨੇ, ਕੋਈ ਮਹਾਂਪੁਰਖ ਵੀ ਹੁੰਦੇ ਨੇ। ਬਚਨ ਮੈਂ ਲੈ ਕੇ ਆਇਆਂ ਫੇਰ ਭੁੱਲ ਗਿਆ, ਪਿਤਾ ਜੀ ਨੂੰ ਛੁਡਾਇਆ ਤੇ ਫੇਰ ਤੁਰ ਪਏ, ਲਾਟਾਂ ਆਲੀ ਹਰ ਸਾਲ ਜਾਂਦੇ ਸਨ ਤੇ ਰਾਹ ਵਿਚ ਸਲਾਹ ਕੀਤੀ ਹੁਣ ਕੀ ਕਰੀਏ ਇਸ ਬੰਦੇ ਦੀ ਨੌਕਰੀ ਕੀ ਕਰਨੀ ਏ, ਕਿ ਕਲ ਨੂੰ ਫਿਰ ਕੋਈ ਚੰਨ ਚਾੜੇ। ਨੌਕਰੀ ਛੱਡ ਦਿਉ। ਇੰਨੇ ਚਿਰ ਨੂੰ ਇਸੇ ਭਰਾਈ ਨੇ ਖਡੂਰ ਦੇ ਨਾਲ ਸੰਘਰ ਪਿੰਡ ਵਿਚ ਰਿਸ਼ਤਾ ਕਰਾ ਦਿੱਤਾ ਲਹਿਣਾ ਜੀ ਦਾ। ਉਥੇ ਵਿਆਹ ਹੋ ਗਿਆ, ਉਥੇ ਦੁਕਾਨ ਬਣਾ ਲਈ, ਉਥੇ ਜਾਣ ਲੱਗ ਪਏ ਲਾਟਾਂਆਲੀ। ਲਓ ਗੁਰੂਆਂ ਨੂੰ ਯਾਦ ਹੀ ਕੋਈ ਨਹੀਂ 20-25 ਸਾਲਾਂ ਬਾਅਦ ਦੁਕਾਨ ਤੇ ਬੈਠੇ ਨੂੰ ਇੱਕ ਪੂਰਨ ਸਿਖ ਆ ਮਿਲਿਆ ਤੇ ਕਹਿੰਦੈ ਤੂੰ ਲਾਟਾਂਆਲੀ ਜਾਂਦੈ, ਰਾਹ ਵਿਚ ਕਰਤਾਰਪੁਰ ਰਹਿੰਦੇ ਨੇ ਪੂਰਨ ਪੁਰਖ, ਮਹਾਂਪੁਰਖ ਦਰਸ਼ਨ ਤਾਂ ਕਰ ਚਲੀਏ, ਗੁਰੂ ਨਾਨਕ ਦੇ ਦਰਸ਼ਨ ਕੀਤੇ ਬੜੀਆਂ ਸਾਖੀਆਂ ਨੇ ਮੈਂ ਉਹਨਾਂ ਵੱਲ ਨਾ ਜਾਵਾਂ ਕਿਉਂਕਿ ਟਾਈਮ ਬਹੁਤ ਥੋੜ੍ਹਾ ਹੈ। ਜੇ ਗੁਰੂ ਨਾਨਕ ਦੇ ਦਰਸ਼ਨ ਕੀਤੇ, ਗੁਰੂ ਨਾਨਕ ਦੇ ਬਣ ਗਏ। ਐਸਾ ਮਨ ਮੰਨਿਆਂ ਕਿ ਦੋ ਦਿਨਾਂ ਵਿਚ ਹੀ ਗੁਰੂ ਨਾਨਕ ਨੂੰ ਆਪਣਾ ਸਭ ਅਰਪਨ ਕਰ ਦਿੱਤਾ। ਬਖਸ਼ਿਸ਼ਾਂ ਲੈ ਕੇ ਬਰਾਤਾਂ ਲੈ ਕੇ ਆਏ ਤੇ ਆ ਕੇ ਭੂਆ ਨੂੰ ਕਹਿੰਦੇ ਨੇ (ਬੁੱਢੀ ਹੋ ਚੁੱਕੀ) ਕਹਿੰਦੇ ਨੇ ਜਣੇ ਮੈਂ ਦਰਸ਼ਨ ਕਰ ਆਇਆਂ ਮਹਾਂਪੁਰਸ਼ਾਂ ਦਾ, ਕਰਤਾਰ ਪੁਰ ਰਹਿੰਦੇ ਨੇ ਬੜੇ ਪੂਰਨ ਪੁਰਖ ਹਨ, ਮੈਂ ਤਾਂ ਹੁਣ ਛੱਡ ਦਿੱਤਾ ਹੈ ਲਾਟਾਂਆਲੀ ਨੂੰ ਜੇ ਤੂੰ ਵੀ ਦਰਸ਼ਨ ਕਰੇਂ ਤਾਂ ਤੇ ਤੈਨੂੰ ਵੀ ਬੜੀ ਤ੍ਰਿਪਤੀ ਹੋ ਜਾਵੇ ਕਿ ਉਹ ਭਰਾਈ ਕਹਿੰਦੀ ਏ ਸ਼ੁਕਰ ਏ ਤੈਨੂੰ ਪਤਾ ਤਾਂ ਲੱਗ ਗਿਐ ਨਾ ਹੁਣ ਤੈਨੂੰ ਗਿਆਨ ਆਏ, ਉਹ ਵੇਲਾ ਭੁੱਲ ਗਿਐਂ ਜਿਸ ਵੇਲੇ ਤੇਰੇ ਪਿਉ ਨੂੰ ਮੇਰੇ ਪਿਉ ਨੇ ਕੈਦ ਕਰ ਦਿੱਤਾ ਸੀ, ਭੋਰੇ ਵਿਚ ਪਾ ਦਿੱਤਾ ਸੀ, ਛੁਡਾਉਣ ਵਾਸਤੇ ਆਇਆ ਸੈਂ ਤੇ ਉਨ੍ਹਾਂ ਕੋਲ ਤੈਨੂੰ ਲੈ ਗਈ ਸੀ ਉਹੀ ਤੇ ਹਨ ਹੋਰ ਕਿਹੜੇ ਨੇ। ਕਹਿੰਦੇ "ਹੱਛਾ ! ਇਹ ਉਹੀ ਸੰਤ ਨੇ, ਉਹੀ ਗੁਰੂ ਨਾਨਕ ਏ।" ਕਹਿੰਦੀ "ਹਾਂ" ਤੇ ਕਹਿੰਦੈ ਲਹਿਣਾ ਤੂੰ ਇੰਨਾ ਚਿਰ ਮੈਨੂੰ ਦੱਸਿਆ ਈ ਨਹੀਂ। ਤੇਰੇ ਕੋਲ ਦੁਕਾਨ ਕਰਦਾ ਰਿਹਾ, ਨਾਲ ਰਿਹਾ ਹਾਂ ਸੰਘਰ ਵਿਚ ਫਿਰ ਵੀ ਇੰਨਾ ਚਿਰ ਦੱਸਿਆ ਨਹੀਂ ਤੇ ਭਰਾਈ ਕਹਿੰਦੀ ਏ ਇਹ ਸਭ ਟਾਈਮ ਦੀਆਂ ਗੱਲਾਂ ਹੁੰਦੀਆਂ ਨੇ, ਟਾਈਮ ਨਹੀਂ ਸੀ ਆਇਆ। ਇੱਕ ਵਾਰੀ ਨਹੀਂ ਸੌ ਵਾਰੀ ਮੈਂ ਤੈਨੂੰ ਕਹਿੰਦੀ ਨਾ ਤੇ ਅਸਰ ਕੋਈ ਨਹੀਂ ਸੀ ਹੋਣਾ ਤੇਰੇ ਤੇ। ਗੱਲ ਉਦੋਂ ਕਰੀਦੀ ਏ ਜਦੋਂ ਗੱਲ ਕੰਨਾਂ ਨੂੰ ਚੀਰ ਕੇ ਅੰਦਰ ਬੈਠ ਜਾਏ ਐਵੇਂ ਗੱਲ ਕਰੋ ਤੇ ਗੱਲ ਕੰਨਾਂ ਨਾਲ ਟਕਰਾ ਕੇ ਵਾਪਸ ਆ ਜਾਂਦੀ ਏ। ਟਾਈਮ ਹੁੰਦਾ ਏ ਗਿਆਨ ਦੀ ਪ੍ਰਾਪਤੀ ਦਾ, ਹਰ ਚੀਜ਼ ਦਾ ਟਾਈਮ ਹੁੰਦਾ ਏ, ਮਿਲ ਮਿਲਾਉਣ ਦਾ ਟਾਈਮ ਹੁੰਦਾ ਏ, ਹੁਣ ਟਾਈਮ ਆ ਗਿਆ ਏ ਤੇ ਜੋਤ ਆ ਗਈ, ਕਹਿਣੇ ਦਾ ਭਾਵ ਪਹਿਲਾਂ ਲਹਿਣਾ ਹੀ ਸੀ ਨਾ ਕੋਈ ਗਿਆਨ ਹੀ ਸੀ। ਲਾਟਾਂਆਲੀ ਫਿਰਦੇ ਰਹੇ, ਦੁਕਾਨਦਾਰੀ ਕਰਦੇ ਰਹੇ ਤੇ ਜਦੋਂ ਜੋਤ ਆ ਗਈ ਫਿਰ ਉਸ ਜੋਤ ਨੇ ਗੁਰਬਾਣੀ

ਵੀ ਰਚੀ ਫਿਰ ਸਾਖੀ ਵੀ ਲਿਖਾਈ, ਸਾਰੇ ਕੰਮ ਵੀ ਕੀਤੇ ਤੇ ਇਸੇ ਤਰ੍ਹਾਂ ਜਦੋਂ ਜੋਤ ਆ ਜਾਂਦੀ ਹੈ ਅੰਦਰ ਗਿਆਨ ਪਹਿਲੇ ਪਿਆ ਹੁੰਦੈ, ਯਾਦ ਰੱਖ ਲਓ ਧੁਰ ਦਰਗਾਹ ਤੋਂ ਮਹਾਨ ਮਹਾਨ ਸ਼ਖਸੀਅਤਾਂ ਗਿਆਨ ਲੈ ਕੇ ਆਉਂਦੀਆਂ ਨੇ ਜਿਵੇਂ ਗੁਰੂ ਨਾਨਕ ਸਾਹਿਬ ਨੂੰ ਮਹਿਤਾ ਕਾਲੂ ਲੈ ਗਏ ਨਾ ਮੌਲਵੀ ਕੋਲ, ਤੇ ਬਚਨ ਬਿਲਾਸ ਉਸ ਦੇ ਦੇਖੇ ਤੇ ਮੌਲਵੀ ਕਹਿੰਦਾ ਕਿ ਮਹਿਤਾ ਤੇਰਾ ਬੇਟਾ ਤਾਂ ਪੜ੍ਹਾਇਐ ਰੱਬ ਨੇ, ਇਹ ਧੁਰ ਦਰਗਾਹ ਦਾ ਪੜ੍ਹਿਆ ਏ। ਤੇਰੇ ਪੁਤਰ ਨੂੰ ਮੈਂ ਕੀ ਪੜ੍ਹਾਊਣੈ, ਪਾਂਧਾ ਵੀ ਏਹੀ ਗੱਲ ਕਹਿੰਦਾ ਏ ਤੇਰੇ ਪੁੱਤਰ ਨੂੰ ਤਾਂ ਰੱਬ ਨੇ ਹੀ ਪੜ੍ਹਾਇਆ ਏ, ਪਿਛੋਂ ਪੜ੍ਹ ਕੇ ਹੀ ਆਇਆ ਏ, ਔਰ ਯਾਦ ਰੱਖ ਲਓ, ਹਰ ਬੰਦੇ, ਹਰ ਸਰੀਰ ਦੇ ਹਰ ਵਿਅਕਤੀ ਦੇ ਪਿਛਲੇ ਜਨਮ ਦੇ ਸੰਸਕਾਰ ਹੁੰਦੇ ਨੇ, ਪਿਛਲੇ ਜਨਮ ਦੀਆਂ ਕਮਾਈਆਂ ਹੁੰਦੀਆਂ ਨੇ, ਹਰ ਬੰਦੇ ਦੇ ਪਿਛਲੇ ਕਰਮਾਂ ਦੇ ਸੰਸਕਾਰ ਹੁੰਦੇ ਨੇ, ਹਰ ਬੰਦੇ ਦੀ ਸ਼ਕਲ ਕਿਉਂ ਨਹੀਂ ਮਿਲਦੀ, ਹਰ ਬੰਦੇ ਦੀ ਆਵਾਜ਼ ਕਿਉਂ ਨਹੀਂ ਮਿਲਦੀ, ਪਗੜੀ ਬੰਨਣ੍ਹ ਦਾ ਢੰਗ ਕਿਉਂ ਨਹੀਂ ਮਿਲਦਾ, ਸਭ ਦਾ ਵੱਖਰਾ ਵੱਖਰਾ। ਆਵਾਜ਼ ਵੱਖਰੀ ਹੈ, ਪਗੜੀ ਬੰਨਣ ਦਾ ਢੰਗ ਵੱਖਰਾ ਹੈ, ਚੱਲਣ ਦਾ ਢੰਗ ਵੱਖਰਾ ਹੈ, ਸਰੀਰ, ਸ਼ਕਲ, ਸਭ ਦੀ ਵੱਖਰੀ ਵੱਖਰੀ ਹੈ, ਕਿਉਂ ਹੈ ? ਹਰੇਕ ਦੇ ਆਪਣੇ ਆਪਣੇ ਕਰਮ, ਹਰੇਕ ਦੇ ਆਪਣੇ-ਆਪਣੇ ਸੰਸਕਾਰ, ਪਿਛਲੇ ਜਨਮ ਦੀਆਂ ਕਮਾਈਆਂ ਹੁੰਦੀਆਂ ਨੇ, ਇੰਝ ਸਮਝ ਲਓ। ਏ ਮਹਾਂਪੁਰਖ ਕਹਿੰਦੇ ਸਨ ਕਈ ਵਾਰੀ ਐਸਾ ਹੁੰਦਾ ਹੈ, ਦੀਵਾ ਤਿਆਰ ਹੁੰਦੈ, ਦੀਵੇ ਵਿਚ ਤੇਲ ਪਿਆ ਹੁੰਦੈ ਤੇ ਬੱਤੀ ਲੱਗੀ ਹੁੰਦੀ ਹੈ। ਕੇਵਲ ਉਸ ਨੂੰ ਅੱਗ ਟੱਚ ਕਰਨ ਦੀ ਦੇਰ ਹੁੰਦੀ ਹੈ, ਜਾਗ ਪੈਂਦਾ ਹੈ ਤੇ ਗਿਆਨ ਦਿੰਦਾ ਹੈ, ਲਾਈਟ ਦਿੰਦਾ ਹੈ, ਦੂਸਰਿਆਂ ਨੂੰ। ਉਨਾਂ ਚਿਰ ਜਗਦਾ ਨਹੀਂ ਸਭ ਕੁਝ ਅੰਦਰ ਹੈ, ਜਗਦਾ ਨਹੀਂ ਹੈ ਤੇ ਆਪ ਹਨੇਰੇ ਵਿਚ ਪਿਆ ਹੁੰਦੈ ਤੇ ਦੂਜਿਆਂ ਨੂੰ ਵੀ ਹਨੇਰਾ ਦਿੰਦੈ, ਜਦੋਂ ਸਿਰਫ ਅੱਗ ਟੱਚ ਕਰਨ ਦੀ ਦੇਰ ਹੁੰਦੀ ਹੈ ਤੇ ਉਹ ਜਾਗ ਪੈਂਦਾ ਹੈ ਤੇ ਲਾਈਟ ਆਪਣੇ ਅੰਦਰ ਵੀ ਹੋ ਜਾਂਦੀ ਹੈ ਤੇ ਦੂਸਰੇ ਨੂੰ ਵੀ ਲਾਈਟ ਦਿੰਦਾ ਹੈ। ਏਸੇ ਤਰ੍ਹਾਂ ਹਰ ਵਿਅਕਤੀ ਵਿਚ ਗੁਰੂ ਅੰਗਦ ਸਾਹਿਬ ਦੇ ਅੰਦਰ ਪਿਛਲੇ ਜਨਮ ਦੇ ਸੰਸਕਾਰ ਸਨ ਪਰ ਟਾਈਮ ਤੇ ਆ ਕੇ ਗੁਰੂ ਨਾਨਕ ਨੇ ਜੋਤ ਜਗਾਈ, ਜੋਤ ਤਾਂ ਸੰਸਾਰ ਲਈ ਚਾਨਣ ਮੁਨਾਰਾ ਬਣ ਗਈ। ਇਸੇ ਤਰ੍ਹਾਂ ਸਾਰਿਆਂ ਗੁਰੂਆਂ ਨੂੰ ਸਮਝ ਲਓ। ਤੇ ਟਾਈਮ ਆ ਜਾਂਦਾ ਹੈ ਤੇ ਜਦੋਂ ਜੋਤ ਜਗ ਪੈਂਦੀ ਹੈ। ਮੈਨੂੰ ਯਾਦ ਹੈ, ਮਹਾਰਾਜ ਮਹੰਤ ਤਾਰਾ ਸਿੰਘ ਸਾਹਮਣੇ ਬੈਠੇ ਨੇ ਇਹਨਾਂ ਨੂੰ ਯਾਦ ਹੋਵੇਗਾ ਮਹੰਤ ਗੁਲਾਬ ਸਿੰਘ ਸਾਹਿਬ ਜੀ ਤੋਂ ਬਾਅਦ ਮੈਂ ਇਥੋਂ ਉਦਾਸ ਹੋ ਕੇ ਚਲਿਆ ਗਿਆ ਹੁਸ਼ਿਆਰਪੁਰ ਤੇ ਮੈਂ ਮਹੰਤ ਸਾਹਿਬ ਨੂੰ ਕਿਹਾ ਮੈਂ ਪੜ੍ਹਨਾ ਚਾਹੁੰਨਾਂ। ਮਹੰਤ ਤਾਰਾ ਸਿੰਘ ਜੀ ਨੂੰ ਮੇਰੇ ਨਾਲ ਭੇਜਿਆ, ਮਹੰਤ ਜਵਾਹਰ ਸਿੰਘ ਜੀ ਨੇ ਗਿਆਨੀ ਅਮੀਰ ਸਿੰਘ ਸਾਹਿਬ ਜੀ ਤੋਂ (ਹਿਸਾਬ ਵਾਸਤੇ) ਪੜ੍ਹਨ ਵਾਸਤੇ, ਮਹਾਰਾਜ ਯਾਦ ਨੇ ਇਹ ਮੇਰੇ ਨਾਲ ਗਏ ਤੇ ਮੈਨੂੰ ਇਨ੍ਹਾਂ ਨੇ ਜਾਣ ਕੇ ਗਿਆਨੀ ਅਮੀਰ ਸਿੰਘ ਜੀ ਦੇ ਹਵਾਲੇ ਕੀਤਾ ਕਿ ਮਹੰਤ ਸਾਹਿਬ ਜੀ ਨੇ ਮੈਨੂੰ ਭੇਜਿਆ ਏ ਤੇ ਤੈਨੂੰ ਪੜ੍ਹਾਉਣਾ ਏ ਗਿਆਨੀ ਅਮੀਰ ਸਿੰਘ ਨੇ। ਅਸਲ ਵਿਚ ਡੇਢ ਮਹੀਨਾ ਮੈਂ ਪੜ੍ਹਿਆ ਹੋਵਾਂਗਾ ਉਨ੍ਹਾਂ ਕੋਲ। ਨਾਨਕ ਪ੍ਰਕਾਸ਼ ਪੜ੍ਹਿਆ, ਤੇ ਸਵੇਰੇ ਸੰਥਾ ਸ਼ੁਰੂ ਹੋਣ ਤੇ ਸਾਰਾ ਜਪੁਜੀ ਉਨ੍ਹਾਂ ਕੋਲੋਂ ਪੜ੍ਹਿਆ ਤੇ ਸ੍ਰੀ ਰਾਗ ਦੇ ਸ਼ਬਦ ਪੜ੍ਹੇ ਮਹੀਨਾ ਡੇਢ ਮਹੀਨਾ ਸੰਥਿਆ ਸੁਣੀ ਤੇ ਇਥੇ ਮੈਨੂੰ ਬੁਲਾ ਲਿਆ ਫਿਰ ਮਹੰਤ ਸਾਹਿਬ ਨੇ। ਮਹੰਤ ਆਸਾ ਸਿੰਘ ਲੈ ਆਏ, ਇੱਥੇ ਆ ਗਿਆ, ਮੈਨੂੰ ਕਹਿਣ ਲੱਗੇ ਤੂੰ ਉਥੇ ਪੜ੍ਹਨ ਨਹੀਂ ਜਾਣਾ, ਮੈਂ ਆਖਿਆ ਮੈਂ ਜਾਣੈ। ਕਹਿੰਦੇ ਮੈਂ ਤੈਨੂੰ ਇਥੇ ਹੀ ਟਕਸਾਲ ਬਣਾ ਦਿਆਂਗਾ ਤੂੰ ਪੜ੍ਹ। ਮੇਰੀ ਖਾਤਰ ਉਚੇਚਾ ਗਿਆਨੀ ਨਰਾਇਣ ਸਿੰਘ ਨੂੰ ਬੁਲਾਇਆ ਤੇ ਪੂਰਾ ਉਨ੍ਹਾਂ ਨੇ ਡੇਢ ਸਾਲ ਕਥਾ ਕੀਤੀ, ਮੈਂ ਸਾਰੀ ਸੁਣੀ ਗਿਆਨੀ ਨਰਾਇਣ ਸਿੰਘ ਕੋਲੋਂ। ਉਨ੍ਹਾਂ ਕਿਹਾ ਤੂੰ ਉਥੇ ਨਾ ਜਾ ਮੈਂ ਦੂਸਰੀ ਵਾਰੀ ਫਿਰ ਗਿਆ। ਗਿਆਨੀ ਨਰਾਇਣ ਸਿੰਘ ਦੇ ਆਉਣ ਤੋਂ ਪਹਿਲਾਂ ਫਿਰ ਗਿਆ। ਪੜ੍ਹ ਕੇ ਪੜ੍ਹਨ ਵਾਸਤੇ। ਵੇਖੋ ਸੁਣੋ ਮਹੰਤ ਜਵਾਹਰ ਸਿੰਘ ਸਾਹਿਬ ਅੰਮ੍ਰਿਤਸਰ ਆਏ ਜਿਹੜਾ ਡੇਰਾ ਹੈ ਨਾ ਮਿੱਠੇ ਟਿਵਾਣੇ ਵਾਲਾ ਮਹਾਰਾਜ ਆਪਣਾ ਉਥੇ ਗਿਆਨੀ ਅਮੀਰ ਸਿੰਘ ਜੀ ਆਏ ਪੌੜੀਆਂ ਵਿਚ ਖੜੇ ਸਨ, ਗਿਆਨੀ ਅਮੀਰ ਸਿੰਘ ਜੀ ਜਾਣ ਲੱਗੇ ਮੈਂ ਕੋਲ ਖੜ੍ਹਾ ਤੇ ਮੇਰੀ ਬਾਂਹ ਫੜ ਕੇ ਨਾ ਮਹੰਤ ਜਵਾਹਰ ਸਿੰਘ ਤੇ ਗਿਆਨੀ ਅਮੀਰ ਸਿੰਘ ਨੂੰ ਪਕੜਾਉਣ ਲੱਗੇ ਤੇ ਕਹਿੰਦੇ ਇਸ ਮੁੰਡੇ ਨੂੰ ਚੰਗੀ ਤਰ੍ਹਾਂ ਪੜ੍ਹਾਉਣਾ ਏ। ਸੁਣੋ ਮਹਾਰਾਜ ਮਹੰਤ ਜਵਾਹਰ ਸਿੰਘ ਕਹਿੰਦੇ ਨੇ ਗਿਆਨੀ ਅਮੀਰ ਸਿੰਘ ਨੂੰ ਮੇਰੀ

ਬਾਂਹ ਪਕੜਾ ਕੇ ਕਿ ਇਸ ਮੁੰਡੇ ਨੂੰ ਚੰਗੀ ਤਰ੍ਹਾਂ ਪੜ੍ਹਾਉਣਾ ਏ ਤੇਰੇ ਹਵਾਲੇ ਕੀਤਾ ਏ। ਉਹ ਅੱਖਰ ਮੈਨੂੰ ਯਾਦ ਨੇ ਗਿਆ
ਅਮੀਰ ਸਿੰਘ ਕਹਿੰਦੇ ਨੇ ਮਹਾਰਾਜ "ਇਸ ਕੋ ਹਮ ਨੇ ਕਿਆ ਪੜ੍ਹਾਉਣਾ ਹੈ। ਯਹ ਤੋਂ ਧੁਰ ਦਰਗਾਹ ਕਾ ਪੜ੍ਹਿਆ ਹੈ।

ਇਹ ਸ਼ਬਦ ਬੋਲੇ ਸਨ ਉਨ੍ਹਾਂ ਨੇ। ਉਸ ਵੇਲੇ ਮੈਨੂੰ ਸਮਝ ਨਹੀਂ ਸੀ ਇਨ੍ਹਾਂ ਗੱਲਾਂ ਦੀ ਪਰ ਅੱਖਰ ਮੈਨੂੰ ਯਾਦ
ਗਿਆਨੀ ਅਮੀਰ ਸਿੰਘ ਦੇ ਕਹੇ ਹੋਏ ਅੱਖਰ ਮੈਨੂੰ ਯਾਦ ਨੇ "ਇਸ ਕੋ ਹਮ ਨੇ ਕਿਆ ਪੜ੍ਹਾਉਣਾ ਹੈ, ਯਹ ਤੋ ਧੁਰ ਦਰਗ
ਕਾ ਪੜ੍ਹਿਆ ਹੈ।"

ਇਕ ਡੇਢ ਮਹੀਨੇ ਵਿਚ ਵੇਖ ਚੁਕੇ ਸਨ ਸ਼ਾਮ ਦੇ ਵਕਤ ਉਨ੍ਹਾਂ ਨੇ ਨਾਨਕ ਪ੍ਰਕਾਸ਼ ਸੁਣਨਾ ਮੈਂ ਪੜ੍ਹਨਾ ਅਰਥ
ਮੈਨੂੰ ਪਹਿਲੇ ਸੀ ਕਿਉਂ ਕਿ ਸੂਰਜ ਪ੍ਰਕਾਸ਼ ਦੀ ਕਥਾ ਤੇਰਾਂ ਸਾਲ ਦੀ ਉਮਰ ਵਿਚ ਸੁਣਨ ਲੱਗਾ ਸਾਂ ਤੇ ਇਹ ਪ
ਸਾਲ ਦੀਆਂ ਗੱਲਾਂ ਤੇ ਤੀਹ ਸਾਲ ਦੀਆਂ ਇਨ੍ਹਾਂ ਨੂੰ ਸੁਣ ਸੁਣ ਕੇ ਅਠਾਰਾਂ ਸਾਲ ਦੀ ਉਮਰ ਵਿਚ ਸੂਰਜ ਪ੍ਰਕਾਸ਼ ਦੀ ਕ
ਮੈਂ ਕਰਨ ਲੱਗ ਪਿਆ ਸਾਂ। ਅਰਥ ਬੋਧ ਤਾਂ ਮੈਨੂੰ ਸੀ ਤੇ ਗੁਰੂ ਨਾਨਕ ਸਾਹਿਬ ਦਾ ਨਾਨਕ ਪ੍ਰਕਾਸ਼ ਵੀ ਕੁਛ ਵੈਰਾਗਮਈ ਕ
ਐਸੀ ਹੈ। ਉਹ ਬੈਠੇ ਹੁੰਦੇ ਸਨ ਤੇ ਮੈਂ ਪੜ੍ਹਨਾ ਪੋਥੀ ਤੇ ਉਹ ਵੀ ਕਿਸੇ ਲਹਿਰ ਵਿਚ ਹੁੰਦੇ ਸਨ ਗਿਆਨੀ ਅਮੀਰ ਸਿੰਘ
ਮੈਨੂੰ ਵੀ ਵੈਰਾਗ ਆ ਜਾਣਾ, ਮੇਰੀਆਂ ਅੱਖਾਂ 'ਚ ਵੀ ਪਾਣੀ ਆ ਜਾਣਾ ਤੇ ਉਨ੍ਹਾਂ ਵਿਚ ਵੈਰਾਗ ਮੈਂ ਪੜ੍ਹਨਾ ਬੰਦ ਕਰ ਦੇ
ਤੇ ਉਹ ਬੋਲਣਾ ਬੰਦ ਕਰ ਦੇਣ। ਕਥਾ 'ਚ ਵੈਰਾਗ 'ਚ ਦੋਵੇਂ ਰੋਈ ਜਾਈਏ। ਦੇਖ ਲਿਆ ਸੀ ਉਨ੍ਹਾਂ ਨੇ ਕਿ ਇਸ ਦੇ ਪਿ
ਜਨਮ ਦੇ ਕੁਝ ਸੰਸਕਾਰ ਹਨ। ਮੈਂ ਅਜੇ ਛੋਟਾ ਜਿਹਾ ਜਦੋਂ ਪਹਿਲੇ ਪਹਿਲੇ ਆਇਆ ਨਾ। ਮੈਂ ਅਰਦ
ਨਹੀਂ ਸੀ ਕਰ ਸਕਦਾ ਕਿਤੇ-ਕਿਤੇ ਅੱਖਰ ਖਾ ਜਾਣੇ, ਅਰਦਾਸ ਦੇ ਵਿਚ। ਤੇ ਸੰਕੋਚ ਕਰਦਾ ਸਾਂ
ਅਰਦਾਸ ਕੋਈ ਹੋਰ ਕਰੇ, ਮੈਨੂੰ ਨਾ ਕਰਨੀ ਪਵੇ। ਪਰ ਥੋੜੇ ਕੋੜੇ ਲੈਕਚਰ ਬਾਅਦ ਵਿਚ ਦੇਣ ਲੱਗ ਪਿਆ ਤੇ ਇਕ ਵ
ਨਾ ਮਹਾਰਾਜ ਮਹੰਤ ਸਾਹਿਬ ਗੁਲਾਬ ਸਿੰਘ ਜੀ ਨੂੰ ਦਵਾਈ ਦੇਣ ਲੱਗਿਆ ਤੇ ਮਹੰਤ ਸਾਹਿਬ ਜ਼ਿਆਦਾ ਬਿਮਾਰ ਸਨ
ਮੈਨੂੰ ਕਹਿੰਦੇ ਨੇ ਕੀ ਗਿਲਬੇ ਮਾਰਦੈਂ ਸਮਝ ਤਾਂ ਆਂਦੀ ਕਾਈ ਨਹੀਂ ਉਥੇ ਲੋਕ ਕੁਝ ਬੈਠੇ ਸਨ ਹੱਸਣ ਲੱਗ ਪਏ ਮ
ਕਰ ਗਏ ਤੇ ਮਹੰਤ ਗੁਲਾਬ ਸਿੰਘ ਸਾਹਿਬ ਕਹਿਣ ਲੱਗੇ ਹੱਸਦੇ ਕਿਉਂ ਹੋ, ਕੋਈ ਵਕਤ ਆਏਗਾ ਦੁਨੀਆਂ ਇਸ ਦੇ
ਵਲ ਵੇਖੇਗੀ ਮੂੰਹ ਵਿਚੋਂ ਕੀ ਬੋਲਦਾ ਹੈ, ਇਹ ਮਹਾਂਪੁਰਖਾਂ ਨੂੰ ਪਤਾ ਹੁੰਦਾ ਹੈ ਉਹ ਅੰਦਰ ਦੀਆਂ ਗੱਲਾਂ ਨੂੰ ਵੇਖ ਲੈ
ਹਨ। ਬੰਦੇ ਨੂੰ ਨਹੀਂ ਪਤਾ ਹੁੰਦਾ ਮੇਰੇ ਅੰਦਰ ਕੀ ਕੁਝ ਪਿਆ ਹੈ। ਪਿਛਲੇ ਜਨਮ ਦੇ ਸੰਸਕਾਰ ਹੁੰਦੇ ਨੇ, ਪਿਛਲੇ ਜ
ਦੀਆਂ ਕਮਾਈਆਂ ਹੁੰਦੀਆਂ ਨੇ. ਪਿਛਲੇ ਜਨਮ ਦੀ ਵਿਦਿਆ ਹੁੰਦੀ ਐ। ਆਹ ਬੱਚੇ ਨੂੰ ਵੇਖੋ, ਐਸੇ ਬੱਚੇ ਨੂੰ। ਕਈ
ਹੁੰਦੇ ਨੇ ਘਰ 'ਚ ਪੜ੍ਹਾਓ ਤੇ ਝੱਟ ਲੈਸਨ ਯਾਦ ਕਰ ਲੈਣਗੇ, ਦੂਜਿਆਂ ਨੂੰ ਦਸ ਵਾਰੀ, ਪੰਦਰਾਂ ਵਾਰੀ, ਵੀਹ ਵਾਰੀ, ਕ
ਐਸੇ ਵੀ ਹੁੰਦੇ ਨੇ ਕਿੰਨਾ ਚਿਰ ਪੜ੍ਹੀ ਜਾਣ, ਆਪਣੇ ਗਿਆਨੀ ਅਮੀਰ ਸਿੰਘ ਜੀ ਦੇ ਡੇਰੇ ਲਹਿਣਾ ਸਿੰਘ ਹੁੰਦਾ ਸੀ, ਬ
ਸਾਲ ਉਸਨੂੰ ਸੰਗਦਿਆਂ-ਸੰਗਦਿਆਂ ਹੋ ਗਏ ਤੇ ਪਾਠ ਨਹੀਂ ਸੀ ਕਰ ਸਕਦਾ। ਸੰਸਕਾਰ ਹੁੰਦੇ ਨੇ ਇਕ ਵਾਰ ਸੁਣੋ ਉਸਨੂੰ ਯ
ਕਰ ਲੈਂਦੇ ਨੇ ਕਈ ਬੱਚੇ ਫਟਾਫਟ। ਕੀ ਹੁੰਦਾ ਹੈ ਉਨ੍ਹਾਂ ਪਿਛਲੇ ਜਨਮ ਵਿਚ ਪੜ੍ਹਾਈ ਕੀਤੀ ਹੁੰਦੀ ਹੈ, ਸੋ ਬਾਬਾ ਸਰਬਜ
ਸਿੰਘ ਦੇ ਅੰਦਰ ਧੁਰ ਦਰਗਾਹ ਤੋਂ ਵਾਹਿਗੁਰੂ ਨੇ ਵਸਤੂਆਂ ਰੱਖੀਆਂ ਹੋਈਆਂ ਨੇ ਪ੍ਰਚਾਰ ਕਰਨਾ, ਨਾਮ ਜਪਣਾ, ਨਾਮ ਨ
ਜੁੜਣਾ ਤੇ ਟਾਈਮ ਤੇ ਆ ਪ੍ਰਗਟ ਹੋ ਜਾਂਦੀਆਂ ਨੇ। ਕੇਵਲ ਬੱਸ ਟੱਚ ਕਰਨ ਦੀ ਲੋੜ ਹੁੰਦੀ ਏ। ਜਿਵੇਂ ਦੀਵਾ ਜਗ ਪੈਂ
ਹੈ ਤੇ ਫਿਰ ਉਹ ਦੂਜੇ ਨੂੰ ਲਾਈਟ ਦਿੰਦਾ ਹੈ।

ਜੋਤ ਨੇ ਕੰਮ ਕਰਨਾ ਹੈ ਉਹ ਜੋਤ ਬਾਬਾ ਮਧੁਸੂਦਨ ਸਿੰਘ ਵਿਚ ਕੰਮ ਕਰਦੀ ਰਹੀ ਹੈ ਉਹੀ ਜੋਤ ਬਾਬਾ ਸਰਬਜੋ
ਵਿਚ ਕੰਮ ਕਰੇਗੀ, ਉਸ ਤੋਂ ਵੱਧ ਕੇ ਹੀ ਇਨ੍ਹਾਂ ਨੇ ਪ੍ਰਚਾਰ ਕਰਨਾ ਹੈ, ਸੈਂਕੜੇ ਗੁਣਾਂ ਵੱਧ ਪ੍ਰਚਾਰ ਇਨ੍ਹਾਂ ਦਾ ਔਰ ਇ
ਦੀ ਜ਼ਬਾਨ ਵਿਚ ਮਹਾਰਾਜ ਗੁਰੂ ਨਾਨਕ ਆਪ ਬੈਠੇਗਾ ਔਰ ਦੁਨੀਆਂ ਵੇਖੇਗੀ ਕਿ ਕਿਸ ਤਰ੍ਹਾਂ ਇਹ ਕਥਾ ਕਰਦੇ ਹਨ ਕਿਸ ਤ
ਇਹ ਪ੍ਰਚਾਰ ਕਰਦੇ ਹਨ, ਇਸ ਤਰ੍ਹਾਂ ਇਹ ਨਾਮ ਨਾਲ ਆਪ ਜੁੜਦੇ ਹਨ ਔਰ ਲੋਕਾਂ ਨੂੰ ਜੋੜਦੇ ਹਨ ਤੇ ਤੁਸੀਂ ਅਰਦਾ
ਕਰੋ ਕਿ ਮਹਾਰਾਜ ਇਨ੍ਹਾਂ ਨੂੰ ਦੀਰਘ ਆਯੂ ਬਖਸ਼ੇ ਤੇ ਇਸੇ ਤਰ੍ਹਾਂ ਹੀ ਆਪ ਨਾਮ ਜਪਦੇ ਤੇ ਦੂਜਿਆਂ ਨੂੰ ਜਪਾਂਵਦੇ ਰਹਿਣ।



# ਇਕ ਸ਼ਰਧਾਂਜਲੀ

(ਸੰਤ ਸਾਧੂ ਸਿੰਘ ਨਾਨਕਸਰ ਕਲੇਰਾਂ ਵਾਲੇ)

ਐਸੇ ਬਾਬਾ ਮਧੁਸੂਦਨ ਸਿੰਘ ਜੀ ਪੰਥ ਖਾਲਸਾ ਸ਼ਾਨ,
ਜੈ ਹੋ, ਜੈ ਹੋ, ਸਦਾ ਜੈ ਤੀਨ ਲੋਕ ਪ੍ਰਵਾਨ ।

**ਆਪ ਮੁਕਤ ਮੁਕਤ ਕਰੇ ਸੰਸਾਰ, ਨਾਨਕ ਤਿਸ ਜਨ ਕੌ ਸਦਾ ਨਮਸਕਾਰ ॥**

ਇਕ ਵਿਦਵਾਨ ਦਾ ਕਥਨ ਹੈ ਕਿ ਮਹਾਂਪੁਰਖਾਂ ਤੋਂ ਬਿਨਾਂ ਸੰਸਾਰ ਦਾ ਰੂਹਾਨੀ ਬਾਗ ਸੁੱਕ ਜਾਂਦਾ ਹੈ । ਚੰਗੇ ਪੁਰਸ਼ ਆਪਣੀ ਕਰਨੀ, ਨੇਕ ਕਮਾਈ, ਪਰਉਪਕਾਰ ਰਾਹੀਂ ਸੰਸਾਰ ਵਾਸੀਆਂ ਵਿਚ ਧਰਮ ਦੀ ਜੋਤ ਜਗਾਈ ਰੱਖਦੇ ਹਨ। ਉਨ੍ਹਾਂ ਦੇ ਕਰਮ ਲੋਕਾਂ ਨੂੰ ਧਰਮ ਮਾਰਗ ਉਤੇ ਚੱਲਣ ਦੀ ਪ੍ਰੇਰਨਾ ਦਿੰਦੇ ਹਨ, ਕਿਉਂਕਿ ਉਹ ਤਾਂ ਪਰਉਪਕਾਰ ਲਈ ਆਉਂਦੇ ਹਨ । ਅਜਿਹੀ ਹੀ ਮਹਾਨ ਸ਼ਖਸੀਅਤ ਸਨ ਭਜਨ ਬੰਦਗੀ ਦੀ ਮੂਰਤ, ਨਾਮ ਰਸੀਏ, ਗੁਣੀ ਗਿਆਨੀ, ਯੋਗੀਰਾਜ, ਮਹਾਂਪੁਰਖ ਸ੍ਰੀਮਾਨ 108 ਬੇਦੀ ਜੀ ਬਾਬਾ ਮਧੁਸੂਦਨ ਸਿੰਘ ਜੀ ਊਨਾ ਸਾਹਿਬ ਵਾਲੇ, ਜੋ 14 ਮਾਰਚ 1989 ਨੂੰ ਸਾਥੋਂ ਸਰੀਰਕ ਤੌਰ 'ਤੇ ਅਲੋਪ ਹੋ ਗਏ ਹਨ । ਆਤਮਕ ਤੌਰ 'ਤੇ ਦਾਸ ਸਾਧੂ ਸਿੰਘ ਗੱਦੀ-ਨਸ਼ੀਨ ਨਾਨਕਸਰ ਦੇ ਨਾਲ ਹਨ, ਜਿਵੇਂ ਉਹ ਨਾਨਕਸਰ ਬਾਉਲੀ ਸਾਹਿਬ ਤੇ ਆਪਣੇ ਹਜ਼ੂਰੀ ਰਾਗੀ ਜੱਥਿਆਂ ਨਾਲ ਆਤਮਕ ਖੁਰਾਕ "ਲੰਗਰ ਚਲੈ ਗੁਰ ਸਬਦ ਫਿਰ ਤੋਟ ਨਾ ਆਵੈ ਖਟੀਐ" ਬੇਅੰਤ ਲੰਗਰ ਅਤੇ ਅਤੁੱਟ ਲੰਗਰ ਸਰੀਰਕ ਨਿਰਬਾਹ ਲਈ ਲਾਉਂਦੇ ਸਨ ਅਤੇ ਗੁਰਮਤਿ ਪ੍ਰਚਾਰ ਅਤੇ ਪ੍ਰਸਾਰ ਦੀ ਆਵਾਜ਼ ਬੁਲੰਦ ਕਰਿਆ ਕਰਦੇ ਸਨ, ਸੰਗਤਾਂ ਵਿਚ ਅਜ ਵੀ ਨਾਨਕਸਰ ਵਿਚ ਸਰਬ ਵਿਆਪਕ ਹੋ ਕੇ ਵਿਚਰਦੇ ਹਨ । ਆਪ ਜੀ ਨੇ ਸਾਰੀ ਜ਼ਿੰਦਗੀ ਨਾਮ ਤੇ ਸੇਵਾ ਵਿਚ ਗੁਜ਼ਾਰ ਛੱਡੀ। ਦੁਨੀਆਂ ਆਖਦੀ ਸੀ ਕਿ ਗੁਰਦਵਾਰਾ ਪ੍ਰਬੰਧਕ ਕਮੇਟੀ ਜਿੰਨਾ ਪ੍ਰਚਾਰ ਇਕੱਲੇ ਬੇਦੀ ਬਾਬਾ, ਬਾਬਾ ਮਧੁਸੂਦਨ ਸਿੰਘ ਸਾਹਿਬ ਕਰ ਰਹੇ ਹਨ ।

ਲੱਖਾਂ ਲੋਕਾਂ ਦੇ ਸੁੱਕਦੇ ਜੀਵਨ ਨੂੰ ਮਹਾਂ-ਮੰਤਰ '੧ਓ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਆਦਿ ਸਚੁ ਜੁਗਾਦਿ ਸਚੁ ਹੈਭੀ ਸਚੁ ਨਾਨਕ ਹੋਸੀ ਭੀ ਸਚੁ ॥' ਪੰਜ ਵਾਰ ਮਹਾਂ-ਮੰਤਰ ਦਾ ਗੁਰਮਤਿ ਦੇ ਪ੍ਰੇਮੀਆਂ ਤੋਂ ਜਾਪ ਕਰਵਾ ਕੇ ਫਿਰ ਦੀਵਾਨ ਸਜਾਇਆ ਕਰਦੇ ਸਨ । ਅਜ ਕਿਸਾਨ ਭਰਾ ਖੇਤਾਂ ਵਿਚ ਕੰਮ ਕਰਦਿਆਂ ... ਆਰੰਭਣ ਸਮੇਂ ਇਸੇ ਹੀ ਮਹਾਂ-ਮੰਤਰ ਦਾ ਜਾਪ ਕਰਦੇ ਹਨ । ਦਾਸ ਊਨਾ ਸਾਹਿਬ ਬਾਬਾ ਈਸ਼ਰ ਸਿੰਘ ਜੀ ਦੇ ਨਾਲ ਰਹਿ ਕੇ ਦੇਖ ਚੁੱਕਿਆ ਹੈ ਕਿ ਜੋ ਹਿਮਾਚਲ ਵਿਚ ਬਾਬਾ ਜੀ ਨੇ ਚੱਲ ਫਿਰ ਕੇ ਸੰਗਤਾਂ ਨੂੰ ਗੁਰਮਤਿ ਦਾ ਰੰਗ ਚੜ੍ਹਾਇਆ ਹੈ ਤਾਂ ਪੰਜਾਬ ਵਿਚ ਵੀ ਜੋਧਾਂ ਮਨਸੂਰਾਂ ਸੈਂਟਰ ਖੋਲ੍ਹ ਕੇ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਅਲੌਕਿਕ ਆਲੀਸ਼ਾਨ ਪ੍ਰਕਾਸ਼ ਅਸਥਾਨ ਬਣਾ, ਬੀਮਾਰ ਲੋਕਾਂ ਲਈ 50 ਬਿਸਤਰਿਆਂ ਦਾ ਹਸਪਤਾਲ ਅਤੇ ਸੰਗਤਾਂ ਦੇ ਇਸ਼ਨਾਨ ਲਈ 40 ਕਮਰਿਆਂ ਦੇ ਉਪਰ ਅਕਾਸ਼ੀ ਸਰੋਵਰ ਤਿਆਰ ਕੀਤੇ ਅਤੇ ਯਾਤਰੂਆਂ ਲਈ ਬੇਅੰਤ ਕਮਰਿਆਂ ਦੀਆਂ ਲਾਈਨਾਂ ਸਮੇਂ ਦੀ ਸਰਕਾਰ

ਬਾ ਸਰਬਜੋਤ ਸਿੰਘ ਜੀ ਭੀ ਗੱਦੀ-ਨਸ਼ੀਨ ਸੰਤਾਨਕ ਘਰਾਣਾ ਵੀ ਇਸੇ ਕੰਮ ਲਈ ਤਤਪਰ ਹਨ। ਬਾਬਾ ਨੰਦ ਸਿੰਘ ਜੀ ਾਰਾਜ ਤੋਂ ਵਰੋਸਾਏ ਹੋਏ ਬੇਦੀ ਬਾਬਾ, ਬਾਬਾ ਮਧੁਸੂਦਨ ਸਿੰਘ ਜੀ ਕਿਸੇ ਗੱਲੋਂ ਝਿਜਕੇ ਨਹੀਂ ਅਤੇ ਨਾ ਹੀ ਦੀਵਾਨ ਾਂ ਸੰਗਤਾਂ ਨੂੰ ਪ੍ਰਚਾਰ ਕਰਦੇ ਝਿਜਕਦੇ ਸਨ। ਪਰਉਪਕਾਰ ਦੀਆਂ ਅਨੇਕਾਂ ਸਾਖੀਆਂ ਹਨ। ਜਿਵੇਂ ਬਾਬਾ ਸਾਹਿਬ ਸਿੰਘ ਦੇ ਸਮੇਂ ਦੀ ਸਾਖੀ ਆਉਂਦੀ ਹੈ ਕਿ ਲੋਕਾਂ ਮੀਂਹ ਦੀ ਮੰਗ ਕੀਤੀ ਕਿ ਬਾਬਾ ਜੀ ਫਸਲਾਂ ਸੜ ਰਹੀਆਂ ਹਨ। ਸੰਗਤਾਂ ਚੌਂਕੜੇ ਮਰਵਾ ਕੇ ਗੁਰਮੰਤਰ ਅਤੇ ਮਹਾਂਮੰਤਰ ਦਾ ਜਾਪ ਕਰਵਾਉਂਦਿਆਂ ਕਰਵਾਉਂਦਿਆਂ ਬਾਰਸ਼ ਨੇ ਛਹਿਬਰ ਲਾ ਤੀ। ਬਿਲਕੁਲ ਇਸੇ ਤਰ੍ਹਾਂ ਊਨਾ ਸਟੇਟ ਵਾਲਿਆਂ ਨੇ ਗਲ ਵਿਚ ਪੱਲੂ ਪਾ ਕੇ, ਸਤਿਕਾਰ ਵਿਚ ਆ ਕੇ, ਵਜਦ ਵਿਚ ਰ ਝੁਕਾ ਕੇ ਬੇਨਤੀਆਂ ਅਰਜ਼ੋਈਆਂ ਕੀਤੀਆਂ ਕਿ ਬੇਦੀ ਪਾਤਸ਼ਾਹ, ਸਟੇਟ ਦੀ ਗਰੀਬੀ ਦੂਰ ਕਰਾਵੋ ਜੀ। ਊਨਾ ਸਾਹਿਬ ਸਰਕਾਰੀ ਕਰਮਚਾਰੀ, ਅਹਿਲਕਾਰ, ਹਜ਼ੂਰੀ ਦਰਬਾਰੀ ਅਤੇ ਹਿਮਾਚਲ ਦੇ ਸੰਸਾਰੀ ਇਕ ਆਵਾਜ਼ ਹੋ ਕੇ ਅਰਜ਼ ਗੁਜ਼ਾਰ । ਬੱਸ ਫਿਰ ਕੀ ਸੀ ? ਬਾਬਾ ਜੀ ਨੇ ਸਰਕਾਰੀ ਕਰਿੰਦਿਆਂ ਅਤੇ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਆਖ ਕੇ ਬੀ ਹਟਾਉਣ ਦੀ ਮੁਹਿੰਮ ਚਲਾ ਦਿੱਤੀ। ਵਿਹਲੜਾਂ ਨੂੰ ਨੌਕਰੀਆਂ ਤੇ ਲੁਆ ਕੇ, ਹਿਮਾਚਲ ਵਿਚ ਅਨੇਕ ਇੰਡਸਟ੍ਰੀਆਂ ਵਾ ਕੇ ਮਜ਼ਦੂਰ ਵਰਗ ਉਥੇ ਸੈੱਟ ਕਰਾ ਕੇ, ਬਜ਼ੁਰਗਾਂ ਲਈ ਪੈਨਸ਼ਨ ਲੁਆ ਕੇ ਨਾਮਣਾ ਖੱਟਿਆ। ਜ਼ਮੀਨ, ਜਿਸ ਦਾ ਟ ਆਫ ਵਾਰਡ ਹੋ ਚੁੱਕਿਆ ਸੀ, ਮੈਨੇਜਰ ਬਣੇ ਅਤੇ ਘਰੇਲੂ ਪੱਖ ਨੂੰ ਵੀ ਖੇਤੀ ਦੁਆਰਾ ਮਾਲਾਮਾਲ ਕੀਤਾ। ਇਵੇਂ ਹੀ ਨਹੀਂ, ਪੰਜਾਬ ਵਿਚ ਜੋਧਾਂ ਮਨਸੂਰਾਂ ਸੈਂਟਰ ਖੋਲ੍ਹ ਕੇ ਗੁਰਮਤਿ ਪ੍ਰੇਮੀਆਂ ਤੋਂ ਆਵਾਜ਼ ਉਠਵਾਈ ਕਿ ਦਿਲੀ ਵਿਖੇ ਦਨੀ ਚੌਂਕ ਦੇ ਗੁਰਦਵਾਰਾ ਸਾਹਿਬ ਦਾ ਕੋਤਵਾਲੀ ਦਾ ਭਾਗ, ਜਿਹੜਾ ਕਿ ਗੁਰਦਵਾਰਾ ਸਾਹਿਬ ਦਾ ਹੀ ਭਾਗ ਹੈ, ਤਾਂ ਨੂੰ ਕੋਤਵਾਲੀ ਦਾ ਸਾਰਾ ਰਕਬਾ ਲੈ ਕੇ ਦਿਤਾ। ਗੁਰਦਵਾਰਾ ਸ੍ਰੀ ਬੰਗਲਾ ਸਾਹਿਬ ਦੇ ਸਾਹਮਣੇ ਜੋ ਸੜਕ ਸੀ, ਸ ਨੂੰ ਉਥੋਂ ਬੰਦ ਕਰਵਾ ਕੇ ਗੁਰਦਵਾਰਾ ਸਾਹਿਬ ਦੀ ਚਾਰਦੀਵਾਰੀ ਵਧਾਈ।

ਹਰ ਸਾਲ ਬਰਸੀ ਤੇ ਬਾਉਲੀ ਸਾਹਿਬ ਤੇ ਹਾਜ਼ਰ ਹੋ ਕੇ ਬਾਬਾ ਈਸ਼ਰ ਸਿੰਘ ਜੀ ਦਾਸ ਨਾਨਕਸਰ ਵਾਲਿਆਂ ਸਲਾਹ ਨਾਲ ਅਨੇਕਾਂ ਵਿਅਕਤੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ ਅਤੇ ਲੱਖਾਂ ਪ੍ਰਾਣੀਆਂ ਜੀਵਨ ਸਫਲ ਬਣਾਇਆ। ਜੋਧਾਂ ਮਨਸੂਰਾਂ ਪਰਉਪਕਾਰ ਦਾ ਇਕ ਵੱਡਾ ਕੇਂਦਰ ਹੈ। ਦਸਮੇਸ਼ ਮਾਰਗ ਸਮੇਂ ਜਦੋਂ ਸੂਰਾਂ ਕੋਲ ਗੁਰਦਵਾਰਾ ਸ੍ਰੀ ਟਾਹਲੀ ਸਾਹਿਬ ਪੜਾਉ ਸੀ ਤਾਂ ਜੋਧਾਂ ਮਨਸੂਰਾਂ ਵੀ ਪੜਾਉ ਕੀਤਾ ਤੇ ਆਪ ਜੀ ਨੇ ਹਰ ਪ੍ਰਾਣੀ ਨੂੰ, ਹੋ ਉਹ ਨਗਰ ਕੀਰਤਨ ਕਰਦਾ ਹੋਇਆ ਪਿੰਡੋ-ਪਿੰਡ ਜਾ ਰਿਹਾ ਸੀ, ਘੋੜ-ਸਵਾਰਾਂ ਨੂੰ ਉਨ੍ਹਾਂ ਦੀਆਂ ਪਦਵੀਆਂ ਅਨੁਸਾਰ ਰੋਪਾ ਦਿਤਾ। ਗੁਰੂ ਸਾਹਿਬ ਦੀਆਂ ਲਾਡਲੀਆਂ ਫੌਜਾਂ ਦੀ ਬੇਅੰਤ ਸੇਵਾ ਕੀਤੀ, ਹਰ ਇਕ ਗੁਰਸਿੱਖ ਨੂੰ ਸਿਰੋਪਾ ਦਿਤਾ। ਸ ਸਮੇਂ ਦੀ ਝਲਕ ਇਕ ਅਨੂਠੀ ਤੇ ਅਨੂਪਮ ਸੀ ਅਤੁੱਟ ਲੰਗਰ। ਹਰ ਧਰਮ ਅਤੇ ਹਰ ਵਰਗ ਦੇ ਲੋਕ ਆਪ ਜੀ ਦੀ ੱਚੀ ਸੁੱਚੀ ਕਰਨੀ ਅਤੇ ਰਹਿਣੀ, ਬਹਿਣੀ, ਕਹਿਣੀ ਦੀ ਦਾਦ ਹਰ ਦੋਸਤ, ਦੁਸ਼ਮਣ ਦਿੰਦਾ ਸੀ ਅਤੇ ਆਪ ਜੀ ਦੇ ਪਿਆਰ ਘੇਰਾ ਸਭ ਧਰਤੀਆਂ ਦੀਆਂ ਵਲੱਗਣਾਂ ਪਾਰ ਕਰ ਜਾਂਦਾ ਸੀ। ਆਪ ਜੀ ਦੀ ਵਿੱਦਿਵਤਾ ਭਰੀ ਗੁਰਬਾਣੀ ਦੀ ਵਿਆਖਿਆ ਰਮਾਣ ਸੁਭਾਉ ਅਤੇ ਆਦਰਸ਼ਕ ਜੀਵਨ ਮਿਕਨਾਤੀਸ ਵਾਂਗ ਲੋਕਾਂ ਨੂੰ ਖਿੱਚਦੇ ਸਨ। ਊਨਾ ਸਾਹਿਬ ਦੀ ਗਰੀਬੀ ਦੂਰ ਰ ਕੇ ਪੰਜਾਬ ਵਿਚ ਜੋਧਾ ਮਨਸੂਰਾਂ ਆਏ ਅਤੇ ਅਨੋਖਾ ਪਾਰਟ ਪਲੇ ਕੀਤਾ। ਇਹ ਕੇਂਦਰ ਅਧਿਆਤਮਕ ਜਗਤ ਵਿਚ ਸ਼ੇਸ਼ ਥਾਂ ਰੱਖਦਾ ਹੈ ਜਿਥੋਂ ਦੇ ਸੰਤ ਕਰਤਾਰ ਸਿੰਘ ਜੀ ਚੌਕ ਮਹਤਾ ਅਤੇ ਸਪੁੱਤਰ ਅਮਰੀਕ ਸਿੰਘ ਸੰਤ ਜਰਨੈਲ ਸਿੰਘ, ੱਜ ਦੇ ਸੰਤ ਠਾਕਰ ਸਿੰਘ ਨੇ। ਬਾਬਾ ਜੀ ਪਾਸ ਅਨੇਕਾਂ ਮਹੀਨੇ ਰਹਿ ਰਹਿ ਕੇ ਅਸੀਸਾਂ ਪ੍ਰਾਪਤ ਕੀਤੀਆਂ। ਉਹ ਕੇਂਦਰ ਬਹੁਤ ੀ ਨਿਰੋਈ ਅਤੇ ਨਿੱਗਰ, ਸਿਹਤਮੰਦ ਸੇਧ ਦਿੰਦਾ ਹੈ। ਸੱਚ ਵਣਜ ਦੇ ਸੁਜਾਣ ਵਣਜਾਰਿਆਂ ਦੇ ਨਿੱਜਧਾਮ ਜਾਣ ਤੇ ੂਰਿਆ ਨਹੀਂ ਜਾਂਦਾ। ਪਰ ਉਹਨਾਂ ਦੀ ਸਰੀਰਕ ਅਣਹੋਂਦ ਦਾ ਘਾਟਾ ਵੀ ਘਟਾਇਆ ਨਹੀਂ ਜਾ ਸਕਦਾ। ਆਪ ਜੀ ੇ ਸਮਾਜਿਕ, ਧਾਰਮਿਕ, ਆਰਥਿਕ ਕਾਰਜਾਂ ਲਈ ਮੁੱਖ ਨਿਵਾਸ ਊਨਾ ਸਾਹਿਬ ਹੀ ਰੱਖਿਆ। ਪੰਜਾਬ ਵਿਚ ਪੰਜਾਬੀ ਾਸ਼ਾ ਕੰਮਪਲਸਰੀ ਹੋਵੇ। ਰਾਜਨੀਤਕ ਤੌਰ ਤੇ ਚਾਲੂ ਕਰਵਾਈ ਅਤੇ ਹਰ ਪੰਜਾਬੀ ਆਪ ਜੀ ਨੂੰ ਸ਼ਰਧਾਂਜਲੀ ਭੇਟ ਕਰਦਾ

ਖੁਸ਼ੀ ਮਹਿਸੂਸ ਕਰਦਾ ਹੈ। ਬਾਬਾ ਸਾਧੂ ਸਿੰਘ ਨਾਨਕ ਸਰ ਵਾਲਿਆਂ ਨੇ ਭੀ ਉਨ੍ਹਾਂ ਦੀਆਂ ਨੇਕ ਕਮਾਈਆਂ ਤੋਂ ਪ੍ਰਭਾਵਿਤ ਹੋ ਕੇ ਛੋਟੇ ਬਾਬਾ ਜੀ ਬਾਬਾ ਸਰਬਜੋਤ ਸਿੰਘ ਜੀ ਬੇਦੀ ਸਾਹਿਬ ਦੇ ਸ਼ੁਭ ਵਿਆਹ ਤੇ ਸੋਨੇ ਦੇ ਕੜੇ ਗਿਫਟ ਵਜੋਂ ਭੇਟਾਂ ਕੀਤੇ। ਬਾਬਾ ਜੀ ਨੇ ਵੀ ਹੇਮਕੁੰਟ ਯਾਤਰਾ ਸਮੇਂ ਜਦ ਬਦਰੀ ਨਾਥ ਦੇ ਗਰਮ ਚਸ਼ਮੇਂ ਤੋਂ ਬਾਬਾ ਮਧੁਸੂਦਨ ਸਿੰਘ ਜੀ ਨੇ ਇਸ਼ਨਾਨ ਕੀਤਾ ਤਾਂ ਅਨੇਕਾਂ ਵਿਅਕਤੀਆਂ ਨੂੰ ਬਹੁਮੁੱਲੇ ਸਿਰੋਪਾ ਦਿੱਤੇ। ਦਾਸ ਨਾਲ ਸੀ ਇਥੇ ਹੀ ਬੱਸ ਨਹੀਂ ਸੰਪਟ ਪਾਠਾਂ ਸਮੇਂ ਅਨੇਕਾਂ ਪਾਠੀਆਂ ਦੀ ਸੇਵਾ ਬੇਦੀ ਸਾਹਿਬ ਨੇ ਮੈਨੂੰ ਯੋਗ ਸਮਝ ਕੇ ਸੌਂਪੀ। ਜਿਸ ਸਮੇਂ ਜਲੂਸ ਕਲਗੀਧਰ ਗੁਰਦਵਾਰਾ ਸਾਹਿਬ ਤੋਂ ਚਾਲੇ ਪਾ ਨਗਰ ਕੀਰਤਨ ਕਰਦਾ ਹੋਇਆ ਜੋਧਾਂ ਮਨਸੂਰਾਂ ਪਹੁੰਚੇ ਤਾਂ ਉਸ ਵੇਲੇ ਵੀ ਦਾਸ ਨੇ ਸੌਂਪੀ ਗਈ ਸੇਵਾ ਨਿਭਾਈ ਸੀ। ਊਨਾ ਸਾਹਿਬ ਹਸਪਤਾਲ ਵਿਖੇ ਭੀ ਬੀਮਾਰ ਪੁਰਸੀ ਲਈ ਦਾਸ ਡੇਰੇ ਸਮੇਤ ਉਥੇ ਸੇਵਾ ਵਿਚ ਤੱਤਪਰ ਸੀ। ਦਾਸ ਜੱਥੇ ਸਮੇਤ ਗੱਡੀਆਂ ਲੈ ਕੇ ਸਤਸੰਗੀਆਂ ਨੂੰ ਨਾਲ ਲੈ ਕੇ ਜਾਂਦਾ ਰਿਹਾ ਹੈ। ਇਥੇ ਹੀ ਬੱਸ ਨਹੀਂ ਦਾਸ ਦਯਾ ਨੰਦ, ਲੁਧਿਆਣੇ ਹਸਪਤਾਲ ਵਿਚ ਬੀਮਾਰ ਪੁਰਸੀ ਲਈ ਜਾਇਆ ਕਰਦਾ ਸੀ। 15 ਮਾਰਚ 1989 ਨੂੰ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਅੰਗੀਠਾ ਸਾਹਿਬ ਕੋਲ ਜਦ ਸ੍ਰੀ ਹਜ਼ੂਰ ਪੁਰ ਨੂਰ, ਬਾਬਾ ਮਧੁਸੂਦਨ ਸਿੰਘ ਜੀ ਦੇ ਪੰਜ ਭੂਤਕ ਸਰੀਰ ਨੂੰ ਅਗਨੀ ਲੱਖਾਂ ਦੇ ਇਕੱਠ ਵਿਚ ਦਿੱਤੀ, ਤਾਂ ਗੁਨੇਆਣਾ ਮੰਡੀ ਅਸਥਾਨ ਦੇ ਪਰਧਾਨ ਸਾਹਿਬ ਅਤੇ ਸਮੂਹ ਸੰਤਾਂ, ਮਹੰਤਾਂ, ਤੀਰਥ ਅਸਥਾਨਾਂ ਦੇ ਪਰਧਾਨ, ਮਹਾਰਾਜ ਤੀਰਥ ਸਿੰਘ ਜੀ ਸਾਹਿਬ ਦੇ ਨਾਲ ਦਾਸ ਜੱਥੇ ਸਮੇਤ ਖੜਾ ਸੀ।

ਸ਼ੋਕਮਈ ਅਵਸਥਾ ਵਿਚਰ ਰਹੀ ਸੀ, ਮੇਰਾ ਮਹਾਂ ਪੁਰਸ਼ਾਂ ਨਾਲ ਖ਼ਾਸ ਕਰ ਊਨਾ ਸਾਹਿਬ ਦੇ ਮਸ਼ਹੂਰ, ਮਾਰੂਫ਼ ਆਲੀ ਦਰਬਾਰ, ਬਾਬਾ ਕਲਾਧਾਰੀ ਜੀ ਦਰਬਾਰ ਨਾਲ ਗੂੜ੍ਹਾ ਪ੍ਰੇਮ ਹੈ ਅਤੇ ਖ਼ੂਨੀ ਰਿਸ਼ਤੇ ਨਾਲੋਂ ਵੀ ਵੱਧ ਸਬੰਧ ਅਤੇ ਪ੍ਰੇਮ ਹੈ –

"ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥"

ਬਾਬਾ ਈਸ਼ਰ ਸਿੰਘ ਜੀਆਂ ਦੇ ਨਾਲ ਰਹਿੰਦਿਆਂ ਵਿਆਹ ਵਾਂਗ ਘੜੀਆਂ ਗੁਜ਼ਰਦੀਆਂ ਸਨ। ਬਾਬਾ ਈਸ਼ਰ ਸਿੰਘ ਜੀ, ਊਨਾ ਸਾਹਿਬ ਬਿਰਾਜਮਾਨ ਸਨ, ਸਾਰੀ ਸੇਵਾ ਵਿਚ ਦਾਸ ਗੁਰਬਾਣੀ ਅਨੁਸਾਰ—

"ਸੇਵਕ ਕੋ ਸੇਵਾ ਬਨ ਆਈ ਹੁਕਮ ਬੂਝ ਪਰਮ ਪਦ ਪਾਈ ॥"

ਬਾਬਾ ਜੀ ਨੇ ਬੇਦੀ ਸਾਹਿਬ ਨੂੰ ਆਖਿਆ, ਮੈਂ ਮੂੜ੍ਹ ਜੱਟ ਹਾਂ ਮੈਨੂੰ ਗੁਰਬਾਣੀ ਆਉਂਦੀ ਹੈ। ਇਥੇ ਤਾਂ ਬਾਬੇ ਨਾਨਕ ਨਿਰੰਕਾਰੀ ਦਾ ਖ਼ੂਨ ਹੈ, ਬਾਣੀ ਆਪੇ ਆਊਗੀ ਜਦੋਂ ਬੋਲੋਂਗੇ। ਚਲੋ ਬੈਠਿਆਂ ਗੱਲ ਨਹੀਂ ਬਣਨੀ ਚਲੋ ਸੰਗਤਾਂ ਵਿਚ ਵਿਚਰੋ, ਦੀਵਾਨ ਸਜਾਉ, ਨਗਰ ਕੀਰਤਨ ਕਰਵਾਉ, ਇਹੋ ਹੀ ਬਾਬੇ ਦਾ ਪਵਿੱਤ੍ਰ ਗਿਆਨ ਬਨ ਜਾਊਗਾ ? ਉਹੋ ਹੱਥ ਨਾਲ ਲਿਖਿਆ ਘਰ ਗੁਰੂ ਨਾਨਕ ! ਬੱਸ ਫੇਰ ਕੀ ਸੀ ਬਾਬਾ ਨੰਦ ਸਿੰਘ ਜੀਆਂ ਦੀਆਂ ਸਭ ਤਰ੍ਹਾਂ ਮਿਹਰਾਂ ਹੋ ਗਈਆਂ। ਅੱਜ ਹੋਰ, ਕਲ੍ਹ ਹੋਰ, ਬਾਬਾ ਮਧੁਸੂਦਨ ਸਿੰਘ ਜੀ ਪੂਰਨ ਤੌਰ ਤੇ ਕਥਾਕਾਰ ਹੋ ਗਏ। ਬਾਬਾ ਈਸ਼ਰ ਸਿੰਘ ਜੀ ਨੇ ਇਕ ਵਾਰ ਜਲੰਧਰ ਨਕੋਦਰ ਰੋਡ ਤੇ ਦੀਵਾਨ ਸਜਾਏ ਅਤੇ ਸਰਦਾਰ ਖ਼ੁਸ਼ਹਾਲ ਸਿੰਘ ਜੀ ਨੇ ਰਿਹਾਇਸ਼ੀ ਮਕਾਨ ਦੀ ਨੀਂਹ ਰੱਖੀ ਸੀ। ਊਨਾ ਸਾਹਿਬ ਤੋਂ ਬਾਬਾ ਜੀ ਦੇ ਸੰਗੀ ਆਏ ਉਹਨਾਂ ਨੇ ਬਾਬਾ ਈਸ਼ਰ ਸਿੰਘ ਜੀ ਨੂੰ ਆਖਿਆ ਕਿ, ਊਨਾ ਸਾਹਿਬ ਵਾਲੇ ਬੇਦੀ, ਬਾਬਾ ਮਧੁਸੂਦਨ ਸਿੰਘ ਜੀ ਮਹਾਰਾਜ ਆਏ ਹਨ ਅਤੇ ਆਪ ਜੀ ਨੂੰ ਮਿਲਣਾ ਲੋਚਦੇ ਹਨ। ਬਾਬਾ ਈਸ਼ਰ ਸਿੰਘ ਜੀ ਨੇ ਹੱਸ ਕੇ ਆਖਿਆ ਕਿ, ਸ੍ਰੀ ਹਜ਼ੂਰ ਬੇਦੀ ਜੀ ਬਾਬਾ ਮਧੁਸੂਦਨ ਸਿੰਘ ਜੀਆਂ ਲਈ ਖੁੱਲ੍ਹਾ ਟਾਈਮ ਹੈ। ਬਾਬਾ ਜੀ ਨੂੰ ਦਾਸ ਪੰਡਾਲ ਵਿਚ ਜੈਕਾਰਿਆਂ ਦੀ ਗੂੰਜ ਵਿਚ ਲਿਆਇਆ। ਕਾਰ ਤੋਂ ਉਤਰਨ ਤੋਂ ਪਹਿਲਾਂ, ਬਾਬਾ ਜੀ ਕੋਲ ਸੇਵਾਦਾਰ ਭੇਜਿਆ ਕਿ ਊਨਾ ਸਾਹਿਬ ਵਾਲੇ ਮਸ਼ਹੂਰ ਬੁਲਾਰੇ ਸਾਰੀ ਮਨੁੱਖਤਾ ਦੇ ਪਿਆਰੇ ਆ ਗਏ ਹਨ। ਦਾਸ ਸੇਵਾਦਾਰ ਸੀ, ਦਾਸ ਸਾਧੂ ਸਿੰਘ ਬਾਬਾ ਈਸ਼ਰ ਸਿੰਘ ਜੀ ਦੀ ਹਜ਼ੂਰੀ ਸੇਵਾ ਵਿਚ ਸੀ। ਬਾਬਾ ਈਸ਼ਰ ਸਿੰਘ ਜੀ ਸੁਣ ਕੇ ਖੁਸ਼ ਹੋਏ, ਬਾਬਾ ਜੀ ਨੇ ਬੇਦੀ ਸਾਹਿਬ ਲਈ ਆਸਣ ਆਪਣੀ ਹੱਥੀਂ ਸਜਾਇਆ। ਦਾਸ, ਬਾਬਾ ਮਧੁਸੂਦਨ ਸਿੰਘ ਜੀ ਮਹਾਰਾਜ ਨੂੰ ਉੱਪਰ ਲੈ ਕੇ

ਗਿਆ। ਬਾਬਾ ਈਸ਼ਰ ਸਿੰਘ ਜੀ, ਬਾਬਾ ਮਧੁਸੂਦਨ ਸਿੰਘ ਜੀ ਆਪੋ ਵਿਚ ਗਲਵੱਕੜੀ ਪਾ ਕੇ ਮਿਲੇ, ਜਿਵੇਂ ਬੜੇ ਚਿਰਾਂ ਦੇ ਵਿਛੜੇ ਮਿਲੇ। ਗੁਰਬਾਣੀ ਅਨੁਸਾਰ, "ਪੂਰਬ ਜਨਮ ਕੇ ਮਿਲੇ ਸੰਜੋਗੀ" ਬਾਬਾ ਈਸ਼ਰ ਸਿੰਘ ਜੀ ਨੇ ਚਰਨੀਂ ਮੱਥਾ ਟੇਕ ਕੇ ਆਸਣ ਤੇ ਬਿਠਾਇਆ ਅਤੇ ਬੇਨਤੀ ਕੀਤੀ ਕਿ, ਤੁਸੀਂ ਬਾਬੇ ਨਾਨਕ ਨਿਰੰਕਾਰੀ ਦਾ ਖੂਨ ਹੋਣ ਕਰ ਕੇ ਪੂਜਣ ਯੋਗ ਹੋ ਅਤੇ ਸਤਿਕਾਰ ਕਰਨ ਦੇ ਲਾਇਕ ਹੋ। ਆਪੋ ਵਿਚ ਬਹੁਤ ਦੇਰ ਤਕ ਬਚਨ ਬਿਲਾਸ ਹੁੰਦੇ ਰਹੇ ਫਿਰ ਜਲ ਪਾਣੀ ਛਕਾਇਆ ਅਤੇ ਬੇਦੀ ਜੀ ਨੂੰ ਸਿਰੋਪਾਉ ਦਿਤਾ। ਬੇਦੀ ਸਾਹਿਬ ਨੇ ਝੋਰੜਾਂ ਵਾਲੇ ਸੰਤਾਂ ਨੂੰ ਫੁਰਮਾਇਆ ਕਿ ਸਾਡੇ ਮਨ ਵਿਚ ਲੋਕਾਂ ਨੇ ਬਹੁਤ ਭੁਲੇਖਾ ਪਾਇਆ ਹੋਇਆ ਸੀ ਕਿ ਉਹ ਤਾਂ ਕਿਸੇ ਨੂੰ ਬੁਲਾਉਂਦੇ ਵੀ ਨਹੀਂ ? ਕਿਸੇ ਨਾਲ ਗੱਲ ਬਾਤ ਤਾਂ ਕੀ ਕਰਨੀ ਹੈ ? ਅੱਜ ਮਿਲ ਕੇ ਮਨ ਬਹੁਤ ਪ੍ਰੇਸ਼ਾਨ ਹੋਇਆ ਹੈ । ਬਾਬਾ ਈਸ਼ਰ ਸਿੰਘ ਨੂੰ ਬਾਬਿਆਂ ਆਖਿਆ ਕਿ ਊਨਾ ਸਾਹਿਬ ਚਲੋ ? ਝੋਰੜਾਂ ਵਾਲੇ ਸੰਤਾਂ ਨੇ ਕਿਹਾ ਕਿ ਇਥੋਂ ਦਾ ਕੋਟਾ ਪੂਰਾ ਹੋ ਲੈਣ ਦਿਉ ਫੇਰ ਚਲਾਂਗੇ ਅਤੇ ਪਿਆਰ ਸਤਿਕਾਰ ਨਾਲ, ਆਦਰ ਨਾਲ, ਪਿਆਰ ਪ੍ਰੇਮ ਨਾਲ ਵਿਦਾਇਗੀ ਦਿੱਤੀ। ਬਾਬਾ ਮਧੁਸੂਦਨ ਸਿੰਘ ਜੀਆਂ ਨੇ ਰਿਹਾਇਸ਼ ਅਤੇ ਦੀਵਾਨ ਅਸਥਾਨ ਵਾਲੀ ਜਗ੍ਹਾ ਦਾ ਇੰਤਜ਼ਾਮ ਕਰ ਕੇ ਬਾਬਾ ਈਸ਼ਰ ਸਿੰਘ ਜੀ ਕੋਲ ਦੋ ਸੇਵਾਦਾਰ ਭੇਜੇ ਜਿਨ੍ਹਾਂ ਵਿਚ ਇਕ ਸਾਧੂ ਸਿੰਘ ਸਿੱਧਵਾਂ ਬੇਟ ਵਾਲਾ ਭੀ ਸੀ। ਬਾਬਾ ਜੀ ਨੇ ਜਲੰਧਰ ਵਿਖੇ 1000 ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ। ਅਸੀਂ ਅੰਮ੍ਰਿਤ ਛਕਾਉਣ ਪਿਛੋਂ ਊਨਾ ਸਾਹਿਬ ਪਹੁੰਚੇ, ਬੇਦੀ ਸਾਹਿਬ ਬਹੁਤ ਸੰਗਤਾਂ ਸਮੇਤ ਬੈਂਡ ਵਾਜਿਆਂ ਨਾਲ ਜਲੂਸ ਦੀ ਸ਼ਕਲ ਵਿਚ ਸ਼ਹਿਰੋਂ ਬਾਹਰ ਲੈਣ ਆਏ । ਗੁਰਦੁਆਰਾ ਬਾਬਾ ਕਲਾਧਾਰੀ ਦਰਬਾਰ ਪਹੁੰਚ ਕੇ ਮੱਥਾ ਟੇਕ ਬਾਬਾ ਸਾਹਿਬ ਸਿੰਘ ਜੀ ਦੇ ਰੰਗੀਨ ਮਹਿਲਾਂ ਵਿਚ ਸਾਡਾ ਉਤਾਰਾ ਕੀਤਾ ਗਿਆ। ਦੋਵੇਂ ਵੇਲੇ ਕਥਾ ਕੀਰਤਨ ਦਾ ਪ੍ਰਵਾਹ ਚੱਲਿਆ। 101 ਰੁਪਿਆ ਦੁਆਇਆ ਜਿਹੜਾ ਅਜੇ ਤੱਕ ਸੰਭਾਲ ਕੇ ਰੱਖਿਆ ਹੋਇਆ ਹੈ। ਦੀਵਾਨਾਂ ਦੀ ਸਮਾਪਤੀ ਤੇ ਲੰਮੇਂ ਸਮੇਂ ਪਿਛੋਂ ਜਲੂਸ ਦੀ ਸ਼ਕਲ ਵਿਚ ਸਾਨੂੰ ਊਨਾ ਸਾਹਿਬ ਦੇ ਸ਼ਹਿਰੋਂ ਬਾਹਰ ਹਜ਼ਾਰਾਂ ਹੀ ਸਤਸੰਗੀਆਂ ਨੇ ਅਲਵਿਦਾਈ ਦਿੱਤੀ। ਜਿੰਨਾਂ ਸਮਾਂ ਊਨਾ ਸਾਹਿਬ ਗੁਜ਼ਰਿਆ ਵਿਆਹ ਵਾਂਗ ਗੁਜ਼ਰਿਆ। ਜ਼ਿੰਦਗੀ ਦੀਆਂ ਯਾਦਾਂ ਵਿਚੋਂ ਇਹ ਅਭੁੱਲ ਯਾਦ ਭੁੱਲਣ ਵਾਲੀ ਨਹੀਂ ਹੈ। ਇਸੇ ਨੂੰ ਪ੍ਰੇਮ ਕਹਿੰਦੇ ਹਨ ਜੋ ਕਿ ਅੱਠ ਪ੍ਰਕਾਰ ਦਾ ਹੁੰਦਾ ਹੈ। ਨਿਸ਼ਾਨੀਆਂ ਹੇਠ ਲਿਖੇ ਅਨੁਸਾਰ ਹਨ :—

1. ਹੰਝੂ ਵਗਾਉਣਾ
2. ਰੋਂਗਟੇ ਖੜੇ ਹੋ ਜਾਣੇ
3. ਸਰੀਰ ਦਾ ਕੰਬਣਾ
4. ਉੱਚੀ ਉੱਚੀ ਚੀਕਾਂ ਮਾਰਨੀਆਂ
5. ਬੇ-ਤਹਾਸ਼ਾ ਹੱਸਣਾ
6. ਪਸੀਨਾ ਆ ਜਾਣਾ
7. ਬੇ-ਹੋਸ਼ੀ
8. ਗੱਲਬਾਤ ਨਾ ਕਰ ਸਕਣਾ ਅਤੇ ਉੱਕਾ ਹੀ ਬੋਲਿਆ ਨਾ ਜਾਣਾ।

ਗੁਰੂ ਸੰਗਤ ਜੀ ਪ੍ਰੇਮ ਪਿਆਰ ਨਾਲ ਸ਼ਰਧਾਂਜਲੀ ਪੁਸ਼ਪਾਂਜਲੀ ਪੜ੍ਹ ਰਹੇ ਸੰਗੀ ਭਰਾਵੋ ਇਨਸਾਨ ਦੇ ਮਨ ਦੀ ਹਾਲਤ ਉਸ ਦੇ ਚਿਹਰੇ ਤੋਂ ਭਾਂਪੀ ਜਾਂਦੀ ਹੈ। ਆਦਮੀ ਦਾ ਚਿਹਰਾ ਇਕ ਅੱਛਾ ਖਾਸਾ ਨੋਟਸ ਬੋਰਡ ਹੈ ਜਿਸ ਉੱਤੇ ਦਿਮਾਗ ਦੇ ਅੰਦਰੂਨੀ ਕਾਰਖ਼ਾਨੇ ਦੇ ਹਾਲਾਤ ਠੀਕ ਤੌਰ ਤੇ ਪਤਾ ਲੱਗ ਜਾਂਦੇ ਹਨ ਅਤੇ ਮਨ ਵਿਚ ਉੱਠਦੀਆਂ ਹੋਈਆਂ ਲਹਿਰਾਂ ਖ਼ੁਸ਼ੀ ਗ਼ਮੀ ਸਾਧਾਰਨ ਹਾਲਤ ਨਫ਼ਰਤ ਅਤੇ ਗੁੱਸਾ ਪ੍ਰੇਮ, ਪਿਆਰ ਦਾ ਅਕਸ (ਪ੍ਰਤੀਬਿੰਬ) ਫੋਟੋ ਦੀ ਤਰ੍ਹਾਂ ਖਿੱਚਿਆ ਜਾਂਦਾ ਹੈ। ਸਾਡਾ ਸਰੀਰ ਦਰ ਅਸਲ ਸਾਡੇ ਮਨ ਦੀ ਪੈਦਾਵਾਰ ਹੈ, ਸਾਡੇ ਮਨ ਨੇ ਉਸ ਤੋਂ ਕੰਮ ਲੈਣ ਖ਼ਾਤਰ ਆਪਣੇ ਮੁਤਾਬਿਕ ਢਾਲਿਆ ਹੈ। ਇਸੇ ਵਾਸਤੇ ਸਾਡਾ ਸਰੀਰ ਵੀ ਮਨ ਦੀਆਂ ਅੰਦਰਲੀਆਂ ਹਾਲਤਾਂ ਅਨੁਸਾਰ ਹਰਕਾਤੋਂ ਸਕਨਾ

ਰਬਾਤ ਇਸ਼ਾਰੇ ਕਰਦਾ ਹੈ। ਅੱਖਾਂ ਦੀ ਹਾਲਤ ਸਾਰਾ ਕੁਝ ਦਸ ਦਿੰਦੀ ਹੈ। ਅੱਖਾਂ ਭੀ ਜ਼ਬਾਨ ਰੱਖਦੀਆਂ ਹਨ ਜਦ ਇਕ
ਨਸਾਨ ਦੂਜੇ ਇਨਸਾਨ ਨਾਲ ਗੱਲਬਾਤ ਕਰਦਾ ਹੈ ਤਾਂ ਗੱਲ ਦੇ ਤੌਰ ਤਰੀਕੇ ਚਿਹਰੇ ਅਤੇ ਇਸ਼ਾਰੇ ਆਦਿ ਤੋਂ ਪਤਾ
ਗ ਜਾਂਦਾ ਹੈ ਕਿ ਉਸ ਦੇ ਤੁਅੱਲਕ ਦੂਜੇ ਆਦਮੀ ਨਾਲ ਕਿਹੋ ਜਿਹੇ ਹਨ। ਬਿਲਕੁਲ ਇਸੇ ਤਰ੍ਹਾਂ ਜਦੋਂ ਕਿਸੇ ਆਦਮੀ
ਨ ਅਕਾਲ ਪੁਰਖ ਸੰਬੰਧੀ ਜਾਂ ਇਉਂ ਆਖੋ ਧੰਨ ਬਾਬਾ ਤੂੰ ਹੀ ਨਿਰੰਕਾਰ ਸੰਬੰਧੀ ਗੱਲਬਾਤ ਚੱਲਦੀ ਹੈ ਤਾਂ ਉਸ ਵੇਲੇ
ਸ ਦੀ ਜੋ ਹਾਲਤ ਹੁੰਦੀ ਹੈ ਉਸ ਤੋਂ ਪਤਾ ਚੱਲ ਜਾਂਦਾ ਹੈ ਕਿ ਉਸ ਦੇ ਅੰਦਰ ਅਕਾਲ ਪੁਰਖ ਸੰਬੰਧੀ ਕਿੰਨਾ ਪ੍ਰੇਮ ਅਤੇ
ਤ ਨੇਮ ਹੈ ਅਤੇ ਇਸ ਦੇ ਮਨ ਦੀ ਸੁੱਧੀ, ਬੁੱਧੀ ਕਿੰਨੀ ਕੁ ਸਾਫ਼ ਹੈ ? ਅਤੇ ਕਿਸ ਕਦਰ ਹੈ ? ਇਹ ਅੱਠ ਕਿਸਮ ਦੇ
ਰਕਾਰ ਪ੍ਰੇਮ ਹਨ। ਜਦ ਲੋਕ ਪਰਲੋਕ ਦੇ ਮਾਲਕਾਂ ਧੰਨ ਬਾਬਾ ਨਾਨਕ ਤੂੰ ਹੀ ਨਿਰੰਕਾਰ ਜਾਂ ਧੰਨ ਧੰਨ ਧੰਨ ਸ੍ਰਿਸ਼ਟੀ
ਜਨਹਾਰ, ਪਰਵਰਦਗਾਰ ਗੁਰੂ ਮਹਾਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਸਾਹਿਬਾਂ ਨੇ ਮੋਦੀ ਖ਼ਾਨੇ ਵਿਚ ਲੋਕਾਂ ਨੂੰ ਰਸਤਾਂ ਵਸਤਾਂ
ਨ ਕੇ ਦਿੱਤੀਆਂ ਤਾਂ ਉਸ ਸਮੇਂ ਜਦੋਂ ਉਹ ਧੜੀਆਂ ਵੱਟਿਆਂ ਦੀ ਗਿਣਤੀ ਕਰ ਰਹੇ ਸਨ ਤਾਂ ਸਤਿਗੁਰਾਂ ਦੇ ਬੋਲ
ਮੋਲ ਪਵਿੱਤਰ ਉੱਚੇ ਸੁੱਚੇ ਲੱਗਦੇ ਸਨ ਜਦੋਂ ਸ਼ੁਭ ਵਚਨ ਅਲਾਪਦੇ ਸਨ, ਮੁਖੋਂ ਪਵਿਤਰ ਵਚਨ ਅਲਾਪਦੇ ਸਨ
ਤੇ ਬੜੇ ਹੀ ਮਿੱਠੇ ਲੱਗਦੇ ਸਨ। ਜਦੋਂ ਸ਼ੁਭ ਬਚਨਾਂ ਦੀ ਵਰਖਾ ਕਰਦੇ ਤਾਂ ਫਰਮਾਉਂਦੇ ਸਨ ਕਿ ਭਾਈ ਸਾਹਿਬ 9
ੜੀਆਂ ਹੋ ਗਈਆਂ, ਸਤਿਪੁਰਖਾ ! 10 ਹੋ ਗਈਆਂ, ਭਲਿਆ ਲੋਕਾ ! 11 ਹੋ ਗਈਆਂ, ਪੁਰਖਾ ! 12 ਧੜੀਆਂ ਹੋ ਗਈਆਂ।
ਏ ਇਕ ਦਮ ਧੁਰੋਂ ਪਠਾਏ ਅਕਾਲ ਪੁਰਖ ਤੋਂ ਵਰੋਸਾਏ ਬਾਬਿਆਂ ਨੇ 13 ਫਰਮਾਇਆ ਅਤੇ ਪਵਿੱਤਰ ਮੁੱਖੋਂ ਅਲਾਇਆ
ਾ ਹੋ ਗਿਆ, ਤੇਰਾ ਹੋ ਗਿਆ, ਦੀ ਧੁਨੀ ਗੂੰਜੀ 13, 13, 13, 13, 13 ਜਦੋਂ ਮੁਖੋਂ ਉਚਾਰ ਰਹੇ ਸਨ ਮੈਂ ਤੇਰਾ ਪ੍ਰਭੂ
! ਮੈਂ ਤੇਰਾ, 13 ਤੋਂ ਅੱਗੇ ਨਾ ਵਧ ਸਕੇ ਅਤੇ 13,13,13,13,13 ਕਰਦੇ ਚਲੇ ਗਏ। ਤੇਰਾ ਹਾਂ ਅਕਾਲ ਪੁਰਖ ਜੀ ਤੇਰਾ
। ਹੇ ਪ੍ਰਭ ਜੀ ਮੈਂ ਤੇਰਾ, ਹੇ ਦੀਨਾ ਬੰਧੂ ਮੈਂ ਤੇਰਾ। ਹੇ ਅੰਤਰਜਾਮੀ ਮੈਂ ਤੇਰਾ ਮੈਂ ਤੇਰਾ, ਮੈਂ ਤੇਰਾ, ਮੈਂ ਤੇਰਾ, ਮੈਂ ਤੇਰਾ,
ਾ, ਤੇਰਾ ਕਰਦਿਆਂ ਘਰ ਬਾਰ ਛੱਡ ਦਿੱਤਾ। ਹੇ ਵਾਹਿਗੁਰੂ ਜੋ ਕੁਝ ਹੈ ਸੋ ਤੇਰਾ ਤੇਰਾ ਤੁਝ ਕੋ ਸੌਂਪਤੇ ਕਿਆ ਲਾਗੇ
ਾ। ਬੱਸ ਫਿਰ ਕੀ ਸੀ ਗੁਰੂ ਸੰਗਤ ਜਿਵੇਂ ਬਾਬਾ ਮਧੁਸੂਦਨ ਸਿੰਘ ਜੀ ਸਭ ਕਿਛੁ ਦੇ ਦਾਤੇ ਹੁੰਦੇ ਹੋਏ ਅਤੇ ਆਲੀਸ਼ਾਨ
ੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਜਗ੍ਹਾ ਜਗ੍ਹਾ ਬਨਾਉਣ ਵਾਲੇ ਬਣਾ ਕੇ ਆਖ ਦਿਆ ਕਰਦੇ ਸਨ ਕਿ ਇਹ ਬਾਬੇ ਨਾਨਕ ਜੀ
ਰਨ ਹੈ ਅਤੇ ਸਾਨੂੰ ਵੀ ਗੁਰੂ ਨਾਨਕ ਦੇ ਬਣਾ ਗਏ ਅਤੇ ਸਾਨੂੰ ਵਾਹਿਗੁਰੂ ਵਾਲੇ ਬਣਾ ਗਏ। ਅਸ਼ੀਰਵਾਦਾਂ ਰੱਜ ਰੱਜ ਕੇ
ਗਏ। ਐਵੇਂ ਹੀ ਧੰਨ ਧੰਨ ਧੰਨ ਬਾਬਾ ਨਾਨਕ ਤੂੰ ਹੀ ਨਿਰੰਕਾਰ ਸਭ ਤਰ੍ਹਾਂ ਦੀਆਂ ਮਿਹਰਾਂ ਲੈ ਕੇ 13 ਕੱਤਕ ਨੂੰ
ਰਪੁਰ ਕਲਾਂ ਥਾਣਾ ਸਿੱਧਵਾਂ ਬੇਟ ਜ਼ਿਲ੍ਹਾ ਲੁਧਿਆਣਾ ਵਿਖੇ ਬਾਬਾ ਜੈ ਸਿੰਘ ਜੀ ਦੇ ਘਰ ਮਾਤਾ ਸਦਾ ਕੌਰ ਜੀ ਦੀ ਪਵਿੱਤ੍ਰ
ਖੋਂ ਸ੍ਰੀ ਹਜ਼ੂਰ ਬਾਬਾ ਨੰਦ ਸਿੰਘ ਜੀ ਮਹਾਰਾਜ ਨੇ ਅਵਤਾਰ ਲਿਆ ਅਤੇ ਸੰਸਾਰ ਵਿਚ 'ਸਦਾ ਜੈ ਜੈ ਕਾਰ ਹੈ ਨਾਨਕਾ'
ੜਿ ਵਧਣੀ ਕਲਾਂ ਤੇ ਸਾਰਾ ਸੰਸਾਰ ਬਾਬੇ ਨਾਨਕ ਨੂੰ ਜਪ ਰਿਹਾ ਹੈ।

ਸਾਰੀ ਦੁਨੀਆਂ ਨੂੰ ਦੱਸ ਦਿੱਤਾ ਹੈ ਕਿ ਬਾਬਾ ਨਾਨਕ ਜੀ ਮੈਂ 13 ਹਾਂ। 13 ਕੱਤਕ ਨੂੰ ਪ੍ਰਗਟੇ, 13 ਭਾਦਰੋਂ ਨੂੰ
ੀ ਸਿੱਧਵਾਂ ਬੇਟ ਸਤਿਲੁਜ ਨਦੀ ਵਿਚ ਕੰਨੀਆਂ ਨਾਨਕਸਰ ਵਿਖੇ ਜਲ ਪ੍ਰਵਾਹ ਕੀਤੇ ਗਏ। ਇਹ ਬਾਬਾ ਨੰਦ ਸਿੰਘ ਜੀ
ੀ 13, 13, 13, 13, 13 ਦੀਆਂ ਗੁਰਬਾਣੀਆਂ ਦੀਆਂ ਧਾਰਨੀਆਂ ਸੰਗਤਾਂ ਨੂੰ ਤੋਲ ਤੋਲ ਦਈ ਜਾ ਰਹੇ ਸਨ ਅਤੇ
ਪਿਉ ਦਾਦੇ ਜਿਹਾ ਪੋਤਾ ਪਾਵਨ ਸੰਤ ਨਿਰਮਲ ਸਿੰਘ ਜੀ, ਸ: ਸ਼ੇਰ ਸਿੰਘ ਜੀ ਦੇ ਸ਼ੇਰ ਪੁੱਤਰ ਬਾਬਾ ਨਿਰਮਲ ਸਿੰਘ ਜੀ ਨੇ
ਕੰਨੀਆਂ ਨਾਨਕਸਰ ਗੁਰਦਵਾਰਾ ਬਣਾ ਕੇ 13 ਭਾਦਰੋਂ ਨੂੰ ਉਹ ਵੀ ਸਾਥੋਂ ਅਲੋਪ ਹੋ ਗਏ। ਅੱਜ ਕਲ੍ਹ ਸੰਤ ਗੁਰਚਰਨ ਸਿੰਘ
ਜੀ ਕੰਨੀਆਂ ਨਾਨਕਸਰ ਗੁਰਦਵਾਰਾ ਸਾਹਿਬ ਦੇ ਸੰਤ ਹਨ, ਮੁਹਾਂਦਰਾ ਬਾਬਾ ਨੰਦ ਸਿੰਘ ਜੀ ਤੇ ਹੈ।

ਇਕ ਵਾਰ ਬਾਬਾ ਮਧੁਸੂਦਨ ਸਿੰਘ ਜੀ ਖੇਡਦੇ ਖੇਡਦੇ ਬਾਬਾ ਨੰਦ ਸਿੰਘ ਜੀ ਦੀ ਗੋਦੀ ਵਿਚ ਆ ਕੇ ਬੈਠ ਗਏ
ਅਤੇ ਵੱਡੇ ਬਾਬਾ ਦਵਿੰਦਰ ਸਿੰਘ ਜੀ ਮਹਾਰਾਜ ਆਖਣ ਲੱਗੇ ਕਿ ਦਿਉ ਜੋ ਕੁਝ ਬਾਬਾ ਮਧੁਸੂਦਨ ਸਿੰਘ ਜੀ ਮੰਗਦੇ ਹਨ।
ਤਾਂ ਬਾਬਾ ਜੀ ਆਪਣੇ ਖੀਸੇ ਫਰੋਲਣ ਲੱਗ ਪਏ ਅਤੇ ਆਖਣ ਲੱਗੇ, 'ਮੈਂ ਤਾਂ ਸਾਧੂ ਹਾਂ, ਮੇਰੇ ਕੋਲ ਕੋਈ ਪੈਸਾ ਨਹੀਂ ਹੈ'

ਤਾਂ ਹਜ਼ੂਰ ਪੁਰ ਨੂਰ ਬਾਬਾ ਦੇਵਿੰਦਰ ਸਿੰਘ ਜੀ ਮਹਾਰਾਜ ਨੇ ਆਖਿਆ ਕਿ ਸਾਧੂਆਂ ਕੋਲ ਜੋ ਵਸਤਾਂ ਹੁੰਦੀਆਂ ਹਨ, ਉਹੋ ਦੇ ਦਿਉ ਤਾਂ ਵੱਡੇ ਬਾਬਾ ਜੀ ਦੇ ਬਚਨ ਮੰਨ ਕੇ ਬਾਬਾ ਨੰਦ ਸਿੰਘ ਜੀ ਮਹਾਰਾਜ ਸੋਲ੍ਹਵੀਂ ਗੁਰੂ ਨਾਨਕ ਜੋਤ ਬਾਬ ਮਧੁਸੂਦਨ ਸਿੰਘ ਜੀ ਨੂੰ ਆਪਣੀ ਬੁੱਕਲ ਵਿਚ ਲੈ ਕੇ ਬੈਠ ਗਏ ਅਤੇ ਪੂਰਨ ਮਹਾਂਮੰਤਰ ਦੀ ਗੁਰ-ਦੀਖਿਆ ਦਿਤੀ। ਗੁਰ ਦੀਖਿਆ ਲੈ ਕੇ ਸਿੱਖ ਸਦਾਏ, ਬਾਬਾ ਨੰਦ ਸਿੰਘ ਜੀ ਨੇ ਬੇਦੀ ਬਾਬੇ ਨੂੰ ਆਸ਼ੀਰਵਾਦ ਦਿਤੀ ਅਤੇ ਆਖਿਆ, 'ਬੋਲੋ ਬੇਦ ਸਾਹਿਬ ਜੀ '੧ਓ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ਜਪੁ ।। ਆਦਿ ਸਚੁ ਜੁਗਾਦਿ ਸਚੁ ।ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।।' 5 ਵਾਰ ਬਾਬਾ ਮਧੁਸੂਦਨ ਸਿੰਘ ਜੀ ਤੋਂ ਕਹਾਇਆ ਤਾਂ ਹੀ ਬਾਬ ਨੰਦ ਸਿੰਘ ਜੀ ਦੀ ਬਾਉਲੀ ਸਾਹਿਬ ਤੇ ਆ ਕੇ ਹਰ ਬਰਸੀ ਤੇ ਸਰੀਰਕ ਤੌਰ ਤੇ ਸੰਗਤਾਂ ਦੀ ਸੇਵਾ ਅਤੁੱਟ ਲੰਗਰ ਲਾ ਕੇ, ਚਲਾ ਕੇ, ਆਤਮਕ ਤੌਰ ਤੇ ਆਪਣੇ ਹਜ਼ੂਰੀ ਰਾਗੀ ਜੱਥੇ ਨਾਲ ਲਿਆ ਕੇ 'ਲੰਗਰ ਚਲੈ ਗੁਰਸਬਦ ਫਿਰ ਤੋਟ ਨ ਆ ਖਟੀਐ' ਸੰਗਤਾਂ ਵਿਚ ਆਤਮਕ ਪ੍ਰਚਾਰ ਦਾ ਪ੍ਰਵਾਹ ਚਲਾਇਆ ਕਰਦੇ ਸਨ। ਸੰਸਾਰੀ ਬੰਦਿਆਂ ਨੂੰ ਹਰ ਸਾਲ ਨਿਹਾ ਕਰਿਆ ਕਰਦੇ ਸਨ। ਬਾਬਾ ਨੰਦ ਸਿੰਘ ਜੀ ਤੋਂ ਵਰੋਸਾਏ ਹੋਏ ਬਾਬੇ ਹਜ਼ਾਰਾਂ ਵਿਅਕਤੀਆਂ ਨੂੰ ਅੰਮ੍ਰਿਤ ਪਾਨ ਕਰਵਾ ਗੁਰੂ ਵਾਲੇ ਬਣਾਇਆ ਕਰਦੇ ਸਨ। ਦਮਦਮਾ ਅਸਥਾਨ ਸਾਹਿਬ ਜੋਧਾਂ ਮਨਸੂਰਾਂ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਪਵਿੱਤਰ ਉੱਚੇ-ਸੁੱਚੇ ਬਣਾਏ ਮਹਿਲਾਂ ਵਿਚ ਪ੍ਰੈਸ ਲੁਆ ਕੇ ਮਾਸਿਕ ਪੰਜਾਬੀ ਮੈਗਜ਼ੀਨ 'ਅਜੂਨੀ ਪੱਤ੍ਰਿਕਾ' ਕੱਢਿਆ ਕਰ ਸਨ। ਇਸ ਬੇਲਾਗ ਅਤੇ ਬੇਦਾਗ 'ਅਜੂਨੀ ਪੱਤ੍ਰਿਕਾ' ਨੇ ਪੰਜਾਬੀ ਜਨਤਾ, ਸਮੂਹ ਮਨੁੱਖਤਾ ਨੂੰ ਸੱਚ ਦੇ ਰਾਹ ਤੇ ਚਲਾ ਜੋ ਇਨ੍ਹਾਂ ਦਾ ਪਿਤਾ ਪੁਰਖੀ ਕੰਮ ਹੈ, ਮਾਂ ਬੋਲੀ ਪੰਜਾਬੀ ਬੋਲੀ ਦੀ ਗੁਰਮਤਿ ਦੀਖਿਆ ਦਾ ਜਿਉਂਦੇ-ਜੀ ਰੱਜ ਰੱਜ ਪ੍ਰਚਾਰ ਕਰ ਗਏ। ਇਕ ਵਾਰ ਬਾਬਾ ਈਸ਼ਰ ਸਿੰਘ ਜੀ ਮਹਾਰਾਜ ਝੋਰੜਾਂ ਵਾਲੇ ਗੱਦੀ-ਨਸ਼ੀਨ ਨਾਨਕਸਰ ਕਲੇਰਾਂ ਵਾ ਸੰਤ ਪੂਜਨੀਕ ਅਤੇ ਪਵਿੱਤਰ ਆਤਮਾ ਗ੍ਰਹਿਸਥੀ ਜੀਵਨ ਦੀ, ਤੁਰਦੀ ਫਿਰਦੀ ਭਗਤੀ ਦੀ ਤਸਵੀਰ, ਪੂਰਨ ਸੰਤ, ਬ੍ਰਹਮ ਗਿਆ ਬਾਬਾ ਬੱਗਾ ਸਿੰਘ ਜੀ ਦੇ ਘਰ ਅਵਤਾਰ ਲੈਣ ਵਾਲੇ, ਮਾਤਾ ਪ੍ਰਤ ਪ ਕੌਰ ਜੀ ਦੀ ਪਵਿੱਤਰ ਕੁੱਖ ਨੂੰ ਭਾਗ ਲਾਉਣ ਵਾ ਅਤੇ ਦਾਸ ਸਾਧੂ ਸਿੰਘ ਨੂੰ ਗੁਰਮਤਿ ਪ੍ਰਚਾਰ ਦੀ ਜਾਗ ਲਾਉਣ ਵਾਲੇ ਅਤੇ ਮੇਰੀ ਆਤਮਾ ਨੂੰ ਸ਼ੁੱਧ ਸਾਫ਼ ਚਾਰ ਚੰਨ ਲਾਉ ਵਾਲੇ ਦਾਸ ਨੂੰ ਬਖਸ਼ਿਸ਼ ਬਖਸ਼ ਕੇ ਚੰਦ ਦੀ ਤਰ੍ਹਾਂ ਚਮਕਾ ਗਏ। ਅਸੀਂ ਡੇਰੇ ਦੇ ਸਾਰੇ ਸੰਤ ਮਹਾਤਮਾ 13, 13, 13, 13, 1 ਦੀਆਂ ਗੁਰਬਾਣੀ ਦੀਆਂ ਅਤੇ ਲੰਗਰ ਖਾਣ-ਪਾਨ ਆਦਿ ਦੀਆਂ ਧੜੀਆਂ ਤੋਲੀ ਜਾ ਰਹੇ ਹਾਂ। ਪ੍ਰਚਾਰ ਅਤੇ ਪ੍ਰਸਾਰ ਦੁਆ ਸੇਵਾ ਨਿਭਾਈ ਜਾ ਰਹੇ ਹਾਂ। ਜਿਵੇਂ ਸੈਦ ਖਾਂ ਹੰਕਾਰ ਵਿਚ ਮੱਤਿਆ ਹੋਇਆ, ਮੁਗਲਾਂ ਦਾ ਚੁੱਕਿਆ ਹੋਇਆ ਔਰੰਗਜ਼ੇ ਦੇ ਦਰਬਾਰ ਵਿਚ ਕਹਿ ਰਿਹਾ ਸੀ ਕਿ ਮੈਨੂੰ ਫੌਜਾਂ ਦਿਉ। ਕਲਗੀਧਰ ਪਾਤਸ਼ਾਹ ਨੂੰ ਮੈਂ ਫੜ ਲਿਆਵਾਂਗਾ। ਅਨੇਕਾਂ ਫੌ ਸਮੇਤ ਅਨੰਦਪੁਰ ਸਾਹਿਬ ਦੀਆਂ ਰਮਣੀਕ ਪਹਾੜੀਆਂ ਵਿਚ ਮੋਰਚੇ ਜਮਾ ਕੇ ਜੰਗ ਲਈ ਚੜ੍ਹਿਆ। ਜਿਉਂ ਹੀ ਮਹਾਰਾ ਦਸਮੇਸ਼ ਪਿਤਾ ਸ਼ਮਸ਼ੇਰ ਬਹਾਦਰ ਦੇ ਦੀਦਾਰ ਕੀਤੇ, ਮੋਹਿਆ ਗਿਆ, ਆਖਣ ਲੱਗਾ, 'ਪਾਤਸ਼ਾਹ ! ਮੈਂ ਤੇਰਾ ਹਾਂ।' ਪਾਤਸ਼ਾ ਦੇ ਦਰਸ਼ਨਾਂ ਵਿਚ ਜਾਦੂ ਸੀ ਜੋ ਜੀਵਨ ਪਲਟ ਦਿੰਦਾ ਹੈ, ਸਾਡਾ ਵੀ ਝੋਰੜਾਂ ਵਾਲੇ ਮਹਾਂਪੁਰਖਾਂ ਨੇ ਜੀਵਨ ਬਣਾ ਦਿਤਾ ਅਤੇ ਜੋ ਕੁਝ ਉਨ੍ਹਾਂ ਸਾਨੂੰ ਬਖਸ਼ਣਾ ਸੀ, ਬਖਸ਼ ਦਿਤਾ ਹੈ। ਅੱਜ ਕਿਸੇ ਗੱਲ ਦੀ ਕਮੀ ਨਹੀਂ ਹੈ। ਅਸੀਂ ਇਥੇ ਭਗਤੀ ਵਿ ਲਿਵਲੀਨ ਹਾਂ ਜਿਵੇਂ ਪ੍ਰੇਮ ਵਿਚ ਰੱਤੇ ਭਾਈ ਘਨਈਆ ਜੀ ਨੂੰ ਸ਼ਮਸ਼ੇਰ ਬਹਾਦਰ ਦਸਮ ਪਿਤਾ ਜੀ ਦੀ ਸ਼ਕਲੋ-ਸੂਰਤ ਤੋ ਬਿਨਾਂ ਹੋਰ ਕੁਝ ਦਿਖਾਈ ਨਹੀਂ ਦਿੰਦਾ ਸੀ। ਉਹ ਸਭਨਾਂ ਤਾਈਂ ਜਲ ਛਕਾ ਰਿਹਾ ਸੀ ਤੇ ਆਖਦਾ ਸੀ : –

ਤੁਰਕ ਅਤੁਰਕ ਨਾ ਦਿਸਦਾ ਮੈਨੂੰ, ਤੂੰ ਸਾਰੇ ਦਿਸ ਆਈਂ।
ਤੈਨੂੰ ਪਿਆ ਪਿਲਾਵਾਂ ਪਾਣੀ, ਸਿਰ ਮੇਰੇ ਦੇ ਸਾਈਂ !

ਪ੍ਰੇਮ ਵਿਚ ਰੱਤਿਆ ਹੋਇਆ ਆਖੀ ਜਾਂਦਾ ਸੀ, 'ਮੈਂ ਤੇਰਾ ਹਾਂ, ਮੈਂ ਤੇਰਾ ਹਾਂ, ਮੈਂ ਤੇਰਾ ਹਾਂ ਅਤੇ ਤੇਰਾ ਹੀ ਰੂਪ ਦੇਖਦਾ ਹਾਂ।' ਅਸੀਂ ਨਾਨਕਸਰ ਵਾਲੇ ਵੀ '13, 13' ਦੀਆਂ ਧਾਰਨਾਂ ਤੋਲੀ ਜਾ ਰਹੇ ਹਾਂ, ਜਿਵੇਂ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਪਾਤਸ਼ਾਹ ਦੀਵਾਨ ਸਜਾਉਣ ਦੀ ਜਾਚ ਬਾਬਾ ਈਸ਼ਰ ਸਿੰਘ ਜੀ ਤੋਂ ਸਿੱਖ ਗਏ ਸਨ। ਜਦੋਂ ਬਾਬਾ ਜੀ ਊਨਾ ਸਾਹਿਬ

ਵਿਚ ਰਹਿੰਦੇ ਸਨ। ਦਾਸ ਬਾਬਾ ਜੀ ਝਰੋੜਾਂ ਵਾਲਿਆਂ ਦਾ ਸੇਵਾਦਾਰ ਸੀ, ਟਿੱਕਾ ਸਾਹਿਬ ਬਾਬਾ ਮਧੁਸੂਦਨ ਸਿੰਘ ਜੀ ਆਖਣ ਲੱਗੇ ਕਿ ਮੈਂ ਕਾਲਜ ਦਾ ਵਿਦਿਆਰਥੀ ਹਾਂ, ਬਾਕੀ ਟਾਈਮ ਵਿਚ ਖੇਤੀ ਬਾੜੀ ਕਰਨ ਵਾਲਾ ਜੱਟ ਹਾਂ, ਮੈਥੋਂ ਲੋਕਾਂ ਵਿਚ ਪ੍ਰਚਾਰ ਨਹੀਂ ਹੋਣਾ। ਬਾਬਾ ਈਸ਼ਰ ਸਿੰਘ ਜੀ ਨੇ ਅਸ਼ੀਰਵਾਦ ਦਿਤੀ। ਬਾਬਾ ਨੰਦ ਸਿੰਘ ਜੀ ਤੋਂ ਵਰੋਸਾਏ ਹੋਏ ਬਾਬਾ ਮਧੁਸੂਦਨ ਸਿੰਘ ਜੀ ਨੇ ਹਰ ਪ੍ਰਾਣੀ ਨਾਲ, ਚਾਹੇ ਉਹ ਅਮੀਰ ਸੀ ਜਾਂ ਗਰੀਬ ਸੀ, ਹਰ ਇਕ ਨਾਲ ਪਿਆਰ, ਪ੍ਰੇਮ ਕੀਤਾ ਅਤੇ ਹਰ ਸੰਤ ਮਹੰਤ ਤੇ ਭਗਤਾਂ, ਤਪੱਸਵੀਆਂ, ਜਤੀਆਂ, ਸਤੀਆਂ ਨੂੰ ਪ੍ਰੇਮ ਪੂਰਵਕ ਹਰ ਖਾਸੋ ਆਮ ਨੂੰ ਸਤਿਕਾਰਿਆ। ਹੌਲੀ ਹੌਲੀ ਦੀਵਾਨ ਸਜਾਉਣ ਲੱਗ ਗਏ। ਬੱਸ ਬਾਬਾ ਜੀ ਥੋੜਿਆਂ ਦਿਨਾਂ ਵਿਚ ਹੀ ਕਥਾਕਾਰ ਬਣ ਗਏ। ਗੁਰੂ ਨਾਨਕ ਦਾ ਖ਼ੂਨ ਜੋ ਹੋਏ, ਜਿਨ੍ਹਾਂ ਬਾਰੇ ਕੋਈ ਭਗਤ ਕਹਿੰਦਾ ਹੈ :—

ਲਾਈ ਹਿਆਤ, ਆਈ ਕਜ਼ਾ ਲੇ ਚਲੀ ਚਲੇ।
ਆਪਣੀ ਖੁਸ਼ੀ ਨਾ ਆਏ ਨਾਂਹ ਆਪਣੀ ਖੁਸ਼ੀ ਚਲੇ।

ਜਬ ਤੁਮ ਆਏ ਜਗਤ ਮੇਂ ਜਗ ਹਸੇ ਤੁਮ ਰੋਏ ॥
ਐਸੀ ਕਰਨੀ ਕਰ ਚਲੋ ਤੁਮ ਹਸੋ ਜਗ ਰੋਏ ॥

ਜਿਵੇਂ ਬਾਬਾ ਮਧੁਸੂਦਨ ਸਿੰਘ ਜੀ ਤੋਂ ਬਿਨਾਂ ਸਾਰਾ ਸੰਸਾਰ ਰੋ ਰਿਹਾ ਹੈ। ਅੱਜ ਹਰ ਬੰਦੇ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਹਨ, ਕਿਉਂਕਿ ਪ੍ਰੇਮ ਕਰਨ ਵਾਲਾ, ਹਰ ਇਕ ਗਰੀਬ ਅਮੀਰ ਨੂੰ ਪ੍ਰੇਮ ਦੀ ਅੱਖ ਨਾਲ ਵੇਖਣ ਵਾਲਾ ਸੰਸਾਰ ਵਿਚ ਕੋਈ ਨਹੀਂ ਦਿਸਦਾ। ਅਸੀਂ ਉਨ੍ਹਾਂ ਦੇ ਅਨੇਕਾਂ ਪਰਉਪਕਾਰਾਂ ਨੂੰ ਯਾਦ ਕਰ ਕੇ ਝੂਰਦੇ ਹਾਂ। ਬਾਬਾ ਈਸ਼ਰ ਸਿੰਘ ਜੀ ਦੇ ਪੰਜ ਭੂਤਕ ਸਰੀਰ ਨੂੰ ਹਰੀ ਕੇ ਪੱਤਣ ਜਲ ਪ੍ਰਵਾਹ ਕੀਤਾ ਗਿਆ ਸੀ। ਅਸੀਂ ਸਾਰੇ ਡੇਰੇ ਵਾਲੇ ਪੂਰਨ ਜੋਤ ਬੇਦੀ ਪਾਤਸ਼ਾਹ ਬਾਬਾ ਸਰਬਜੋਤ ਸਿੰਘ ਜੀ ਦੇ ਬਹੁਤ ਰਿਣੀ ਹਾਂ, ਜਿਨ੍ਹਾਂ ਨੇ 'ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨ' ਦੇ ਮਹਾਂਵਾਕ ਅਨੁਸਾਰ ਉਨ੍ਹਾਂ ਦੀ ਯਾਦ ਰਹਿੰਦੀ ਦੁਨੀਆਂ ਤਕ ਤਾਜ਼ੀ ਰੱਖਣ ਲਈ 'ਬਾਬਾ ਮਧੁਸੂਦਨ ਸਿੰਘ ਬੇਦੀ ਅੰਕ' ਅਜੂਨੀ ਪੱਤ੍ਰਿਕਾ ਤੇ ਕਿਤਾਬ ਲਿਖਣ ਦਾ ਪ੍ਰਬੰਧ ਕੀਤਾ ਹੈ। ਬਾਬਾ ਈਸ਼ਰ ਸਿੰਘ ਜੀ ਮਹਾਰਾਜ ਸ੍ਰੀ ਹਜ਼ੂਰ ਬਾਬਾ ਸਰਬਜੋਤ ਸਿੰਘ ਜੀ ਦੇ ਸਿਰ ਤੇ ਹੱਥ ਰੱਖਣ ਅਤੇ ਲੰਮੀ ਜ਼ਿੰਦਗੀ ਬਖਸ਼ਣ ਤਾਂ ਜੋ ਉਹ ਪਿਤਾ-ਪੁਰਖੀ ਰਹੁ-ਰੀਤਾਂ ਪ੍ਰੇਮ ਨਾਲ ਨਿਭਾ ਕੇ ਅੱਜ ਦੇ ਸੜਦੇ-ਬਲਦੇ ਸੰਸਾਰ ਨੂੰ ਪ੍ਰੇਮ ਦਾ, ਅਮਨ ਦਾ ਸੰਦੇਸ਼ ਦੇਣ। ਸੰਸਾਰ ਵਾਹ-ਵਾਹ ਕਰ ਰਿਹਾ ਹੈ ਕਿ ਇਹੋ ਜਿਹੇ ਲਾਇਕ ਬੇਦੀ ਪਾਤਸ਼ਾਹ ਹੋਣ ਜੋ ਵੱਡਿਆਂ ਵਡੇਰਿਆਂ ਦੇ ਚਾਲੂ ਕੀਤੇ ਗਏ ਪ੍ਰੇਮ ਮਾਰਗ ਨੂੰ ਚਾਰ ਚੰਨ ਲਾ ਦੇਣ। ਗੁਰੂ ਅੰਸ਼ਾਂ, ਬੰਸਾਂ, ਅਵਤੰਸ਼ਾਂ ਹਰ ਤਰ੍ਹਾਂ ਸਮਰੱਥ ਹਨ, ਤਦੇ ਤਾਂ ਕਹਿਣਾ ਬਣਦਾ ਹੈ :—

ਵਿਚ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣ ਪਾਈਐ ॥
ਸੇਵਾ ਕਰਤ ਹੋਇ ਨਿਹਕਾਮੀ ਤਿਸ ਕਉ ਹੋਤ ਪਰਾਪਤ ਸੁਆਮੀ ॥

ਵੱਡੇ ਬਾਬਾ, ਬਾਬਾ ਸਾਹਿਬ ਸਿੰਘ ਜੀ ਦੇ ਬਣਾਏ ਕਿਲ੍ਹੇ, ਜੋ ਅੰਗਰੇਜ਼ਾਂ ਨੇ ਤੋਪਾਂ ਦੇ ਗੋਲਿਆਂ ਨਾਲ ਢਾਹੇ ਅਤੇ ਉਡਾਏ, ਜਿਨ੍ਹਾਂ ਵਿਚ ਬਾਬਾ ਸਾਹਿਬ ਸਿੰਘ ਜੀ ਦੀ ਤਿਆਰ-ਬਰ-ਤਿਆਰ 14000 ਫੌਜ ਰਹਿੰਦੀ ਸੀ। ਪਾਤਸ਼ਾਹਾਂ ਦੇ ਲੰਗਰ ਦਾ ਇਕ ਡੰਗ ਦਾ ਖਰਚਾ 35 ਮਣ ਲੂਣ ਸੀ। ਸੰਗਤਾਂ ਦਾ ਅੰਦਾਜ਼ਾ ਪਾਠਕ ਆਪ ਲਾ ਲੈਣ। ਸਾਰੇ ਕਿਲ੍ਹੇ ਢਾਹ-ਢੇਰੀ ਕੀਤੇ, ਸੋ ਬਾਬਾ ਮਧੁਸੂਦਨ ਸਿੰਘ ਜੀ ਨੇ ਮੁੜ ਦੂਜੀ ਵਾਰ ਨਵੇਂ ਬਣਾਏ, ਤਦੇ ਤਾਂ ਦੁਨੀਆਂ ਵਾਹ ਵਾਹ ਆਖਦੀ ਹੈ, 'ਬਾਬਾ ਤੇਰੀ ਧੰਨ ਕਮਾਈ, ਪੁਸ਼ਪਾਂਜਲੀ ਪ੍ਰੇਮ ਦੀ ਭੇਂਟ ਕਰੇ ਕੁਲ ਲੋਕਾਈ।

ਆਪ ਮੁਕਤ ਮੁਕਤ ਕਰੇ ਸੰਸਾਰ ॥
ਨਾਨਕ ਤਿਸ ਜਨ ਕਉ ਸਦਾ ਨਮਸਕਾਰ ॥

'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਮੈਨੂੰ ਇਕ ਕਨਖਲ ਵਾਲੇ ਮਹਾਂਪੁਰਸ਼ਾਂ ਦੀ ਪ੍ਰੇਮ ਸੰਬੰਧੀ ਕਵਿਤਾ ਯਾਦ ਆ ਗਈ, ਉਹੋ ਲਿਖ ਕੇ, ਸੰਗਤਾਂ ਨੂੰ ਭੇਂਟ ਕਰ ਕੇ ਬੇਦੀ ਪਾਤਸ਼ਾਹ ਸ੍ਰੀ ਹਜ਼ੂਰ ਪੁਰਨੂਰ ਫੈਜ਼ਗੰਜੂਰ ਬਾਬਾ ਸਰਬਜੋਤ ਸਿੰਘ ਜੀ

ਤੋਂ ਆਸ਼ੀਰਵਾਦ ਲੈਂਦਾ ਹੋਇਆ ਆਪਣੇ ਸ਼ਰਧਾਂਜਲੀ ਭਰਪੂਰ ਲੇਖ ਨੂੰ ਸਮਾਪਤ ਕਰਦਾ ਹਾਂ।

### ਪ੍ਰੇਮ ਕਾ ਪੂਛੋ ਪਤਾ

ਪ੍ਰੇਮ ਕਾ ਪੂਛੋ ਪਤਾ ਮਾਹੀ ਸੇ ਪ੍ਰਵਾਨੇ ਸੇ ।
ਕਾਮ ਹੈ ਜਿਨ ਕਾ ਤੜਪਨੇ ਸੇ ਜਾਂ ਜਲ ਜਾਨੇ ਸੇ ।
ਇਸ਼ਕ-ਅੱਲ੍ਹਾ ਮੇਂ ਚੀਰਾਏ ਗਏ ਉਫ਼ ਤਕ ਨਾ ਕੀਆ ਜ਼ਿਕਰੀਆ ਨੇ,
ਰੁਤਬਾ ਏ ਇਸ਼ਕੇ ਹਕੀਕਤ ਹੈ ਤੋ ਦੀਵਾਰ ਮੇਂ ਚਿਣ ਜਾਨੇ ਸੇ ।
ਡੂਬਨਾ, ਜਲਨਾ ਕਿਆ ? ਕੋਹ ਸੇ ਗਿਰਨਾ ਕੀਆ ਮਨਜ਼ੂਰ,
ਨਾਮ ਪ੍ਰਹਿਲਾਦ ਕਾ ਹੂਆ ਪ੍ਰੇਮ ਕੇ ਬੜ੍ਹ ਜਾਨੇ ਸੇ ।
ਸਮੇਂ ਦੇ ਚੱਕ ਨੇ ਚੀਰਾਏ, ਬਿਕਾ ਯੂਸਫ਼ ਸਰੇ ਬਜ਼ਾਰ,
ਗਰਜ਼ ਇੱਸ਼ਾਕ ਹੈ ਮਾਸ਼ੂਕ ਕੇ ਬਹਿਲਾਨੇ ਸੇ ।
ਖਾਲ ਸ਼ੱਮਸ਼ ਖੈਂਚੀ ਮਨਸੂਰ ਚੜ੍ਹਾਇਆ ਸੂਲੀ,
ਕਾਮ ਕਿਆ ਕਿਆ ਨਾ ਕੀਏ ਪ੍ਰੇਮ ਨੇ ਦੀਵਾਨੇ ਸੇ ।
ਨਾਮ ਜ਼ਿੰਦਾ ਹੈ ਭਭੀਖਨ ਕਾ, ਹਨੂੰਮਾਨ ਕਾ ਅਬ ਤਕ,
ਜੀ ਗਏ ਭਰਤ ਲਖਨ ਰਾਮ ਪਰ ਮਿਟ ਜਾਨੇ ਸੇ ।
ਗੋਪੀਉਂ ਕੀ ਮੁਹੱਬਤ ਸੇ ਹੈ ਉਲਫ਼ਤ ਕੋ ਨਾਜ਼,
ਪ੍ਰੇਮ ਕਾ ਅਗਰ ਹੂਆ ਪਰਸਾਰ ਅਵਤਾਰ ਤੋ ਬਰਸਾਨੇ ਸੇ ।
ਪ੍ਰੇਮ ਸੰਸਾਰ ਮੇਂ ਆਸੀ ਹੈ ਤੋ ਬਸ ਪ੍ਰੇਮ ਹੀ ਪ੍ਰੇਮ,
ਪ੍ਰੇਮ ਕੀ ਪ੍ਰੇਮ ਸੇ ਹਸਤੀ ਹੈ ਨਾ ਬੇਗਾਨੇ ਸੇ ।

'ਧੰਨ ਬਾਬਾ ਤੂੰ ਹੀ ਨਿਰੰਕਾਰ, ਧੰਨ ਬਾਬਾ ਨਾਨਕ ਤੂੰ ਹੀ ਨਿਰੰਕਾਰ ।' ਬਾਬਾ ਮਧੁਸੂਦਨ ਸਿੰਘ ਜੀ ਹਰ ਪ੍ਰਾਣ[illegible] ਨ ਰੱਜ ਰੱਜ ਕੇ ਪਿਆਰ ਕਰ ਗਏ । ਸੱਚਮੁੱਚ ਹੀ ਗੁਰੂ ਦਾ ਮਾਰਗ ਵੀ ਬੇਦੀ ਪਾਤਸ਼ਾਹਾਂ ਨੇ ਪਾਇਆ ਹੈ, ਬਾਬਾ ਮਧੁਸੂਦਨ [illegible]ਘ ਜੀ ਪ੍ਰੇਮ ਰੱਤਿਆਂ ਨੇ : —

ਗੁਰੂ ਦਾ ਮਾਰਗ ਤਿਨ੍ਹਾਂ ਨੂੰ ਮਿੱਠਾ, ਜਿਨ੍ਹਾਂ ਪਛਾਤਾ ਸਾਈਂ, ਸਭਨੀਂ ਥਾਈਂ ।
ਤਿਸ ਦੇ ਕੂਚੇ ਪ੍ਰੇਮ ਭਾਵੰਦਾ ਹੋਰਾਂ ਨੂੰ ਖ਼ਬਰਾਂ ਨਾਹੀਂ, ਮਾਰਨ ਧਾਹੀਂ ।
ਤਿਸ ਦੇ ਪ੍ਰੇਮ ਜਗਤ ਸਾਰੇ ਨੂੰ ਮੋਹ ਦੇ ਅੰਦਰ ਪਾਇਆ, ਚਿੱਤ ਭਰਮਾਇਆ ।
ਪਰ ਇਕ ਪਿਆਰਾ ਉਸ ਦਾ ਗੁਰਸਿੱਖਾਂ ਮਨ ਭਾਇਆ, ਭਰਮ ਗੰਵਾਇਆ ।
ਵਾਰ ਦਿਆਂ ਸੁਰਗ ਪੁਰੀ ਦੇ ਬਾਗ ਨੂੰ, ਤਿਸ ਦੇ ਉਪਰ ਸਾਰਾ ਨਿਰਗੁਨਿਆਰਾ ।
ਸਤਿਗੁਰ ਚਰਨ ਕਮਲ ਦੀ ਖ਼ੁਸ਼ਬੂ ਲੈ ਲੈ ਦਾਸ ਸਾਧੂ ਸਿੰਘ ਜੀਂਦਾ, ਅੰਮ੍ਰਿਤ ਪੀਂਦਾ ।
ਇਹ ਸੁਗੰਧੀ ਸਾਨੂੰ ਪਿਆਰੇ ਅਰਸ਼ ਸੁਗੰਧੀ ਦੇਂਦਾ, ਮਨ ਟੋਰੇਂਦਾ, ਜਗਤ ਤੁਰੇਂਦਾ ।
ਧੰਨ ਬਾਬਾ ਨਾਨਕ ਤੂੰ ਹੀ ਨਿਰੰਕਾਰ, ਧੰਨ ਬਾਬਾ ਤੂੰ ਹੀ ਨਿਰੰਕਾਰ ।

### ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਨੇ

# ਭਾਈ ਜਗਤਾ ਜੀ ਦੀ ਉਪਮਾ ਕਰਨੀ

'ਸ੍ਰੀ ਸੰਤ ਰਤਨ ਮਾਲ੍ਹਾ' ਕ੍ਰਿਤ ਸੰਤ ਭਾਈ ਲਾਲ ਚੰਦ ਜੀ 'ਸੇਵਾ ਪੰਥੀ' ਨੂਰਪੁਰ ਨਿਵਾਸੀ ਨੇ ਭਾਈ ਜਗਤਾ ਜੀ ਦੀਆਂ ਸਾਖੀਆਂ ਦੇ ਮੁੱਢ ਵਿਚ ਹੀ ਸਾਖੀ ਦਿਤੀ ਹੈ। ਜਿਸ ਦਾ ਸਿਰਲੇਖ ਹੈ –

'ਸ੍ਰੀ ਬਾਬਾ ਸਾਹਿਬ ਸਿੰਘ ਜੀ ਨੇ ਭਾਈ ਜਗਤਾ ਜੀ ਦੀ ਮਹਿਮਾ ਕਹਿਣੀ' ਸਾਖੀ ਇਸ ਪ੍ਰਕਾਰ ਹੈ : –

ਇਕ ਵਾਰੀ ਚਪੜਾਲ ਵਿਚ ਸ੍ਰੀ ਗੁਰੂ ਬਾਬਾ ਸਾਹਿਬ ਸਿੰਘ ਜੀ ਬੈਠੇ ਸਨ, ਭਾਈ ਬਲੂ ਸਾਹਿਬਾਂ ਦੇ ਚਰਨਾਂ ਕੋਲ ਬੈਠਾ ਸੇਵਾ ਕਰ ਰਿਹਾ ਸੀ, ਨਾਲ ਹੀ ਇਕ ਸਾਧੂ ਬੈਠਾ 'ਪਾਰਸ ਭਾਗ' ਦੀ ਪੋਥੀ ਪੜ੍ਹ ਰਿਹਾ ਸੀ। ਜਿਸ ਵਿਚ ਸਾਧਾਂ ਦੇ ਲਖਸ਼ਨ ਦਸੇ ਹੋਏ ਸੀ, ਸੰਤ ਪਰਉਪਕਾਰੀ ਹੁੰਦੇ ਹਨ ਤੇ ਪਰਮ ਉਦਾਰਤਾ ਸਿਰ ਤਕ ਨਿਭਾਉਂਦੇ ਹਨ। ਦਇਆ, ਖਿਮਾਂ, ਵੈਰਾਗ, ਮਹਾਂ ਸ਼ਾਂਤੀ ਆਦਿਕ ਦੈਵੀ ਸੰਪ੍ਰਦਾ ਦੇ ਸਾਰੇ ਗੁਣਾਂ ਦਾ ਖਜ਼ਾਨਾ ਹੁੰਦੇ ਹਨ। ਇਹ ਸੁਣ ਕੇ ਬਾਬਾ ਸਾਹਿਬ ਸਿੰਘ ਜੀ ਨੇ ਪੁਛਿਆ "ਬਲੂ ਇਨ੍ਹਾਂ ਲੱਛਣਾਂ ਵਾਲੇ ਸਾਧੂ ਅੱਗੇ ਤਾਂ ਤੁਹਾਡੇ ਵਿਚ ਬਹੁਤ ਹੁੰਦੇ ਸਨ, ਕੋਈ ਹੁਣ ਭੀ ਹੈ ?" ਤਾਂ ਭਾਈ ਬਲੂ ਨੇ ਹੱਥ ਜੋੜ ਕੇ ਆਖਿਆ :

"ਭਾਈ ਜਗਤਾ ਜੀ, ਨੂਰਪੁਰ ਥਲ ਵਿਚ ਇਸ ਸਪੇਂ ਪੂਰਨ ਮਹਾਂਪੁਰਖ ਹਨ"। ਮਾਈ ਅਨੰਤੀ ਜੀ ਵੀ ਕੋਲ ਬੈਠੀ ਸੀ। ਕਹਿਣ ਲੱਗੀ, "ਮਹਾਰਾਜ ਉਨ੍ਹਾਂ ਸੰਤਾਂ ਨੂੰ ਏਥੇ ਬੁਲਾਵੋਂ, ਦਰਸਨ ਕਰ ਲਈਏ।" ਬਾਬਾ ਸਾਹਿਬ ਸਿੰਘ ਜੀ ਕਹਿਣ ਲੱਗੇ, "ਮਾਈ ਐਸੇ ਸੰਤਾਂ ਨੂੰ ਬੁਲਾਈਦਾ ਨਹੀਂ ਸਗੋਂ ਉਨ੍ਹਾਂ ਦੇ ਦਰਸ਼ਨਾਂ ਲਈ ਚਲ ਕੇ ਜਾਈਦਾ ਹੈ। ਇਕ ਇਕ ਕਦਮ ਟੁਰ ਕੇ ਜਾਣ ਤੇ ਅਸਮੇਧ ਯੱਗ ਦਾ ਫਲ ਪ੍ਰਾਪਤ ਹੁੰਦਾ ਹੈ"। ਇਸ ਤਰ੍ਹਾਂ ਬਾਬਾ ਜੀ ਨੇ ਸੰਤਾਂ ਦੀ ਮਹਿਮਾ ਤੇ ਵਡਿਆਈ ਦਸੀ। ਹਾਲਾਂ ਕਿ ਭਾਈ ਜਗਤਾ ਸਾਹਿਬ ਜੀ ਦੇ ਸਰੀਰ ਕਰ ਕੇ ਉਨ੍ਹਾਂ ਦਰਸ਼ਨ ਵੀ ਨਹੀਂ ਸੀ ਕੀਤੇ। ਸਤਿਗੁਰਾਂ ਦਾ ਬਚਨ ਮੰਨਣਾ ਹੀ ਅਸਲ ਦਰਸਨ ਹਨ। ਭਾਈ ਜਗਤਾ ਜੀ ਨੇ ਸਤਿਗੁਰਾਂ ਦੇ ਬਚਨਾਂ ਦੀ ਕਮਾਈ ਕੀਤੀ ਜਿਸਤੋਂ ਗੁਰਾਂ ਨੇ ਪ੍ਰਸੰਨ ਹੋ ਕੇ ਬਖਸ਼ਸ਼ ਕਰ ਦਿੱਤੀ। ਸੋ ਐਸੀ ਕਰਨੀ ਵਾਲੇ ਬ੍ਰਹਮ ਗਿਆਨੀ ਮਹਾਨ ਆਤਮਾ ਭਾਈ ਜਗਤਾ ਸਾਹਿਬ ਸਨ। ਉਨ੍ਹਾਂ ਦੀ ਮਹਿਮਾ ਤੁੱਛ ਬੁਧੀ ਨਹੀਂ ਬਿਆਨ ਕਰ ਸਕਦੀ।

—ਮਹੰਤ ਤੀਰਥ ਸਿੰਘ

# ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ

## ਤੇ

# ਸੇਵਾ ਪੰਥੀ ਸੰਪ੍ਰਦਾਇ ਦੇ ਸਬੰਧ


'ਰਾਜਾ ਜੋਗੀ ਇਤਿਹਾਸ ਬਾਬਾ ਸਾਹਿਬ ਸਿੰਘ ਜੀ ਬੇਦੀ' (ਰਚਿਤ ਗਿ: ਈਸ਼ਰ ਸਿੰਘ ਜੀ ਨਾਰਾ) ਵਿਚ ਇਕ
੍ਰਕਰਣ 'ਨਨਕਾਣੇ ਪੁੱਜ ਕੇ ਸੇਵਾ ਪੰਥੀ ਸੰਪ੍ਰਦਾਇ ਦੀ ਕਥਾ ਸੁਣਾਈ' ਵਿਚ ਵਰਨਣ ਹੈ ਕਿ ਜਦੋਂ ਸ੍ਰੀ ਹਜ਼ੂਰ ਬਾਬ
ਾਹਿਬ ਸਿੰਘ ਜੀ ਪ੍ਰਵਾਰ ਸਹਿਤ ਨਨਕਾਣਾ ਸਾਹਿਬ ਵਿਖੇ ਗਏ ਤੇ ਪੰਜ ਦਿਨ ਉਥੇ ਠਹਿਰੇ।

ਇਕ ਦਿਨ ਭਾਈ ਸੇਵਾ ਸਿੰਘ ਜੀ ਨੇ ਹੱਥ ਜੋੜ ਕੇ ਪੁਛਣਾ ਕੀਤਾ—ਮਹਾਰਾਜ ! ਸੇਵਾ ਪੰਥੀ ਸੰਪ੍ਰਦਾਇ ਕਿ
ਰ੍ਹਾਂ ਚੱਲੀ ਹੈ ਅਤੇ ਆਪ ਦਾ ਪਿਆਰ ਇਨ੍ਹਾਂ ਨਾਲ ਕਿਸ ਤਰ੍ਹਾਂ ਤੇ ਕਦੋਂ ਤੋਂ ਹੋਇਆ ਹੈ। ਇਹ ਸੁਣ ਕੇ ਹਜ਼ੂਰ
ਰਮਾਇਆ - ਕਿ ਨੌਵੇਂ ਪਾਤਿਸ਼ਾਹ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵਰੋਸਾਏ ਹੋਏ ਸਿੱਖ, 'ਭਾਈ ਘਨੱਈਆ' ਜੀ ਸਨ
ਨ੍ਹਾਂ ਨੇ ਦਸਵੇਂ ਪਾਤਿਸ਼ਾਹ ਦੇ ਯੁੱਧ ਸਮੇਂ ਸ਼ਤਰੂ ਮਿੱਤਰ ਸਭਨਾਂ ਨੂੰ ਪਾਣੀ ਪਿਲਾ ਕੇ ਗੁਰੂ ਦੀ ਖੁਸ਼ੀ ਪ੍ਰਾਪਤ ਕੀ
ਤੇ ਪਿਛੋਂ ਸਾਧ ਸੰਗਤ ਦੀ ਬੇਅੰਤ ਸੇਵਾ ਕੀਤੀ। ਫੇਰ ਇਨ੍ਹਾਂ ਦੇ ਸੇਵਕ 'ਭਾਈ ਸੇਵਕ ਰਾਮ' ਸਨ, ਜਿਨ੍ਹਾਂ ਦੇ ਸੇਵ
ੱਗੋਂ 'ਭਾਈ ਅੱਡਣ ਸ਼ਾਹ' ਜੀ ਹੋਏ । ਸੇਵਾ ਤੇ ਬੰਦਗੀ ਦੇ ਬਲ ਨਾਲ ਇਨ੍ਹਾਂ ਦਾ ਵੱਡਾ ਪ੍ਰਤਾਪ ਵਧਿਆ ਸੀ। ਇਨ੍
ੀ ਸੰਗਤ ਦੇ 'ਭਾਈ ਦੂਖ ਭੰਜਣ ਜੀ' ਹੋਏ, ਜੋ ਸਾਡੀ ਸੇਵਾ ਵਿਚ ਬਹੁਤ ਸਮਾਂ ਰਹੇ ਤੇ ਚਪੜਾਲ ਵਿਚ ਉਨ੍ਹਾਂ ਦ
ਕਾਲ ਚਲਾਣਾ ਹੋਇਆ ਸੀ। ਭਾਈ ਦੂਖ ਭੰਜਨ ਜੀ ਬਹੁਤ ਸ਼ਾਂਤ ਸਰੂਪ ਤਿਆਗੀ ਤੇ ਜਿੱਤੇਂਦਰੇ ਸਨ। ਇਨ੍ਹਾਂ
ਜੋਗ ਤੇ ਪਿਆਰ ਕਰ ਕੇ ਉਨ੍ਹਾਂ ਦੇ ਮੇਲੀ ਸਾਡੇ ਨਾਲ ਮਿਲੇ ਹੋਏ ਤੇ ਸੇਵਾ ਪਿਆਰ ਵਿਚ ਰੰਗੇ ਰਹਿੰਦੇ ਹਨ। ਇ
ਕਾਰ ਦਾ ਗੁਰੂ ਘਰ ਨਾਲ ਧੁਰੋਂ ਹੀ ਮੇਲ ਹੈ ਤੇ ਹੁਣ ਤੀਕ ਇਹ ਸੇਵਾ ਪੰਥੀ ਸਿਦਕ ਸਬੂਰੀ ਵਿਚ ਰਹਿੰਦੇ ਹ
ਾਡੇ ਨਾਲ ਮਿਲੇ ਹੀ ਚਲੇ ਆਉਂਦੇ ਹਨ । ਇਸ ਤਰ੍ਹਾਂ ਦਾ ਨਿਰਨਾ ਬਾਬਾ ਜੀ ਦੀ ਰਸਨਾਂ ਤੋਂ ਸੁਣ ਕੇ ਭਾ
ਵਾ ਸਿੰਘ ਆਦਿਕ ਸਾਰੀ ਸੰਗਤ ਬਹੁਤ ਪ੍ਰਸੰਨ ਹੋਈ।

—ਮਹੰਤ ਤੀਰਥ ਸਿੰਘ

# ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

(ਸੰਤ ਮੰਗਲ ਸਿੰਘ ਜੀ)



ਸਤਿਕਾਰ ਸਹਿਤ ਪ੍ਰੇਮ ਪਿਆਰ ਅਤੇ ਸ਼ਰਧਾ ਦੇ ਫੁੱਲ ਸ੍ਰੀ ਹਜ਼ੂਰ ਪੁਰ ਨੂਰ ਫ਼ੈਜ਼ ਗੰਜੂਰ ਬਾਬਾ ਮਧੁਸੂਦਨ ਸਿੰਘ ਜੀ ਸ੍ਰੀਮਾਨ 108 ਪ੍ਰਮ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਨਾਨਕ ਸਰ ਵਾਲਿਆਂ ਤੋਂ ਵਰੋਸਾਏ ਹੋਏ ਸਨ ਤਾਹੀਉਂ ਤਾਂ ਉਹ ਬੜੇ ਪਿਆਰ ਸਤਿਕਾਰ ਨਾਲ ਧੰਨ ਧੰਨ ਧੰਨ ਬਾਬਾ ਨੰਦ ਸਿੰਘ ਸਾਹਿਬ ਬਾਉਲੀ ਤੇ ਆ ਕੇ ਬਾਬਾ ਨੰਦ ਸਿੰਘ ਜੀ ਮਹਾਰਾਜ ਦੀ ਹਰ ਬਰਸੀ ਤੇ ਸੰਗਤਾਂ ਨੂੰ ਪ੍ਰੇਮ ਰੂਪੀ ਸ਼ਬਦਾਂ ਦੇ ਫੁੱਲਾਂ ਦੀ ਵਰਖਾ ਕਰਦੇ ਸਨ ਅਤੇ ਆਖਿਆ ਕਰਦੇ ਸਨ 'ਲੰਗਰ ਚੱਲੇ ਗੁਰ ਸ਼ਬਦ ਤੋਟ ਨਾ ਆਵੇ ਖੱਟੀਐ' ਅਤੇ ਗੁਰ ਸ਼ਬਦਾਂ ਦੇ ਲੰਗਰ ਤੋਂ ਬਿਨਾਂ ਸਰੀਰਕ ਨਿਰਬਾਹ ਲਈ ਅਤੁੱਟ ਲੰਗਰ ਬਾਉਲੀ ਸਾਹਿਬ ਤੇ ਲਾਉਂਦੇ ਸਨ ਅਤੇ ਗੁਰਬਾਣੀ ਰੂਪੀ ਪ੍ਰੇਮ ਦਿਆਂ ਫੁੱਲਾਂ ਦੀ ਵਰਖਾ ਕਰਦੇ ਸਨ ਇਨ੍ਹਾਂ ਦੇ ਦੀਵਾਨ ਵਿਚ ਅਨੇਕਾਂ ਮਹਾਂ ਪੁਰਸ਼ ਰਾਗੀ, ਢਾਡੀ ਕਵੀਸ਼ਰ ਗੁਰੂ ਘਰ ਦੇ ਕੀਰਤਨੀਏਂ ਵਰੋਸਾਉਂਦੇ ਸਨ। ਉਨ੍ਹਾਂ ਦੇ ਹੀ ਲਫਜ਼ਾਂ ਵਿਚ ਪ੍ਰੇਮ ਪਿਆਰ ਦੇ ਫੁੱਲਾਂ ਸੰਬੰਧੀ ਸ਼ਰਧਾਂਜਲੀ ਅਰਪਨ ਕਰਦਾ ਹਾਂ :

ਪ੍ਰੇਮ ਦਾ ਫੁੱਲ ਸਾਰਿਆਂ ਫੁੱਲਾਂ ਤੋਂ ਜ਼ਿਆਦਾ ਖ਼ੂਬਸੂਰਤ ਫੁੱਲ ਹੈ, ਇਹ ਬੜਾ ਕੀਮਤੀ ਫੁੱਲ ਹੈ। ਬਾਗਾਂ, ਬਗੀਚੀਆਂ ਫੁਲਵਾੜੀਆਂ ਵਿਚ ਇਹ ਫੁੱਲ ਨਹੀਂ ਮਿਲੂਗਾ ? ਇਸ ਨੂੰ ਢੂੰਡਣਾਂ ਚਾਹੋ ਤਾਂ ਕਿਸੇ ਭਗਤ ਦਾ ਦਿਲ ਢੂੰਡੋ ਇਹ ਅਕਾਲ ਪੁਰਖ ਦੇ ਚਰਨਾਂ ਦੀ ਭਗਤੀ ਰੂਪੀ ਬੇਲ ਦਾ ਫੁੱਲ ਹੈ। ਇਸ ਲਈ ਕਿਣਕਾ ਮਾਤਰ ਭੀ ਕੋਸ਼ਿਸ਼ ਕਰਨ ਦੀ ਜ਼ਰੂਰਤ ਨਹੀਂ ਹੈ। ਜਦੋਂ ਦਿਲ ਵਿਚ ਸੱਚੀ ਸੁੱਚੀ ਅਤੇ ਕੁਦਰਤੀ ਤੜਪ ਵਾਹਿਗੁਰੂ ਲਈ ਪੈਦਾ ਹੁੰਦੀ ਹੈ ਤਾਂ ਇਹ ਫੁੱਲ ਉੱਗੇ ਬਿਨਾਂ ਨਹੀਂ ਰਹਿ ਸਕਦਾ। ਜਿਸ ਤਰ੍ਹਾਂ ਮੱਛੀ ਪਾਣੀ ਤੋਂ ਬਿਨਾਂ ਨਹੀਂ ਰਹਿ ਸਕਦੀ। ਜਿਵੇਂ ਸੂਰਜ ਮੁਖੀ ਫੁੱਲ ਸੂਰਜ ਤੋਂ ਬਿਨਾਂ ਨਹੀਂ ਰਹਿ ਸਕਦਾ। ਜਿਵੇਂ ਇਸਤ੍ਰੀ ਪਤੀ ਤੋਂ ਬਿਨਾਂ ਨਹੀਂ ਰਹਿ ਸਕਦੀ। ਏਵੇਂ ਹੀ ਇੱਕ ਭਗਤ ਇਕ ਛਿਣ ਮਾਤਰ ਵੀ ਵਾਹਿਗੁਰੂ ਅਕਾਲ ਪੁਰਸ਼ ਦੀ ਮੌਜੂਦਗੀ ਮਹਿਸੂਸ ਕੀਤੇ ਬਿਨਾਂ ਨਹੀਂ ਰਹਿ ਸਕਦਾ। ਸ੍ਰੀ ਹਜ਼ੂਰ ਬਾਬਾ ਮਧਸੂਦਨ ਸਿੰਘ ਜੀ ਬੇਦੀ ਸਾਹਿਬ ਫੁਰਮਾਇਆ ਕਰਦੇ ਸਨ—ਗੁਰੂ ਸੰਗਤ ਇਸ ਜੀਭ ਨੂੰ ਨਾਮ ਜਪਣ ਤੇ ਲਾਈ ਰੱਖੋ ਤੇ ਗੁਰ ਮੰਤਰ ਦਾ ਜਾਪ ੧ਓ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤ ਅਜੂਨੀ ਸੈਭੰ ਗੁਰ ਪ੍ਰਸਾਦਿ ਜਪੁ ਆਦਿ ਸਚੁ ਜੁਗਾਦਿ ਸਚ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਪੰਜ ਵਾਰ ਸੰਗਤਾਂ ਤੋਂ ਜਾਪ ਕਰਵਾਇਆ ਕਰਦੇ ਸਨ। ਗੱਲ ਕੀ ਪ੍ਰੇਮ ਅੰਮ੍ਰਿਤ ਹੈ। ਇਹ ਆਜ਼ਾਦੀ ਦੁਆਉਂਦਾ ਹੈ। ਅਤੇ ਜਨਮ ਮਰਨ ਦੇ ਸੰਸਾਰਕ ਚੱਕਰਾਂ ਨੂੰ ਖ਼ਤਮ ਕਰਦਾ ਹੈ। ਇਹ ਪ੍ਰੇਮੀ ਨੂੰ ਪੂਰੀ ਤਸੱਲੀ ਬਖਸ਼ਦਾ ਹੈ। ਵਾਹਿਗੁਰੂ ਸੱਚ ਹੈ ਇਸੇ ਤਰ੍ਹਾਂ ਪ੍ਰੇਮ ਸੱਚ ਹੈ। ਅਕਾਲ ਪੁਰਖ ਸਾਰੀਆਂ ਰੋਸ਼ਨੀਆਂ ਦੀ ਰੋਸ਼ਨੀ ਹੈ। ਧੰਨ ਬਾਬਾ ਨਾਨਕ ਤੂੰ ਹੀ ਨਿਰੰਕਾਰ ਸ਼ਾਂਤੀ ਹੈਂ। ਅਕਾਲ ਪੁਰਖ ਮੁਜੱਸਮ ਆਨੰਦ ਹੈ ਅਤੇ ਗਿਆਨ ਹੈ। ਵਾਹਿਗੁਰੂ ਲਾ ਇੰਤਹਾ ਖ਼ੂਬਸੂਰਤੀ ਹੈ। ਨਿੱਤ ਸੁੱਖ ਅਤੇ ਪਰਮ ਸ਼ਾਂਤੀ ਨਾਨਕ ਨਿਰੰਕਾਰ ਤੋਂ ਹੀ ਮਿਲ ਸਕਦੀ ਹੈ। ਇਕ ਵਿਦਿਆਰਥੀ ਨੇ ਆਪਣੇ ਕਲਾਸ ਫੈਲੋ ਵਿਦਿਆਰਥੀ ਤੋਂ ਪੁੱਛਿਆ 'ਦੇਖੋ ਭਈ ਜੇ ਤੁਸੀਂ ਮੈਨੂੰ ਦੱਸ ਸਕੋਂ ਕਿ ਨਾਨਕ ਨਿਰੰਕਾਰ ਕਿੱਥੇ ਹੈ ? ਤਾਂ ਮੈਂ ਤੁਹਾਨੂੰ ਇੱਕ ਰੁਪਿਆ ਇਨਾਮ ਵਜੋਂ ਦੇਵਾਂਗਾ।' ਉਸ ਦੇ ਕਲਾਸ ਫ਼ੈਲੋ ਦੂਜੇ ਵਿਦਿਆਰਥੀ ਨੇ ਤੁਰੰਤ ਉੱਤਰ ਦਿੱਤਾ

'ਪਿਆਰੇ ਪ੍ਰੇਮ ਰੱਤੇ ਸੱਚ ਵਿਚ ਮੱਤੇ ।' ਭਾਈ ਸਾਹਿਬ ਮੈਂ ਤੁਹਾਨੂੰ 10 ਰੁਪਏ ਇਨਾਮ ਦੇਵਾਂਗਾ ਜੇ ਤੁਸੀਂ ਇਹ ਦੱਸ ਸਕੋਂ ਕਿ ਨਾਨਕ ਨਿਰੰਕਾਰੀ ਕਿੱਥੇ ਨਹੀਂ ਹੈ ? ਵਾਹਿਗੁਰੂ ਇਸ ਬ੍ਰਹਿਮੰਡ ਦਾ ਮਾਲਕ ਹੈ ਪ੍ਰੰਤੂ ਉਹ ਇਨ੍ਹਾਂ ਸਰੀਰਕ ਅੱਖਾਂ ਤੋਂ ਓਝਲ ਹੈ ਨਜ਼ਰ ਨਹੀਂ ਆਉਂਦਾ । ਇਨ੍ਹਾਂ ਤਮਾਮ ਚੀਜ਼ਾਂ ਦੇ ਅੰਦਰ ਛੁਪਿਆ ਹੋਇਆ ਹੈ । ਉਹੋ ਇਨ੍ਹਾਂ ਦੇ ਅੰਦਰ ਰਹਿਣ ਵਾਲਾ ਸੱਚ ਜਾਂ ਖੁਸ਼ਬੂਦਾਰ ਅਤਰ ਹੈ । ਤਾਤਪਰਜ ਇਹ ਹੈ ਕਿ ਇੱਕ ਰੌਸ਼ਨ ਅਤੇ ਮੁਨਵਰ ਹਸਤੀ ਹਰ ਜਾਨਦਾਰ ਵਿਚ ਲੁਕੀ ਹੋਈ ਹੈ । ਸਰਬ ਵਿਆਪਕ ਹੈ ਸਾਰਿਆਂ ਜੀਵਾਂ ਦਾ ਅੰਤਰ ਆਤਮਾਂ, ਸਾਰਿਆਂ ਦੇ ਕਰਮਾਂ ਨੂੰ ਵੇਖਦਾ ਹੈ । ਸਾਰਿਆਂ ਜਾਨਦਾਰਾਂ ਦੇ ਅੰਦਰ ਰਹਿੰਦਾ ਹੈ ਸ਼ਾਕਸ਼ੀ ਹੈ, ਸ਼ਾਖਸ਼ਾਤ ਹੈ । ਸ਼ੁੱਧ ਚੇਤਨ ਸਰੂਪ ਅਤੇ ਨਿਰਗੁਣ ਹੈ । ਇਸੇ ਤਰ੍ਹਾਂ ਵੇਦਾਂ ਵਿਚ ਵੀ ਲਿਖਿਆ ਹੈ ਕਿ ਇਹ ਆਤਮਾਂ ਜਾਂ ਨਿਰੰਕਾਰ ਸਾਰਿਆਂ ਜੀਵਾਂ ਦੇ ਅੰਦਰ ਲੁਕਿਆ ਹੋਇਆ ਹੈ, ਇਕ ਤੇਜ਼ ਜਾਂ ਸੁਧ ਬੁੱਧੀ ਜਾਂ ਅੰਸ਼ਾਂ ਬੰਸਾਂ ਦੁਆਰਾ ਗੁਰੂ ਦਰੋਂ ਘਰੋਂ ਵਰੋਸਾਇਆ ਹੋਇਆ ਬਾਬਾ ਮਧੁਸੂਦਨ ਸਿੰਘ 108 ਬੇਦੀ ਪਾਤਸ਼ਾਹ ਜੈਸੇ ਹੀ ਅਨੁਭਵ ਕਰ ਸਕਦੇ ਹਨ । ਜਿਵੇਂ ਬੀਜਾਂ ਵਿਚ ਤੇਲ, ਦੁੱਧ ਵਿਚ ਮੱਖਣ, ਦਿਮਾਗ ਵਿਚ ਮਨ, ਲੱਕੜੀ ਵਿਚ ਅੱਗ, ਪਾਣੀ ਵਿਚ ਖੰਡ ਜਾਂ ਨੂਨ (ਨਮਕ) ਸ਼ੱਕਰ, ਫੁੱਲਾਂ ਵਿਚ ਖ਼ੁਸ਼ਬੂ ਗ੍ਰਾਮੋਫ਼ੂਨ ਰੀਕਾਰਡ ਵਿਚ ਆਵਾਜ਼, ਖ਼ੂਨ ਵਿਚ ਕੀੜੇ ਤਾਰਾਂ ਵਿਚ ਬਿਜਲੀ ਅਤੇ ਬੱਦਲਾਂ ਵਿਚ ਸੂਰਜ ਲੁਕਿਆ ਹੈ । ਇਵੇਂ ਹੀ ਧੰਨ ਧੰਨ ਧੰਨ ਬਾਬਾ ਨਾਨਕ ਤੂੰ ਹੀ ਨਿਰੰਕਾਰ ਸਭ ਸੰਸਾਰਕ ਚੀਜ਼ਾਂ ਬ੍ਰਹਿਮੰਡਾਂ ਖੰਡਾਂ ਵਿਚ ਲੁਕਿਆ ਹੋਇਆ ਹੈਂ । ਜਿਵੇਂ ਹੈਜ਼ਾ ਬੁਖਾਰ ਅਤੇ ਤਪਦਿੱਕ ਦੇ ਜਿਰਮ ਖ਼ੁਰਦਬੀਨ ਦੁਆਰਾ ਵੇਖੇ ਜਾਂਦੇ ਹਨ ਇਵੇਂ ਹੀ ਅਕਾਲ ਪੁਰਖ ਵਾਹਿਗੁਰੂ ਨੂੰ ਭੀ ਗਿਆਨ ਚੱਖਸ਼ੂ ਜਾਂ ਅਕਲ ਦੀ ਅੱਖ ਦੇ ਨਾਲ ਵੇਖਿਆ ਜਾਂਦਾ ਹੈ ਜਿਹੜਾ ਕਿ ਸ੍ਰੀ ਅਰਜਨ ਜੀ ਨੂੰ ਭਗਵਾਨ ਕ੍ਰਿਸ਼ਨ ਜੀ ਮਹਾਰਾਜ ਅਤੇ ਵੇਦ ਵਿਆਸ ਜੀਆਂ ਦੀ ਅਪਾਰ ਕ੍ਰਿਪਾ ਦ੍ਰਿਸ਼ਟੀ ਦੁਆਰਾ ਮਿਲੀ ਸੀ ! 'ਪ੍ਰੇਮ ਨਾ ਬਾੜੀ ਉਪਜੈ ਪ੍ਰੇਮ ਨਾ ਹਾਟ ਬਿਕਾਏ ! ਰਾਜਾ ਰਾਣਾ ਜਿਹ ਰੁਚੇ ਸੀਸ ਦੀਏ ਲੈ ਜਾਏ !!' ਸ੍ਰੀ ਹਜ਼ੂਰ ਪੁਰ ਨੂਰ ਫ਼ੈਜ਼ ਗੰਜੂਰ ਬਾਬਾ ਮਧੁਸੂਦਨ ਸਿੰਘ ਜੀ ਮਹਾਰਾਜ ਬੇਦੀ ਸਾਹਿਬ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਦੇ ਆਧਾਰ ਤੇ ਸੱਚਾ ਸੁੱਚਾ ਪ੍ਰੇਮ ਅੰਮ੍ਰਿਤ ਮਈ ਜੀਵਨ ਅਜੂਨੀ ਪੱਤ੍ਰਕਾ ਚਲਾ, ਨਿਰੋਲ ਧਾਰਮਿਕ ਪ੍ਰਚਾਰ ਕਰਕੇ ਜੱਸ ਖੱਟਿਆ ਅਤੇ ਧਾਰਮਕ ਪ੍ਰਚਾਰ ਦੇ ਨਾਲ ਨਾਲ ਅੰਮ੍ਰਿਤ ਪ੍ਰਚਾਰ ਅਤੇ ਅੰਮ੍ਰਿਤ ਛਕਾ ਕੇ ਹਜ਼ਾਰਾਂ ਪ੍ਰਾਣੀਆਂ ਨੂੰ ਗੁਰੂ ਦੇ ਲੜ ਲਾਇਆ ਉਨ੍ਹਾਂ ਦੇ ਨਮਿੱਤ ਯਾਦਗਾਰੀ ਅਜੂਨੀ ਪੱਤ੍ਰਕਾ ਅੰਕ ਕੱਢਣਾ ਤਦੇ ਹੀ ਸਫ਼ਲ ਹੈ । ਜੇ ਬਾਬਾ ਜੀ ਦੇ ਪਾਇਆਂ ਪੂਰਣਿਆਂ ਤੇ ਚੱਲਿਆ ਜਾਵੇ । ਸਤਿਨਾਮ ਵਾਹਿਗੁਰੂ ਨਾਮ ਚਿੱਤ ਆਵੇ ।



**ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ, ਨਾਨਕਸਰ ਕਲੇਰਾਂ (ਜਗਰਾਉਂ)**

# ਆਵੋ ਆਵੋ ਪ੍ਰੇਮ-ਤਰੰਗੋ (ਗੀਤ)

(ਸੇਵਾ ਸਿੰਘ "ਮਾਨ")

ਆਵੋ ਆਵੋ ਪ੍ਰੇਮ-ਤਰੰਗੋ
ਆਵੋ ਆਵੋ ਨਾਮ-ਸੁਗੰਧੋ
ਰੰਗ ਬਸੰਤੀ ਰੂਪ ਬਸੰਤੀ, ਲੱਖ ਬਸੰਤਾਂ ਅੰਦਰ ਖਿਲੀਆਂ।
ਲੱਖਾਂ ਦੀਪਕ ਦੀਵਾਲੀ ਦੇ, ਝਿਲਮਿਲ ਝਿਲਮਿਲ ਜੋਤਾਂ ਮਿਲੀਆਂ।
ਚੋਲਾ ਰੰਗ ਮਜੀਠੀ ਰੰਗੋ।
ਆਵੋ ਆਵੋ ਪ੍ਰੇਮ-ਤਰੰਗੋ।
ਆਵੋ ਆਵੋ ਨਾਮ-ਸੁਗੰਧੋ।
ਨਾਮ ਖ਼ੁਮਾਰੀ ਪਿਆਰੀ ਪਿਆਰੀ, ਲੋਰ ਨਸ਼ੇ ਦੀ ਨਿਆਰੀ ਨਿਆਰੀ!
ਪੈਰ ਨ ਥਿੜਕੇ ਦਿਲ ਨਾ ਧੜਕੇ, ਇਕ ਰਸ ਝੂਮ ਝੁਮੇਂਦੀ ਵਾਰੀ!
ਮੰਗੋ ਪ੍ਰੀਤ-ਪਿਆਲੇ ਮੰਗੋ।
ਆਵੋ ਆਵੋ ਪ੍ਰੇਮ-ਤਰੰਗੋ।
ਆਵੋ ਆਵੋ ਨਾਮ-ਸੁਗੰਧੋ।
ਰਾਗ ਅਨੂਠਾ ਗੂੰਜੇ ਸਾਰੇ, ਸਾਜ਼ ਵਜੀਂਦੇ ਨਿਆਰੇ ਨਿਆਰੇ!
ਸ਼ਬਦ ਸੁਣੀਵੇ ਅਨਹਦ ਗੂੰਜੇ, ਆਨੰਦ ਲਹਿਰੇ ਸਾਰੇ ਸਾਰੇ!
ਕੰਬੋ ਨੀ ਸਭ ਤਾਰੋ ਕੰਬੋ।
ਆਵੋ ਆਵੋ ਪ੍ਰੇਮ-ਤਰੰਗੋ।
ਆਵੋ ਆਵੋ ਨਾਮ-ਸੁਗੰਧੋ।
ਵਾਰੀ! ਵਾਰੀ! ਘੋਲੀ! ਘੋਲੀ!, ਸਾਕੀ ਨੇ ਅੱਖ ਖੋਲ੍ਹੀ ਖੋਲ੍ਹੀ!
ਅਧ-ਮੀਟੇ ਨੈਣਾਂ 'ਚੋਂ ਚਮਕੀ, ਨੂਰੀ ਜੋਤੀ ਹੌਲਕੀ ਪੋਲੀ!
ਨਦਰੀ ਨਦਰ ਨਿਹਾਲ ਹੋ ਅੰਗੋ।
ਆਵੋ ਆਵੋ ਪ੍ਰੇਮ-ਤਰੰਗੋ।
ਆਵੋ ਆਵੋ ਨਾਮ-ਸੁਗੰਧੋ।
ਝਿਮ ਝਿਮ ਝਿਮ ਝਿਮ ਝੜੀਆਂ ਲੱਗੀਆਂ, ਖਿਲ ਖਿਲ ਖਿਲ ਖਿਲ ਝੁਕੀਆਂ ਕਲੀਆਂ।
ਧਰਤੀ ਦੀ ਹਰ ਨੁੱਕਰ ਦੇ ਵਿੱਚ, ਸੁੰਦਰ ਸੁਹਲ ਸੁਗਾਤਾਂ ਸਜੀਆਂ।
"ਮਾਨ" ਦੇ ਢੌਏ ਸੀਸ ਤੇ ਟੰਗੋ।
ਆਵੋ ਆਵੋ ਪ੍ਰੇਮ-ਤਰੰਗੋ।
ਆਵੋ ਆਵੋ ਨਾਮ ਸੁਗੰਧੋ।

# ਜ਼ਾਹਰ ਪੀਰ ਜਗਤ ਗੁਰ ਬਾਬਾ



(ਸੰਤ ਜੰਗੀਰ ਸਿੰਘ ਜੀ ਮਹੰਤ)
ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਬਾਬਾ ਸਾਹਿਬ ਸਿੰਘ ਜੀ ਬੇਦੀ
ਅਖਾੜਾ ਤਹਿਸੀਲ ਜਗਰਾਉਂ, ਜ਼ਿਲਾ ਲੁਧਿਆਣਾ (ਪੰਜਾਬ)

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਲਜੁਗੀ ਜੀਵਾਂ ਦੀ ਕਲਿਆਣ ਵਾਸਤੇ ਵੰਸ਼ ਵਿਚ ਪ੍ਰਗਟ ਹੋਏ ਹਨ
ਾਖੰਡੀ ਆਦਮ ਖੋਰ, ਮਜਲੂਮਾ ਦਾ ਖੂਨ ਪੀਣ ਵਾਲੇ ਧਰਮ ਤੋਂ ਸਖਣੇ ਹੰਕਾਰੀ ਧਖੇਬਾਜ਼, ਬੇਰਹਿਮ, ਕਾਤਲ ਕੌਡੇ ਰਾਖ
ਲਕ ਭਾਗੋ ਵਰਗੇ ਬੇਇਨਸਾਫ ਲੋਕਾਂ ਦੇ ਸੁਧਾਰ ਵਾਸਤੇ ਸੱਚ ਤੇ ਧਰਮ ਦਾ ਹੋਕਾ ਦੇਣ ਵਾਸਤੇ ਇਲਾਹੀ ਬਾਣੀ ਦੀ
ਨਾਂ ਨਾਲ ਮਾਤ ਲੋਕ ਦੇ ਵਾਯੂ ਮੰਡਲ ਨੂੰ ਸ਼ੁਧ ਤੇ ਪਵਿਤਰ ਕਰਨ ਵਾਸਤੇ 'ਚੜਿਆ ਸੋਧਣ ਧਰਤ ਲੁਕਾਈ' ਗੁਰੂ ਜੀ
ਾਰ ਉਦਾਸੀਆਂ ਧਾਰਨ ਕੀਤੀਆਂ। ਰਿਧੀਆਂ ਸਿਧੀਆਂ ਦਾ ਭੁਲੇਖਾ ਪਾਉਣ ਵਾਲੇ ਕੰਨ ਪਾਟੇ ਨੂੰ ਸੁਮੇਰ ਪਰਬਤ ਦੇ ਵਾ
ਗੀਆਂ ਨੂੰ ਹਿੰਮਤ ਤੇ ਦਲੇਰੀ ਨਾਲ ਉਨ੍ਹਾਂ ਦੇ ਪ੍ਰਸ਼ਨ ਦਾ ਉਤਰ ਦੇ ਕੇ ਕਿਹਾ ਜੋਗੀ 'ਗਿਆਨ ਵਿਹੂਣਿਆਂ ਨਿਸ ਦਿ
ਗ ਲਗਾਇਕ ਛਾਰਾ ਬਾਝ ਗੁਰੂ ਡੁਬਾ ਜਗ ਸਾਰਾ' ਲੋਕਾਂ ਤੋਂ ਪੂਜਾ ਕਰਵਾਉਣ ਵਾਲਿਓ ਤੁਸੀਂ ਪਰਬਤਾਂ ਅੰਦਰ ਲੁਕੇ ਬੈ
, ਸੰਸਾਰ ਦੀ ਕਲਿਆਣ ਕੌਣ ਕਰੇਗਾ, ਕੋਈ ਵੀ ਸ਼ਕਤੀਵਾਲਾ ਨਹੀਂ ਦਿਸ ਰਿਹਾ, ਜਿਹੜਾ ਨਿਘਰਦੇ ਸੰਸਾਰ ਨੂੰ ਬ
ਕੇ, 'ਥੰਮੇ ਕੋਇ ਨਾ ਸਾਧ ਬਿਨ ਸਾਧ ਨਾ ਦਿਸੇ ਜਗ ਵਿਚ ਕੋਯਾ' ਬੇਦੀ ਬੰਸ ਦੀਆਂ ਕਰਾਮਾਤਾਂ ਨੇਤਰਾਂ ਦੀ ਅੰਮ੍ਰਿਤ ਸ਼ਕ
ਾਲ ਜ਼ਹਿਰ ਵਰਗੇ ਕੌੜੇ ਰੀਠੇ ਦਾ ਸ਼ਹਿਦ ਵਰਗਾ ਮਿਠਾ ਹੋ ਜਾਣਾ, ਤੇਲ ਦੇ ਤਪਦੇ ਕੜਾਹੇ ਦਾ ਬਰਫ ਵਾਂਗੂ ਠਰ ਜਾਣ
ਥਰਾਂ ਦਾ ਮੋਮ ਬਣ ਜਾਣਾ, ਸਮੁੰਦਰ ਨੇ ਰਸਤਾ ਦੇ ਦੇਣਾ ਅਕਾਸ਼ ਵਿਚ ਉਡਾਰੀ ਮਾਰ ਜਾਣੀ, ਫੁਰਨੇ ਨਾਲ ਹਜ਼ਾਰਾਂ ਮੀ
ਤੋਂ ਸੁਲਤਾਨ ਪੁਰ ਜਾਣ, ਦੁੱਧ ਦੇ ਭਰੇ ਕਟੋਰਿਆਂ ਵਿਚ ਚੰਬੇਲੀ ਦੇ ਫੁਲ ਵਾਂਗੂ ਸਮਾਂ ਜਾਣ, ਚਰਨਾਂ ਦੀ ਪਾਵਨ ਛੋਹ ਨਾ
ਕੇ ਬਾਗਾਂ ਦਾ ਹਰੇ ਭਰੇ ਹੋ ਜਾਣ, ਬਿਰਛਾਂ ਨਾਲੋਂ ਮਠਿਆਈਆਂ ਝੜਾ ਦੇਣੀਆਂ, ਗਲੀਆਂ ਤੇ ਸੜੀਆਂ ਮੁਰਦਾ ਲਾਸ਼ਾਂ
ਅੰਮ੍ਰਿਤ ਰੂਪ ਪ੍ਰਸ਼ਾਦ ਬਣਾ ਦੇਣ ਵਾਲੇ ਧੰਨ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਹਨ। ਬੇਦੀ ਬੰਸ ਦੇ ਸਾਹਿਬਜ਼ਾ
ਉਦਾਸੀ ਸੰਪ੍ਰਦਾ ਦੇ ਬਾਨੀ ਬਾਬਾ ਸ੍ਰੀ ਚੰਦ ਜੀ ਸੂਰਬੀਰ ਬਚਨ ਕੇ ਵਲੀ ਜਤੀ ਸਤੀ ਧੀਰਜਵਾਨ ਤਿਆਗੀ ਵੈਰਾਗੀ ਮ
ੁਰਸ਼ ਹੋਏ ਹਨ। ਬੇਦੀ ਬੰਸ ਨੂੰ ਸੰਸਾਰ ਵਿਚ ਸਦਾ ਲਈ ਰੌਸ਼ਨ ਕਰਨ ਵਾਲੇ ਆਪਣੇ ਛੋਟੇ ਭਰਾਤਾ ਦੇ ਅਕਾਸ਼ ਵਿ
ਸਮੇਤ ਘੋੜੇ ਚਲੇ ਜਾਣ ਤੇ ਆਪਣੇ ਭਤੀਜੇ ਧਰਮ ਚੰਦ ਜੀ ਨੂੰ ਆਪਣੀ ਲੰਬੀ ਬਾਂਹ ਕਰਕੇ ਆਪਣੇ ਧੂਏਂ ਕੋਲ਼ ਲੈ ਆਉਣ
ਅਤੇ ਧਰਮ ਚੰਦ ਜੀ ਦਾ ਜੰਗਲ ਵਿਚ ਸ਼ੇਰਨੀ ਦੇ ਛੋਟੇ-2 ਬੱਚਿਆਂ ਨਾਲ ਖੇਡਣਾ ਇਹ ਬੇਦੀ ਬੰਸ ਦਾ ਕ੍ਰਿਸ਼ਮਾ ਹੈ। ਬਾਬ
ਸਾਹਿਬ ਸਿੰਘ ਜੀ ਬੇਦੀ ਦੇ ਅੰਸ਼ ਦੇ ਰੌਸ਼ਨ ਮੀਨਾਰ ਸ੍ਰੀ ਬਾਬਾ ਦਵਿੰਦਰ ਸਿੰਘ ਜੀ ਮਹਾਰਾਜ ਜਿਨ੍ਹਾਂ ਨੇ ਆਪਣੇ ਸਮੇਂ ਵਿਚ ਘਰ
ਘਰਾਂ ਵਿਚ ਪਹੁੰਚ ਕੇ ਗੁਰੂ ਕੀ ਸਿਖੀ ਦਾ ਧਰਮ ਪ੍ਰਚਾਰ ਕੀਤਾ ਜੋ ਆਪਣੇ ਨਾਲ ਬਹੁਤ ਸੁੰਦਰ ਕੀਰਤਨ ਕਰਨ ਵਾਲਾ ਰਾਗ
ਜਥਾ ਰਖਿਆ ਕਰਦੇ ਸਨ, ਉਨਾ ਸਾਹਿਬ ਦੀ ਪਵਿਤਰ ਧਰਮੀ ਤੇ ਜਨਮ ਦਿਨ ਬਾਬਾ ਸਾਹਿਬ ਸਿੰਘ ਜੀ ਦਾ ਸਲਾਨਾ ਜੋ
ਮੇਲਾ 13-14-15 ਚੇਤਰ ਵਾਲੇ ਦਿਨ ਮਨਾਉਣ ਦਾ ਪ੍ਰੋਗਰਾਮ ਬਣਾ ਕੇ ਸ਼ਰਧਾਲੂ ਗੁਰ ਸਿਖਾਂ ਨੂੰ ਜੋੜ ਮੇਲੇ ਤੇ ਪਹੁੰਚਣ ਲਈ
ਪ੍ਰੇਰਨਾ ਕੀਤੀ ਅਤੇ ਆਪਣਾ ਸਾਰਾ ਜੀਵਨ ਗੁਰੂ ਘਰ ਸੇਵਾ ਤੇ ਸਿਮਰਨ ਵਿਚ ਲਾ ਕੇ ਵਾਹਿਗੁਰੂ ਦੇ ਭਾਣੇ ਵਿਚ ਸਚਖੰਡ

ਰਾਜੇ ਬਾਬਾ ਦਵਿੰਦਰ ਸਿੰਘ ਜੀ ਦੇ ਸਾਹਿਬਜਾਦੇ ਪੂਜਨੀਯ ਮਹਾਂਪੁਰਸ਼ ਬੇਦੀ ਬੰਸ ਦੇ ਉਚੇ ਤੇ ਸੁਚੇ ਜੀਵਨ ਵਾਲੇ ਮਹਾ
ਦਵਾਨ ਸ੍ਰੀਮਾਨ ਬਾਬਾ ਮਧੂਸੂਦਨ ਸਿੰਘ ਜੀ ਮਹਾਰਾਜ ਜਿਨ੍ਹਾਂ ਦੇਸ਼ਾਂ ਪ੍ਰਦੇਸ਼ਾਂ ਵਿਚ ਜਾ ਕੇ ਗੁਰੂ ਨਾਨਕ ਦੇਵ ਜੀ ਦੇ ਮਹਾ
ਸ਼ਨ ਦਾ ਬੜੇ ਸੁਚੱਜੇ ਤਰੀਕੇ ਨਾਲ ਪ੍ਰਚਾਰ ਕਰਕੇ ਭੁਲੇ ਤੇ ਭਟਕੇ ਹੋਏ ਜੀਵਾਂ ਨੂੰ ਗੁਰੂ ਵਾਲੇ ਬਣਾਇਆ। ਪੰਜਾਬ ਦ
ਰਤੀ ਤੇ ਬਾਬਾ ਸਾਹਿਬ ਸਿੰਘ ਜੀ ਦੇ ਚਰਨ ਛੋਹ ਅਸਥਾਨਾਂ ਦੀ ਸੇਵਾ ਸੰਭਾਲ ਦਾ ਬੜਾ ਭਾਰਾ ਉਦਮ ਕੀਤਾ ਅਤੇ ਜੋਧਾ-
ਸੂਰਾਂ ਦੀ ਧਰਤੀ ਨੂੰ ਭਾਗ ਲਾਏ, ਆਲੀਸ਼ਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਸਥਾਨ ਗੁਰਦੁਵਾਰਾ ਦਰਬਾਰ
ਣਾਇਆ ਜਿਥੇ ਹਰ ਇਕ ਸੁਦੀ ਪਖ ਦੀ ਦਸਮੀ ਵਾਲੇ ਦਿਨ ਸਿਖ ਸੰਗਤਾਂ ਦਾ ਮਹਾਨ ਇਕੱਠ ਹੁੰਦਾ ਹੈ, ਅਤੇ ਗੁਰੂ ਕੇ
ਗਰ ਚਲਦੇ ਹਨ, ਵਰਤਮਾਨ ਗੱਦੀ ਨਸ਼ੀਨ ਮਹਾਂਪੁਰਸ਼ ਟਿਕਾ ਬਾਬਾ ਸਰਬਜੋਤ ਸਿੰਘ ਜੀ ਮਹਾਰਾਜ ਆਪ ਇਸ ਦੀਵਾਨ
ਚ ਸਾਰਾ ਦਿਨ ਹਾਜਰੀ ਭਰਦੇ ਹਨ ਅਤੇ ਸ਼ਰਧਾਲੂ ਉਨ੍ਹਾਂ ਦਾ ਬਹੁਤ ਮਾਣ ਤੇ ਸਤਕਾਰ ਕਰਦੇ ਹਨ। ਬਾਬਾ ਸਰਬਜੋਤ
ਘ ਜੀ ਬਹੁਤ ਗੁਰਮੁਖ ਸੁਭਾ ਵਾਲੇ ਪਰਉਪਕਾਰੀ ਸੂਝ ਬੂਝ ਰਖਣ ਵਾਲੇ ਨਿਮਰਤਾ, ਸ਼ਹਿਨਸ਼ੀਲਤਾ, ਦਯਾਵਾਨ ਹਸਮੁੱਖ
ਰ ਇਕ ਦਾ ਪੂਰਾ ਪੂਰਾ ਸਤਿਕਾਰ ਕਰਨ ਵਾਲੇ ਪੂਰਨ ਸੰਤ ਪੁਰਸ਼ ਹਨ। ਜੋ ਵੀ ਉਨ੍ਹਾਂ ਨੂੰ ਮਿਲ ਜਾਂਦੈ ਉਹ ਸਦਾ ਲਈ
ਨ੍ਹਾਂ ਦਾ ਬਣ ਜਾਂਦਾ ਹੈ, ਉਹ ਕਿਸੇ ਅਗੰਮੀ ਖਿਚ ਵਾਲੇ ਹਨ। ਬਾਬਾ ਕਲਾਧਾਰੀ ਜੀ ਰਹਮਤ ਤੇ ਬਖਸ਼ਿਸ਼ ਕਰਨ ਉਹ ਰੱਜ
ਗੁਰੂ ਕੇ ਮਿਸ਼ਨ ਦਾ ਪ੍ਰਚਾਰ ਕਰ ਸਕਣ। ਉਹ ਹਰ ਵਕਤ ਬੜਾ ਸੋਹਣਾ ਕੀਰਤਨ ਕਰਨ ਵਾਲੇ ਰਾਗੀ ਸਿੰਘਾਂ ਨੂੰ ਆਪਣੇ ਨਾਲ
ਰਖਦੇ ਹਨ। ਵਾਹਿਗੁਰੂ ਉਨ੍ਹਾਂ ਨੂੰ ਦੀਰਘ ਆਯੂ ਲੰਮੇਰੀ ਉਮਰ ਬਖਸ਼ਿਸ਼ ਕਰੇ, ਤਾਂ ਕਿ ਉਹ ਸਾਰੀ ਅਵਸਥਾ ਗੁਰੂ ਘਰ ਦੀ
ਵਾ ਕਰਕੇ ਟੁਟੀਆਂ ਰੂਹਾਂ ਨੂੰ ਗੁਰੂ ਨਾਲ ਜੋੜਦੇ ਰਹਿਣ, ਦਾਸ ਦੀਆਂ ਸ਼ੁਭ ਇਛਾਵਾਂ ਹਨ। ਦਾਸ ਗੁਰੂ ਘਰ ਦਾ ਨਾਚੀਜ
ਤੇ ਨਿਮਾਣਾ ਸੇਵਕ ਹੋਣ ਦੇ ਨਾਤੇ ਅਪਣੀਆਂ ਸ਼ੁਭ ਇਛਾਵਾਂ ਬਾਬਾ ਜੀ ਦੇ ਚਰਨਾਂ ਵਿਚ ਅਰਪਣ ਕਰ ਰਿਹਾ ਹੈ। ਦਾਸ
ਗੁਰਦੁਆਰਾ ਬਾਬਾ ਸਾਹਿਬ ਸਿੰਘ ਜੀ ਬੇਦੀ ਪਿੰਡ ਅਖਾੜਾ, ਤਹਿਸੀਲ ਜਗਰਾਉਂ, ਜ਼ਿਲਾ ਲੁਧਿਆਣਾ ਵਿਖੇ ਇਸ ਅਸਥਾਨ
ਦੀ ਝਾੜੂ ਬਰਦਾਰੀ ਕਰਨ ਵਾਲਾ ਗੁਰੂ ਘਰ ਦਾ ਕੂਕਰ ਹੈ, ਜਿਥੇ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਨੇ 6 ਮਹੀਨੇ ਆਪਣਾ ਡੇਰਾ
ਰਖਿਆ, ਪੰਜ ਹਜ਼ਾਰ ਘੋੜ ਸਵਾਰ ਸ਼ਸਤਰ ਧਾਰੀ ਸੂਰਮਿਆਂ ਦੀ ਫੌਜ ਨਾਲ ਰਖਕੇ ਰਾਏਕੋਟ, ਤਲਵੰਡੀ, ਆਡਲੂ, ਜਗਰਾਉਂ,
ਮਲੇਰ ਕੋਟਲਾ ਨੂੰ ਬਾਬੇ ਨੇ ਸੋਧਿਆ, ਪਿੰਡ ਅਖਾੜੇ ਨੂੰ ਵਰ ਦਿੱਤਾ, ਚੜ੍ਹਿਆ ਆਉ, ਲਥਾ ਜਾਉ ਅਤੇ ਸੁਕੇ ਬੱਚੇ ਹਰੇ
ਹੋਣ ਦਾ ਵੀ ਵਰ ਦਿਤਾ। ਅੱਜ ਤਕ ਬਾਬਾ ਜੀ ਦੇ ਵਰ ਦਾ ਸਦਕਾ ਹਜ਼ਾਰਾਂ ਸ਼ਰਧਾਲੂ ਐਤਵਾਰ ਵਾਲੇ ਦਿਨ
ਆਪਣੇ ਸੋਕੇ ਦੀ ਬੀਮਾਰੀ ਵਾਲੇ ਬਚਿਆਂ ਨੂੰ ਇਸ਼ਨਾਨ ਕਰਵਾਉਂਦੇ ਹਨ। ਮਸਿਆ ਦੇ ਜੋੜ ਮੇਲੇ ਤੇ ਯਾਤਰਾ ਕਰਕੇ
ਆਪਣੀਆਂ ਸ਼ੁਭ ਕਾਮਨਾਵਾਂ ਪੂਰੀਆਂ ਕਰਵਾਉਂਦੇ ਹਨ। ਸੁੰਦਰ ਸਰੋਵਰ ਤਿਆਰ ਹੋ ਚੁਕਾ ਹੈ, ਦੀਵਾਨ ਹਾਲ ਬਾਬਾ ਸਾਹਿਬ ਸਿੰਘ
ਜੀ ਬੇਦੀ ਜਿਸ ਦੀ ਮਹਾਨ ਸੇਵਾ ਮੁਕੰਮਲ ਹੋ ਚੁੱਕੀ ਹੈ। ਦਾਸ ਦੀ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਹੈ ਕਿ ਵਰਤਮਾਨ
ਗੱਦੀ ਨਸ਼ੀਨ ਸ੍ਰੀ ਬਾਬਾ ਸਰਬਜੋਤ ਸਿੰਘ ਜੀ ਨੂੰ ਦੀਰਘ ਆਯੂ ਪ੍ਰਦਾਨ ਕਰਨ ਤਾਂ ਕਿ ਉਹ ਗੁਰੂ ਘਰ ਦੀ ਸੇਵਾ ਸਿਮਰਨ
ਪ੍ਰਚਾਰ ਦੁਆਰਾ ਵੱਧ ਤੋਂ ਵੱਧ ਕਰ ਸਕਣ।

# ਬੇਦੀ ਕੁਲਭੂਸ਼ਨ
# ਬਾਬਾ ਮਧੁਸੂਦਨ ਸਿੰਘ ਜੀ
## (ਸੰਤ ਬਾਬਾ ਕੁੰਦਨ ਸਿੰਘ ਜੀ, ਨਾਨਕਸਰ ਕਲੇਰਾਂ ਵਾਲੇ)



ਤਿਨ ਬੇਦੀਅਨ ਕੀ ਕੁਲ ਵਿਖੈ ਪ੍ਰਗਟੈ ਨਾਨਕ ਰਾਇ ॥
ਸਭ ਸਿਖਣ ਕੋ ਸੁਖ ਦਇਓ ਜਿਹ ਤਿਹ ਭਏ ਸਹਾਇ ॥


ਜਗਤ ਗੁਰੂ ਬਾਬਾ ਕੇਵਲ ਸਿੱਖਾਂ ਦਾ ਹੀ ਗੁਰੂ ਨਹੀਂ ਹੈ, ਸਗੋਂ ਆਪਦੀ ਪੂਜਾ ਸਾਰੇ ਸੰਸਾਰ ਵਿਚ ਹੈ। ਮੱਕਾ ਮਦੀਨਾ, ਬਗਦਾਦ, ਤਿੱਬਤ ਦੇ ਲਾਮਿਆਂ ਵਿਚ, ਹਰ ਥਾਂ ਗੁਰੂ ਨਾਨਕ ਦੇ ਪੂਜਨੀਕ ਮੌਜੂਦ ਹਨ। ਬਾਬੇ ਤੋਂ ਪਹਿਲਾਂ ਹੀ ਬੇਦੀ ਹੀ ਪੂਜਨੀਕ ਹਨ। ਉਨ੍ਹਾਂ ਦੀ ਆਪਣੀ ਅੰਸ਼-ਵੰਸ਼ ਕਿਉਂ ਨਾ ਸਤਿਕਾਰੀ ਜਾਵੇ ? ਬਾਬਾ ਜੀ ਜਿਸ ਬੇਰੀ ਹੇਠ ਬੈਠੇ ਉਹ 'ਬੇਰੀ ਸਾਹਿਬ' ਹੋ ਗਈ। ਜਿਸ ਰੀਠੇ ਹੇਠ ਬਿਰਾਜੇ, ਉਹ 'ਰੀਠਾ ਸਾਹਿਬ' ਕਰ ਕੇ ਪੂਜਿਆ ਜਾ ਰਿਹਾ ਹੈ। ਉਨ੍ਹਾਂ ਦਾ ਆਪਣਾ ਖ਼ੂਨ ਬੇਦੀ ਵੰਸ਼ ਕਿਉਂ ਨਾ ਪੂਜੀ ਜਾਵੇ ?

ਬਾਬਾ ਮਧੁਸੂਦਨ ਸਿੰਘ ਜੀ ਬੇਦੀ ਊਨਾ ਸਾਹਿਬ ਨੂੰ ਨਾਨਕਸਰ ਦੇ ਉਸਰੱਈਏ ਮਹਾਤਮਾ ਸੰਤ ਬਾਬਾ ਈਸ਼ਰ ਸਿੰਘ ਜੀ ਨੇ ਊਨਾ ਸਾਹਿਬ ਜਾ ਕੇ ਪ੍ਰੇਰਨਾ ਕੀਤੀ ਕਿ ਆਪ ਪਿਤਾ ਪੁਰਖੀ ਧਰਮ ਕਰਮ ਕਰਵਾਓ, ਸੰਗਤਾਂ ਵਿਚ ਜਾ ਕੇ ਆਪਣੀ ਮਿੱਠੀ ਰਸਨਾ ਦੁਆਰਾ ਉਪਦੇਸ਼ ਦੇ ਕੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਓ। ਅੱਗੋਂ ਬਾਬਾ ਮਧੁਸੂਦਨ ਸਿੰਘ ਜੀ ਨੇ ਕਿਹਾ, "ਬਾਬਾ ਜੀ ! ਮੈਂ ਕਾਲਜ ਦੀ ਵਿਦਿਆ ਲਈ ਹੈ, ਗੁਰਬਾਣੀ ਦੇ ਰੂਹਾਨੀ ਗਿਆਨ ਨੂੰ ਜਾਣਦਾ ਹੀ ਨਹੀਂ ਤਾਂ ਸੰਗਤਾਂ ਨੂੰ ਕੀ ਉਪਦੇਸ਼ ਦੇਵਾਂਗਾ।" ਬਾਬਾ ਜੀ ਨੇ ਕਿਹਾ, "ਧੰਨ ਗੁਰੂ ਨਾਨਕ ਕਹਿ ਕੇ ਜੋ ਬੋਲੋਗੇ, ਉਹੀ ਗੁਰੂ ਨਾਨਕ ਦਾ ਗਿਆਨ ਬਣ ਜਾਵੇਗਾ।" ਉਨ੍ਹਾਂ ਹੱਥ ਨਾਲ ਲਿਖਿਆ 'ਘਰ ਗੁਰੂ ਨਾਨਕ'।

ਬੱਸ ਫਿਰ ਕੀ ਸੀ ? ਬਾਬਾ ਜੀ ਅੱਜ ਹੋਰ, ਭਲਕ ਹੋਰ। ਗੁਰੂ ਨਾਨਕ ਮੱਤ ਦੇ ਵੱਡੇ ਉਪਦੇਸ਼ਕ ਹੋ ਗਏ। ਮਾਲਾ ਹੱਥ ਵਿਚ ਲੈ ਗੁਰ-ਮੰਤਰ ਦਾ ਜਾਪ ਕਰਨ ਲਗੇ। ਕਈ ਕਈ ਘੰਟੇ ਚੁਪ ਮਾਰ ਕੇ ਬੈਠ ਕੇ ਗੁਰੂ ਘਰ ਦੀਆਂ ਰਹੁ-ਰੀਤਾਂ ਦਾ ਪ੍ਰਚਾਰ ਸੰਗਤਾਂ ਵਿਚ ਕਰਵਾਉਂਦੇ ਅਤੇ ਪ੍ਰਸੰਨਤਾ ਨਾਲ ਸਿੱਖਾਂ ਨੂੰ ਥਾਪੜੇ ਦੇ ਕੇ ਚੜ੍ਹਦੀਆਂ ਕਲਾਂ ਵਿਚ ਲੈ ਜਾਂਦੇ। ਆਪਣੇ ਬਜ਼ੁਰਗਾਂ, ਵਿਸ਼ੇਸ਼ ਕਰਕੇ ਗੁਰੂ-ਅੰਸ ਪੂਰਨ ਬ੍ਰਹਮ ਗਿਆਨੀ ਰਾਜਜੋਗੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਅਸਥਾਨਾਂ ਦੀ ਇਤਿਹਾਸਕ ਮਹੱਤਤਾ ਦਰਸਾਉਣ ਲਈ ਵੱਡੇ ਹਾਲਾਂ ਵਾਲੇ ਧਰਮ ਅਸਥਾਨ ਬਣਾ ਗਏ।

ਹਰ ਸਾਲ ਨਾਨਕਸਰ ਅਸਥਾਨ ਦੇ ਦਰਸ਼ਨਾਂ ਲਈ ਸੰਗਤਾਂ ਨੂੰ ਨਾਲ ਲੈ ਕੇ ਆਉਂਦੇ ਸਨ। ਲੰਗਰ ਚਲਾਉਂਦੇ ਅਤੇ ਆਪਣੇ ਰਾਗੀ ਜਥੇ ਨਾਲ ਲਿਆ ਕੇ ਗੁਰਬਾਣੀ ਦਾ ਕੀਰਤਨ ਕਰਵਾਉਂਦੇ ਅਤੇ ਆਪ ਸੰਗਤਾਂ ਨੂੰ ਦਰਸ਼ਨ ਦੇ ਕੇ, ਗੁਰੂ ਘਰ ਦਾ ਉਪਦੇਸ਼ ਦੇ ਕੇ ਗਦ-ਗਦ ਕਰਦੇ ਸਨ। ਅੱਜ ਉਹ ਰੂਹਾਨੀ ਸੂਰਜ ਅਲੋਪ ਹੋ ਗਿਆ ਹੈ। ਆਪਣੀ ਜੋਤ ਟਿੱਕਾ ਸਰਬਜੋਤ ਸਿੰਘ ਬੇਦੀ ਸਾਹਿਬ ਵਿਚ ਟਿਕਾ ਕੇ ਗੁਰੂ ਨਾਨਕ ਘਰ ਦੀ ਜ਼ਿੰਮੇਵਾਰੀ ਸੌਂਪ ਗਏ ਹਨ। 'ਸਰਬ ਜੋਤਿ ਤੇਰੀ ਪਸਰਿ ਰਹੀ ॥ ਜਹਿ ਜਹਿ ਦੇਖਾ ਤਹਿ ਨਰ ਹਰੀ ॥' ਬਾਬਾ ਸਰਬਜੋਤ ਸਿੰਘ ਆਪਣੀ ਪਿਤਾ ਪੁਰਖੀ ਨੂੰ ਕਾਇਮ ਰੱਖ ਕੇ, ਸੰਗਤਾਂ ਨੂੰ ਗੁਰੂ ਉਪਦੇਸ਼ ਦੇ ਕੇ ਗੁਰੂ ਘਰ ਦੇ ਸ਼ੁਭ ਕਾਰਜ ਨੂੰ ਚਾਰ ਚੰਨ ਲਾਉਣਗੇ। ਵਾਹਿਗੁਰੂ ਇਨ੍ਹਾਂ ਨੂੰ ਤੰਦਰੁਸਤੀ ਅਤੇ ਲੰਮੀ ਆਯੂ ਬਖਸ਼ੇ।

# ਜਿਤੀ ਨਵਖੰਡ ਮੇਦਨੀ
# ਸਤਿਨਾਮ ਕਾ ਚਕਰ ਫਿਰਾਯਾ॥



(ਮਹੰਤ ਤਾਰਾ ਸਿੰਘ ਜੀ ਮਿੱਠੇ ਟਿਵਾਣੇ ਵਾਲੇ)
(ਹੁਸ਼ਿਆਰ ਪੁਰ)

ਚੱਲ ਕੇ, ਫਿਰ ਕੇ, ਘਰ-ਘਰ ਜਾ ਕੇ ਨਾਮ ਸਿਮਰਨ ਦਾ ਉਪਦੇਸ਼ ਦਿਤਾ ਜਾਵੇ ਤੇ ਸੇਵਾ ਦਵਾਰਾ ਮਨ ਨੂੰ ਰੂ ਨਾਨਕ ਪਾਤਸ਼ਾਹ ਨਾਲ ਜੋੜ ਕੇ ਅਕਾਲ ਪੁਰਖ ਦਾ ਰਸਤਾ ਦਸਿਆ ਜਾਵੇ "ਮਨ ਜਿਤੇ ਜਾਣ ਤੇ ਧਰਮ ਦਾ ਰਾ ਵੇ ਅਤੇ ਪ੍ਰਕਾਸ਼ ਹੋਵੇ"। ਕਿੱਡਾ ਸੌਖਾ ਸੀ 'ਨਾਨਕ ਸ਼ਾਹੀ ਧਰਮ' ਜਿਸ ਦਾ ਪ੍ਰਚਾਰ ਸੱਚੇ ਹਿਰਦੇ ਨਾਲ 10 ਪਾਤਸ਼ਾਹੀਆ ਕੀਤਾ ਤੇ ਸਾਨੂੰ 11ਵੀਂ ਜੋਤ ਗੁਰੂ ਨਾਨਕ ਪਾਤਸ਼ਾਹ ਵਾਲੀ "ਬਾਣੀ ਗੁਰੂ ਗੁਰੂ ਹੈ ਬਾਣੀ" ਅੰਮ੍ਰਿਤ ਭਰਿਆ ਭੰਡਾਰ, ਗੁ ਕਮਾਏ ਹੋਏ ਬਚਨ ਬਖਸ਼ ਗਏ ਹਨ। ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਖੂਨੀ ਰਿਸ਼ਤੇ ਵਾਲੇ ਬਾਲਕਾਂ ਨੂੰ ਗੁਰ-ਗੱਦੀ ਨ ਤੀ, ਪਰੰਤੂ ਆਪਣੇ ਸੇਵਕਾਂ ਨੂੰ ਬਖਸ਼ੀ, ਜਿਸ ਤੋਂ ਪ੍ਰਸਿੱਧ ਹੈ, ਸੇਵਾ ਦਾ ਦਰਜਾ ਕਿੱਡਾ ਉੱਚਾ ਰੱਖਿਆ ਗਿਆ। ਜੇਕ ਸੀਂ ਵੀ ਸੇਵਾ ਤੇ ਸਿਮਰਨ ਕਰ ਲਈਏ ਤਾਂ ਸੱਚ ਜਾਣੋ ਅਕਾਲ ਪੁਰਖ ਨੂੰ ਪਾ ਲਈਏ। ਗੁਰਸਿੱਖਾਂ ਦੀ ਕਹਿਣੀ ਤੇ ਕਥਨ ਕ ਨਹੀਂ। ਅਸੀਂ ਸਵਾਲ-ਜਵਾਬ ਦੋਵੇਂ ਗੁਰੂ ਉੱਤੇ ਕਰਦੇ ਹਾਂ। ਸੇਵਾ ਕਰਦੇ ਹਾਂ ਤੇ ਅਭਿਮਾਨੇ ਜਾਂਦੇ ਹਾਂ ਤੇ ਸੇਵ ਮੁਆਵਜ਼ਾ ਮੰਗਦੇ ਹਾਂ। "ਸੇਵਾ ਥੋੜੀ ਮਾਂਗਨ ਬਹੁਤਾ' ਇਸ ਲਈ ਇਹ ਸੇਵਾ ਨਿਸ਼ਕਾਮ ਨਹੀਂ ਰਹਿੰਦੀ। ਗੁਰੂ ਦ ਧਾਰ ਕਰਨ ਨੂੰ ਤਿਆਰ ਹੋ ਜਾਂਦੇ ਹਾਂ, ਗੁਰੂ ਕੀ ਬਾਣੀ ਸੋਧਣ ਲੱਗ ਪੈਂਦੇ ਹਾਂ। ਇਸੇ ਲਈ ਹੀ ਖੂਨੀ ਰਿਸ਼ਤੇ ਦਾ ਖੂ ਲਦਾ ਹੈ, ਜੋ ਆਪਣੇ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਤਾਨਕ ਸੰਬੰਧ ਰੱਖਦੇ ਹਨ। ਇਹ ਗੁਰੂ ਨਾਨਕ ਪਾਤਸ਼ਾ ਸੰਤਾਨਕ ਘਰਾਣੇ ਨੇ ਹਮੇਸ਼ਾ ਘਰ ਘਰ ਜਾ ਕੇ ਯਤਨ ਕੀਤਾ ਹੈ, ਜੋ ਗੁਰਸਿੱਖਾਂ ਨੂੰ ਗੁਰੂ ਨਾਨਕ ਪਾਤਸ਼ਾਹ ਨਾਲ ੜਿਆ ਜਾਵੇ।

ਇਹ ਉਪਰੋਕਤ ਬਚਨ ਅਤੇ ਲਿਖਤ ਹੈ, ਸ੍ਰੀ ਸ੍ਰੀ ਸ੍ਰੀਮਾਨ 108 ਬਾਬਾ ਮਧੁਸੂਦਨ ਸਿੰਘ ਜੀ ਬੇਦੀ ਸਾਹਿਬ ਦੀ ਜਨ੍ਹਾਂ ਬਾਬਤ ਇਹ ਹੱਥਲਾ 'ਸ਼ਰਧਾਂਜਲੀ ਵਿਸ਼ੇਸ਼ ਅੰਕ' ਆਪ ਜੀ ਦੇ ਕਰ ਕਮਲਾਂ ਵਿਚ ਹੈ।

ਗੁਰਮਤਿ ਪ੍ਰਚਾਰ ਦਾ ਇਤਨਾ ਚਾਅ ਸੀ ਬਾਬਾ ਜੀ ਦੇ ਮਨ ਵਿਚ ਕਿ ਭੁੱਲੇ ਭਟਕੇ ਸੰਸਾਰ ਨੂੰ ਕੱਚੜਿਆਂ ਨਾਲੋਂ ਤੋੜ ਕੇ 'ਸਾਜਨ ਸੰਤ ਪਕਿਆ' ਨਾਲ ਜੋੜ ਦਿਤਾ ਜਾਵੇ।

ਬੱਸ ਇਸੇ ਲਈ ਹੀ ਬਾਬਾ ਮਧੁਸੂਦਨ ਸਿੰਘ ਜੀ ਮਹਾਰਾਜ ਦਾ ਆਗਮਨ ਹੋਇਆ। ਇਸੇ ਲਈ ਹੀ ਉਹ ਦੁਨੀਆ ਵਿਚ ਵਿਚਰੇ ਅਤੇ ਇਸੇ 'ਨਾਨਕਸ਼ਾਹੀ ਧਰਮ' ਦਾ ਪ੍ਰਚਾਰ ਕਰਦੇ ਹੋਏ ਪ੍ਰਭੂ-ਚਰਨਾਂ ਵਿਚ ਅਭੇਦ ਹੋ ਗਏ।

ਵਰਤਮਾਨ ਸਮੇਂ ਬੇਦੀ ਅੰਸ ਬੰਸ ਤੋਂ ਉੱਚੀ ਕੁਲ ਕੋਈ ਹੋਰ ਹੈ ਹੀ ਨਹੀਂ ਕਿਉਂਕਿ :—

ਤਿਨ ਬੇਦੀਅਨ ਕੀ ਕੁਲ ਬਿਖੇ ਪ੍ਰਗਟੈ ਨਾਨਕ ਰਾਇ॥
ਸਭ ਸਿਖਨ ਕੋ ਸੁਖ ਦੀਓ ਜਹ ਤਹ ਭਏ ਸਹਾਇ॥

ਉਸ ਬੇਦੀ ਬੰਸ ਵਿਚ ਆਪ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਪ੍ਰਗਟ ਹੋਏ। ਫਿਰ ਆਪ ਜੀ ਦ

ਮਹਿਮਾ ਕੌਣ ਕਥਨ ਕਰੇ ?

ਮੇਰੇ ਜੀਵਨ ਦਾਤੇ ਮਹਾਂਪੁਰਸ਼ ਸਤਿਕਾਰਯੋਗ ਸ੍ਰੀਮਾਨ 108 ਮਹੰਤ ਬਾਬਾ ਜਵਾਹਰ ਸਿੰਘ ਜੀ ਖੁੰਡੇ ਵਾਲੇ, ਜਿਨ੍ਹਾਂ ਤੋਂ ਦਾਸ ਵਰੋਸਾਇਆ ਹੋਇਆ ਹੈ। ਇਨ੍ਹਾਂ ਮਹਾਂਪੁਰਸ਼ਾਂ ਤੋਂ ਪਹਿਲਾਂ ਪੂਜਨੀਕ ਬਾਬਾ ਭਗਤ ਸਿੰਘ ਜੀ ਮਹਾਰਾਜ (ਮਿੱਠੇ ਟਿਵਾਣੇ ਵਾਲੇ) ਅਤੇ ਇਨ੍ਹਾਂ ਤੋਂ ਪਹਿਲਾਂ ਜਤੀ, ਸਤੀ, ਨਾਮ ਰਸੀਏ ਬ੍ਰਹਮ ਗਿਆਨੀ ਬਾਬਾ ਹਰੀ ਸਿੰਘ ਜੀ ਮਹਾਰਾਜ ਸਨ।

ਮਹਾਂਪੁਰਸ਼ ਬਾਬਾ ਜਵਾਹਰ ਸਿੰਘ ਜੀ ਮਹਾਰਾਜ ਬਚਨ ਸੁਣਾਇਆ ਕਰਦੇ ਸਨ, "ਇਕ ਵਾਰੀ ਮੈਂ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਦੇ ਦਰਸ਼ਨ ਅਤੇ ਇਹ ਇੱਛਾ ਧਾਰੀ ਕਿ ਪ੍ਰਭੂ ਪ੍ਰਮੇਸਰ ਦੇ ਨਾਮ ਬੇਅੰਤ ਹਨ ਤੇ ਕਿਸ ਨਾਮ ਨੂੰ ਜਪ ਕੇ ਮੁਕਤ ਹੋਵਾਂ ? ਸ੍ਰੀ ਹਜ਼ੂਰ ਜੀ ਜੋ ਵੀ ਹੁਕਮ ਕਰਨਗੇ, ਉਹ ਨਾਮ ਹੀ ਜਪਾਂਗਾ। ਇਹ ਇੱਛਾ ਮਨ ਵਿਚ ਧਾਰ ਕੇ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਦੇ ਚਰਨਾਂ ਤੇ ਆ ਮੱਥਾ ਟੇਕਿਆ। ਬਾਬਾ ਜੀ ਨੇ ਮੇਰੇ ਸਿਰ ਤੇ ਹੱਥ ਰੱਖਿਆ, ਦਿਲ ਦੀ ਬੁੱਝ ਗਏ ਅਤੇ ਮੇਰੇ ਪੁੱਛੇ ਬਗੈਰ ਹੀ ਕੋਮਲ ਬਚਨਾਂ ਨਾਲ ਫੁਰਮਾਨ ਕਰ ਦਿਤਾ, 'ਜਪ ਮਨ ਸਤਿਨਾਮ ਸਦਾ ਸਤਿਨਾਮ'। ਬੱਸ ਫਿਰ ਕੀ ਸੀ, 'ਮੈਂ ਛੀਕ ਗਾਠਰੀ ਬਾਧਾ' ਅਨੁਸਾਰ ਹਿਰਦੇ ਵਿਚ ਧਾਰ ਲਿਆ ਅਤੇ ਨਿਸਚਾ ਆ ਗਿਆ ਕਿ ਆਪ ਜੀ ਪੂਰਨ ਮਹਾਂਪੁਰਸ਼ ਹਨ, ਗੁਰੂ ਕਲਗੀਧਰ ਜੀ ਦੇ ਸਰੂਪ ਹਨ।

ਪੂਜਯ ਬਾਬਾ ਹਰੀ ਸਿੰਘ ਤੋਂ ਬਾਅਦ ਭਗਤ ਸਿੰਘ ਜੀ ਮਹਾਰਾਜ ਗੱਦੀ ਨਸ਼ੀਨ ਹੋਏ ਅਤੇ ਬਾਬਾ ਭਗਤ ਸਿੰਘ ਜੀ ਤੋਂ ਬਾਅਦ ਪਰਮਪੂਜ ਬਾਬਾ ਜਵਾਹਰ ਸਿੰਘ ਜੀ ਮਹਾਰਾਜ ਗੱਦੀ ਨਸ਼ੀਨ ਬਣੇ।

ਮੇਰੇ ਪਰਮਪੂਜ ਬਾਬਾ ਜਵਾਹਰ ਸਿੰਘ ਜੀ ਮਹਾਰਾਜ ਨੇ ਬੇਦੀ-ਅੰਸ ਬੰਸ ਤੇ 'ਸਰਧਾ ਅਤੇ ਸੇਵਾ' ਦੇ ਸਾਰੇ ਹੱਦ-ਬੰਨੇ ਤੋੜ ਦਿਤੇ। ਦਿਲ ਦਰਿਆ ਨੇ ਜੋ ਚਾਹਿਆ, ਧੰਨ ਗੁਰੂ ਨਾਨਕ ਪਾਤਸ਼ਾਹ ਦੀ ਬੇਦੀ ਅੰਸ-ਬੰਸ ਤੋਂ ਕੁਰਬਾਨ ਕਰ ਦਿਤਾ। ਆਪ ਜੀ ਦਾ ਨਿਸਚਾ ਵਰਣਨ ਨਹੀਂ ਕਰ ਸਕਦਾ, ਪਰ ਇਤਨੇ ਅੱਖਰ ਪਾਠਕਾਂ ਦੀ ਭੇਟਾ ਕਰ ਦਿੰਦਾ ਹਾਂ ਕਿ ਆਪ ਜੀ ਨੇ ਜੋਤੀ ਜੋਤਿ ਸਮਾਵਣ ਤੋਂ ਪਹਿਲਾਂ ਹੀ ਹੁਕਮ ਕਰ ਦਿਤਾ ਸੀ ਕਿ ਮੇਰਾ ਸਰੀਰ ਭਾਵੇਂ ਕਿਤੇ ਛੁੱਟ ਜਾਵੇ ਪਰ ਮੇਰੇ ਸਰੀਰ ਦਾ ਸਸਕਾਰ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਦੇ ਚਰਨਾਂ ਵਿਚ ਊਨਾ ਸਾਹਿਬ ਹੀ ਕਰਨਾ। ਆਪ ਜੀ ਦੇ ਹੁਕਮ ਅਨੁਸਾਰ ਬਾਬਾ ਜਵਾਹਰ ਸਿੰਘ ਜੀ ਦੀ ਸ਼ਰਧਾ, ਚਰਨਾਂ ਵਿਚ ਵੱਸਣ ਦੀ ਪੂਰੀ ਕੀਤੀ ਗਈ।

ਜਿਸ ਤਰ੍ਹਾਂ ਸੇਵਾ-ਪੰਥੀ ਮਹਾਂਪੁਰਖਾਂ ਨੇ ਧੰਨ ਗੁਰੂ ਨਾਨਕ ਪਾਤਸ਼ਾਹ ਦੀ ਬੇਦੀ ਬੰਸ ਦਾ ਸਰਧਾ ਭਾਵਨਾ ਅਤੇ ਸੇਵਾ ਨਾਲ ਸਤਿਕਾਰ ਕੀਤਾ ਹੈ, ਉਵੇਂ ਹੀ ਗੁਰੂ ਨਾਨਕ ਸਾਹਿਬ ਜੀ ਦੇ ਘਰ ਬੇਦੀ ਬੰਸ ਨੇ ਵੀ ਮੇਰੇ ਵਰਗੇ ਨਿਮਾਣੇ ਨਿਤਾਣੇ ਗਰੀਬ ਨੂੰ ਵੀ 'ਬਾਹ ਪਕੜ ਅਧੁਲੇ ਨਿਸਤਾਰੇ'।

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਮਹਾਰਾਜ ਨੇ ਗੁਰਸਿੱਖੀ ਦਾ ਪ੍ਰਚਾਰ ਸਾਰੇ ਹੱਦ-ਬੰਨੇ ਤੋੜ ਕੇ ਸਮੁੱਚੇ ਸੰਸਾਰ ਵਿਚ ਕੀਤਾ, ਆਪਣੇ ਸਰੀਰ ਦੀ ਪ੍ਰਵਾਹ ਨਾ ਕਰਦੇ ਹੋਏ ਦਿਨੇ ਰਾਤੀਂ ਪ੍ਰਚਾਰ ਬਾਬਤ ਸਫਰ ਵਿਚ ਹੀ ਰਹਿੰਦੇ। ਮਹਾਨ ਪ੍ਰਵਾਹ ਸੰਗਤ ਦੇ ਜੁੜ ਬੈਠਣ ਲਈ ਵੱਡੇ ਹਾਲ ਸ੍ਰੀ ਊਨਾ ਸਾਹਿਬ ਅਤੇ ਮਨਸੂਰਾਂ (ਲੁਧਿਆਣਾ) ਵਿਖੇ ਸਥਾਪਤ ਕੀਤੇ। ਚੈਰੀ ਹਸਪਤਾਲ ਗਰੀਬ ਰੋਗੀਆਂ ਲਈ ਖੋਲ੍ਹਿਆ। ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਨੇ ਪ੍ਰਾਣੀ ਮਾਤਰ ਦੀ ਸੇਵਾ ਵਿਚ ਸਭ ਕੁਝ ਅਰਪਿਤ ਕਰ ਦਿੱਤਾ। ਐਸਾ ਉਨ੍ਹਾਂ ਨੇ ਆਪਣਾ ਜੱਦੀ ਹੱਕ ਸਮਝਿਆ ਤੇ ਨਿਭਾਇਆ।

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਨੇ ਆਪਣਾ ਪਿਆਰ (ਸੇਵਾ ਪੰਥੀ ਸਾਧੂਆਂ ਨਾਲ) ਦਰਸਾਂਦੇ ਹੋਏ ਡੇਰਾ ਹਰੀ ਭਗਤਪੁਰਾ (ਮਿੱਠਾ ਟਿਵਾਣਾ) ਹੁਸ਼ਿਆਰਪੁਰ ਦੇ ਸਾਲਾਨਾ ਯੱਗ ਸਮਾਗਮ (1987) ਦੇ ਭਾਰੀ ਦੀਵਾਨ ਵਿਚ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਦੇ ਹੋਏ ਬਚਨ ਕੀਤੇ :—

"ਅੱਜ ਭਾਈ ਬਰਸੀ ਹੈ। ਬਰਸੀ ਹੈ ਮਹਾਂਪੁਰਸ਼ਾਂ ਦੀ, ਸਾਰੀਆਂ ਸੰਗਤਾਂ ਇਕਾਗਰ ਹੋਈਆਂ ਨੇ, ਜਿਨ੍ਹਾਂ ਨੇ ਆਪ ਜਪਿਆ ਹੈ, ਜਗਤ ਨੂੰ ਜਪਾਇਆ ਹੈ। ਭਾਈ ਹਰੀ ਸਿੰਘ ਜੀ, ਭਾਈ ਭਗਤ ਸਿੰਘ ਜੀ ਹਰ ਸਾਲ ਊਨਾ ਸਾਹਿਬ ਬਾਬਾ ਸਾਹਿਬ ਸਿੰਘ ਪਾਤਸ਼ਾਹ ਦੇ ਦਰਸ਼ਨ ਕਰਨ ਲਈ, ਸੰਗਤ ਕਰਨ ਲਈ, ਹਰ ਸਾਲ ਜਾਂਦੇ ਹਨ। ਜਿਨ੍ਹਾਂ ਦੀ ਸੰਪ੍ਰਦਾਇ ਵਿਚ ਹੋਏ ਮਹੰਤ

ਸਾਹਿਬ ਜਵਾਹਰ ਸਿੰਘ ਜੀ, ਜਿਨ੍ਹਾਂ ਬਾਰੇ ਮੈਨੂੰ ਅੱਜ ਤਕ ਯਾਦ ਹੈ, ਮੈਂ ਕਦੀ ਡੇਰੇ ਆ ਜਾਣਾ। ਕਚਹਿਰੀਆਂ ਵਿਚ (ਹੁਸ਼ਿਆਰਪੁਰ) ਕੰਮ ਹੁੰਦਾ ਸੀ। ਮਹੰਤ ਸਾਹਿਬ ਜੀ ਨੂੰ ਮਿਲਣ ਆ ਜਾਣਾ। ਸੰਨ 1947 ਤੋਂ ਬਾਅਦ ਇਥੇ ਆ ਗਏ। ਤੇ ਮਹੰਤ ਸਾਹਿਬ ਜੀ ਨੇ ਜੋ ਸਮਾਨ ਅੰਦਰ ਪਿਆ ਹੋਣਾ, ਚੁੱਕ ਕੇ ਮੇਰੇ ਅੱਗੇ ਰੱਖ ਦੇਣਾ, 'ਆਹ ਲਓ, ਆਹ ਆਪ ਜੀ ਦਾ।' ਕਈ ਵਾਰ ਮੈਂ ਡੇਰੇ ਨਾ ਆਉਣਾ ਕਿ ਵਾਰ ਵਾਰ ਜਾਂਦਾ ਚੰਗਾ ਨਹੀਂ ਲੱਗਦਾ। ਪਤਾ ਲੱਗ ਜਾਵੇ ਕਿ ਬਾਬਾ (ਬਾਬਾ ਮਧੁਸੂਦਨ ਸਿੰਘ ਜੀ) ਅੱਜ ਕਚਹਿਰੀ ਵਿਚ ਆਇਆ ਹੈ ਤੇ (ਸੰਤ) ਸੁੰਦਰ ਸਿੰਘ ਜੀ ਨੂੰ ਬੁਲਾ ਲੈਣਾ ਅਤੇ ਉਨ੍ਹਾਂ ਨੂੰ ਗਿਆਰਾਂ ਰੁਪਏ ਦੇਣੇ, ਆਹ ਥਾਲ ਲੈ ਜਾ ਚੁੱਕ। ਪ੍ਰਸਾਦ ਛਕਾ ਕੇ ਆ। ਜਿਥੇ ਮੈਂ ਲੱਭਾਂ, ਉਨ੍ਹਾਂ ਕਹਿਣਾ, 'ਮਹਾਰਾਜ! ਮਹੰਤ ਸਾਹਿਬ ਜੀ ਦਾ ਪ੍ਰਸ਼ਾਦ, ਆ ਲਓ ਭੇਟਾ, ਪ੍ਰਸ਼ਾਦ ਛਕੋ, ਆਖੋ ਧੰਨ ਗੁਰੂ ਨਾਨਕ .।''

ਉਹਨਾਂ ਦਾ ਪਿਆਰ (ਬਾਬਾ ਜਵਾਹਰ ਸਿੰਘ ਜੀ ਖੂੰਡੇ ਵਾਲੇ) ਮੇਰੇ ਨਾਲ ਇਤਨਾ ਗੂੜ੍ਹਾ ਹੈ ਕਿ ਅੱਜ ਅੱਠ ਦਿਨ ਹੋ ਗਏ ਹਨ ਮੈਨੂੰ ਬੀਮਾਰ ਪਏ ਨੂੰ। ਮੈਂ ਕਿਹਾ ਮਹੰਤ ਜਵਾਹਰ ਸਿੰਘ ਜੀ! ਮੇਰੀਆਂ ਲੱਤਾਂ ਤੇ ਹੁਣ ਕੰਮ ਨਹੀਂ ਕਰਦੀਆਂ, ਤੁਰਦਾ ਫਿਰਦਾ ਨਹੀਂ। ਤੁਸੀਂ ਕਿਰਪਾ ਕਰੋਗੇ ਤੇ ਯੱਗ ਸਮਾਗਮ ਤੇ ਆਵਾਂਗਾ। ਲਿੱਖ ਦਿੱਤਾ ਮੈਂ ਆਵਾਂਗਾ ਪਰ ਮੈਂ ਜਾ ਨਹੀਂ ਸਕਦਾ, ਪਾਤਸ਼ਾਹ ਆਪ ਕ੍ਰਿਪਾ ਕਰੋ, ਸਹਾਇਤਾ ਕਰੋ ਤੇ ਮੈਨੂੰ ਯਾਦ ਹੈ, ਸਚ ਜਾਣੋ ਉਹਨਾਂ ਦੀ ਹੀ ਕ੍ਰਿਪਾ ਕੀਤੀ ਹੈ ਉਂਗਲੀ ਫੜ ਕੇ ਮੈਨੂੰ ਲੈ ਆਏ ਹਨ। ਲੁਧਿਆਣਿਓਂ ਚਲ ਕੇ ਇੱਥੇ ਪੁੱਜ ਗਿਆ ਹਾਂ। ਆਖੋ ਧੰਨ ਗੁਰੂ ਨਾਨਕ, ਫਿਰ ਆਖੋ ਧੰਨ ਗੁਰੂ ਨਾਨਕ, ਮੁੜ ਆਖੋ ਧੰਨ ਗੁਰੂ ਨਾਨਕ...।

ਭਾਗਾਂ ਵਾਲਿਓ ਜਿਹਨਾਂ ਮਹਾਂਪੁਰਸ਼ਾਂ ਦੀ ਯਾਦ ਤਾਜ਼ਾ ਕਰਨ ਵਾਸਤੇ ਇਥੇ ਆਏ ਹੋ ਇਹ ਮਹਾਂਪੁਰਸ਼ ਸਾਡੀਆਂ ਬਿਰਤੀਆਂ ਨੂੰ ਸਾਧ ਸੰਗਤ ਜੀਓ! ਪ੍ਰਮੇਸ਼ਰ ਦੇ ਚਰਨਾਂ ਨਾਲ ਜੋੜਦੇ ਹਨ, ਆਪਣੇ ਨਾਲ ਨਹੀਂ। ਅੱਜ ਕਲ ਦੇ ਲੀਡਰ ਆਪਣੇ ਨਾਲ ਜੋੜਦੇ ਨੇ......।''

[ਦੇਖੋ ''ਬਾਬਾ ਜਵਾਹਰ ਸਿੰਘ ਫਰੀ ਰਿਕਾਰਡਿੰਗ ਸਰਵਿਸ'' ਦੀ ਕੈਸਟ ਨੰ: SGV]

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਨੇ ਜੀਵਨ ਵਿਚ ਸਾਰਾ ਸਮਾਂ ਗੁਰਬਾਣੀ ਪ੍ਰਚਾਰ ਤੇ ਹੀ ਲਗਾਇਆ। ਮਾਸਿਕ 'ਅਜੂਨੀ' ਰਸਾਲਾ ਕੱਢ ਕੇ ਗੁਰਮਤਿ ਪ੍ਰਚਾਰ ਵਿਚ ਹੋਰ ਅੱਗੇ ਹੋਏ। ਦਾਸ ਨੇ ਜਦੋਂ ਵੀ ਦਰਸ਼ਨ ਕੀਤੇ ਧੰਨ ਗੁਰੂ ਨਾਨਕ ਸਾਹਿਬ ਜੀ ਦੇ ਅਤੇ ਧੰਨ ਗੁਰ ਸਿੱਖੀ ਦੇ ਹੀ ਬਚਨ ਸੁਣਾਏ। ਬੜੀਆਂ ਅਸੀਸਾਂ ਦੇਂਦੇ ਰਹੇ ਅਤੇ ਥਾਪਣੇ ਦਿੰਦੇ ਰਹੇ।

ਇਕ ਵਾਰੀ ਮੈਂ ਬਾਬਾ ਜੀ ਦੀ ਸੇਹਤ ਦਾ ਹਾਲ ਚਾਲ ਪੁੱਛਣ ਅਤੇ ਦਰਸ਼ਨ ਕਰਨ ਗਿਆ ਮੈਂ ਮਨਸੂਰਾਂ (ਲੁਧਿਆਣਾ) ਜਾਂਦਿਆਂ ਹੀ ਬਾਬਾ ਜੀ ਨੇ (ਬਾਬਾ ਮਧੁਸੂਦਨ ਸਿੰਘ ਜੀ) ਘੁੱਟ ਕੇ ਗਲਵਕੜੀ ਵਿਚ ਲੈ ਲਿਆ। ਪਿਆਰ ਦੇ ਅਥਰੂ (ਮਾਨੋ ਮੋਤੀ ਕੇਰਦੇ ਪਏ ਹੋਣ) ਕੇਰਦੇ ਬਾਬਾ ਜੀ ਬੜੀ ਦੇਰ ਤਕ ਗਲਵਕੜੀ ਵਿਚ ਹੀ ਲੈ ਕੇ ਬੈਠੇ ਰਹੇ। ਬਾਬਾ ਜੀ ਅਗੇ ਭੇਟਾ ਅਰਪਨ ਕੀਤੀ ਪਰ ਬਾਬਾ ਜੀ ਨੇ ਪਲਿਉਂ ਹੋਰ ਦੇ ਕੇ ਦਾਸ ਨੂੰ ਅਸ਼ੀਰਵਾਦ ਦਿੱਤਾ। ਬਾਬਾ ਜੀ ਦੇ ਚਲਾਣੇ ਤੋਂ ਕੁਝ ਦਿਨ ਪਹਿਲਾਂ ਹੀ ਦਾਸ ਫਿਰ ਦਰਸ਼ਨ ਕਰਕੇ ਆਇਆ। ਫਿਰ ਉਨ੍ਹਾਂ ਨੇ ਬਚਨਾਂ ਨਾਲ ਨਿਹਾਲ ਕੀਤਾ।

ਸੰਗਰਾਂਦ ਵਾਲੇ ਦਿਨ ਸ਼ਾਮ ਨੂੰ ਟੈਲੀਫੋਨ ਤੇ ਬਾਬਾ ਜੀ ਦੇ ਪ੍ਰਭੂ ਚਰਨਾਂ ਵਿਚ ਲੀਨ ਹੋਣ ਦੀ ਖਬਰ ਸੁਣੀ।

ਖਬਰ ਸੁਣਦੇ ਸਾਰ ਹੀ ਜਾਪਿਆ ਜਿਵੇਂ ਕੁੱਝ ਖੁੱਸ ਗਿਆ ਹੋਵੇ।

ਬਾਬਾ ਜੀ ਦੇ ਚਲਾਣੇ ਨਾਲ ਪੰਥ ਦਾ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਗੁਰਮਤਿ ਪ੍ਰਚਾਰ, ਇਕ ਜਗਮਗਾਂਦੀ ਲੋਅ ਗੁਆ ਬੈਠਾ ਹੈ।

**ਸਰਬ ਜੋਤ ਤੇਰੀ ਪਸਰ ਰਹੀ।**

ਜੋਤੀ ਜੋਤ ਮਿਲੀ, ਨਵਾਂ ਪ੍ਰਕਾਸ਼ ਹੋਇਆ। ਬਾਬਾ ਮਧੁਸੂਦਨ ਸਿੰਘ ਜੀ ਮਹਾਰਾਜ ਤੋਂ ਬਾਅਦ ਜਗਮਗਾਂਦੀ ਲੋਅ ਸ੍ਰੀ ਹਜ਼ੂਰ ਬਾਬਾ ਸਰਬਜੋਤ ਸਿੰਘ ਜੀ ਮਹਾਰਾਜ ਪਿਛਲੀ ਚਲੀ ਆ ਰਹੀ ਮਰਯਾਦਾ ਅਨੁਸਾਰ ਸਤਾਰਵੀਂ ਜਗ੍ਹਾ (ਸੰਤਾਨ

ਗੱਦੀ ਗੁਰੂ ਨਾਨਕ ਪਾਤਸ਼ਾਹ) ਸੁਭਾਇਮਾਨ ਹੋਏ ਹਨ ਆਪ ਜੀ ਵੀ ਗੁਰੂ ਨਾਨਕ ਪਾਤਸ਼ਾਹ ਤੋਂ ਚਲੇ ਆ ਰਹੇ ਗੁਰਮਤਿ ਪ੍ਰਚਾਰ ਨੂੰ ਗੁਰਬਾਣੀ ਨੂੰ "ਘਰਿ ਘਰਿ ਅੰਦਰ ਧਰਮਸਾਲ" ਵਾਂਗ ਸੰਗਤਾਂ ਵਿਚ ਪ੍ਰਚਾਰ ਕਰ ਰਹੇ ਹਨ।

ਤਿਨ ਕੌ ਕਿਆ ਉਪਦੇਸੀਐ ਜਿਨ ਗੁਰ ਨਾਨਕ ਦੇਓ ॥

ਦਾਸ ਕੀਟ ਨੂੰ ਜਿਤਨੀ ਬਖਸ਼ਿਸ਼ ਇਸ ਦਰ ਘਰ ਤੋਂ ਮਿਲੀ ਹੈ ਹੋਰ ਕਿਧਰਿਓਂ ਨਹੀਂ ਮਿਲੀ। ਸਦਾ ਅੰਗ ਸੰਗ ਹੋ ਕੇ ਨਿਮਾਣੇ ਗਰੀਬ ਨੂੰ ਚਰਨੀ ਲਾਇਆ ਹੈ।

ਇਹ ਸਰੀਰ ਅਰਦਾਸ ਕਰਦਾ ਹੈ ਕਿ ਸ੍ਰੀ ਹਜ਼ੂਰ ਬਾਬਾ ਸਰਬਜੋਤ ਸਿੰਘ ਜੀ ਮਹਾਰਾਜ ਦੀ ਦੀਰਘ ਆਯੂ ਹੋਵੇ ਤੇ ਇਸੀ ਤਰ੍ਹਾਂ ਗੁਰਬਾਣੀ ਪ੍ਰਚਾਰ, ਸਿੱਖੀ ਪ੍ਰਵਾਰ, ਅੰਮ੍ਰਿਤ ਪ੍ਰਚਾਰ ਦੁਆਰਾ ਸੰਗਤਾਂ ਨੂੰ ਧੰਨ ਗੁਰੂ ਨਾਨਕ ਦੇਵ ਪਾਤਸ਼ਾਹ ਦੇ ਚਰਨਾਂ ਨਾਲ ਜੋੜਦੇ ਰਹਿਣ।

# ਫਿਰ ਕੋਈ ਮਰਦਾਨਾ ਆਏ

**ਸੁਰਜੀਤ ਸਿੰਘ 'ਮਰਜਾਰਾ'**

ਫਿਰ ਕੋਈ ਮਰਦਾਨਾ ਆਏ,
ਸੜਦੇ ਬਲਦੇ, ਇਸ ਜੱਗ ਤਾਈਂ,
ਨਾਨਕ ਦਾ ਸੰਦੇਸ਼ ਸੁਣਾਏ।

ਟੋਟੇ ਟੋਟੇ ਧਰਤੀ ਮਾਤਾ,
ਇਹ ਭਾਵੀ ਕਹੀ ਵਰਤੀ।
ਹੁਣ ਤੀਕਰ ਨਾ ਤਕ ਸਕੇ ਹਾਂ,
ਨਨਕਾਣੇ ਦੀ ਧਰਤੀ।
ਮੈਂ ਨਹੀਂ ਬੰਧਨਾਂ ਦੇ ਵਿਚ ਜਾਣਾ,
ਮਨ ਮੇਰਾ ਕੁਰਲਾਏ।

ਕੂੜ ਅਮਾਵਸ ਪਸਰ ਰਹੀ ਏ,
ਘੁਪ ਹਨੇਰੇ ਹੋਏ।
ਪਤਾ ਨ ਲਗਦਾ ਕਿਸ ਪਾਸੇ ਹਨ,
ਚਾਨਣ ਮੂੰਹ ਲੁਕੋਏ ?
ਸੱਚ ਚੰਦਰਮਾ ਦਿਸੇ ਨਾ ਚੜ੍ਹਿਆ
ਮਸਿਆ ਫਲ ਫਲ ਜਾਏ।

ਪਿਆਸੇ ਪਿਆਸੇ ਹੋਂਠ ਜਗਤ ਦੇ
ਪਾਉਂਦੇ ਹਾਲ ਦੁਹਾਈ।
ਮਿੰਨਤ, ਤਰਲਾ, ਇਕ ਜੋਦੜੀ,
ਜੇਕਰ ਸੁਣ ਲਏ ਮਾਹੀ।
ਕਿਹੜਾ ਏ ਜੋ ਉਸ ਦੇ ਬਾਝੋਂ ?
ਜਗ ਦੀ ਪਿਆਸ ਬੁਝਾਏ।

ਨਾਨਕ ਦਾ ਸੰਦੇਸ਼ ਸੁਣਾਏ।
ਫਿਰ ਕੋਈ ਮਰਦਾਨਾ ਆਏ।

# 'ਅਜੂਨੀ'

## ('ਅਜੂਨੀ' ਤੋਂ ਪ੍ਰਭਾਵਿਤ ਹੋ ਕੇ)

**ਸੁਰਜੀਤ ਸਿੰਘ ਸਾਜਨ**

ਅੰਤ ਦਾ ਸਾੜਾ, ਅੱਤ ਦੀ ਠੰਢਕ,
ਮੋਹ ਨਹੀਂ ਸਕਦੀਆਂ ਓਹਨੂੰ !
ਇਹ ਸ਼ੈਆਂ ਖ਼ੁਦ ਢੂੰਡਦੀਆਂ ਨੇ,
ਓਸ ਸੱਚੇ ਦੀ ਛੋਹ ਨੂੰ !!

ਜੂਨ ਚੁਰਾਸੀ ਵਿਚ ਨਹੀਂ ਆਉਂਦਾ,
ਆਪ ਚੁਰਾਸੀ ਕੱਟਦਾ !
ਨਾ 'ਜਰ' ਪੋਹੇ ਤਿਸ ਨੂੰ ਮਾਸਾ,
ਨਾ ਵਧਦਾ ਨਾ ਘਟਦਾ !!

ਨੀਂਹ ਉਸ ਦੀ ਸੱਚੀ ਹੈ, ਉਹਨੂੰ
ਨਾਹੀਂ ਕਿਸੇ ਬਣਾਇਆ ਹੈ !
ਆਪੇ 'ਨਿਰਗੁਣ' ਪ੍ਰਗਟ ਹੋ ਕੇ,
'ਸਰਗੁਣ' ਰੂਪ ਵਟਾਇਆ ਹੈ।

ਅੱਜ ਵੀ ਹੈ ਉਹ, ਕਲ੍ਹ ਵੀ ਹੈ ਸੀ,
ਕਲ੍ਹ ਨੂੰ ਵੀ ਉਹ ਹੋਵੇਗਾ !
ਉਸ ਦਾ ਨਾਮ ਸਦਾ ਥਿਰ ਰਹਿਣੀ,
ਇਹ ਜਗਤ ਨਾਸ ਜਦ ਹੋਵੇਗਾ !!

ਜੂਨਾਂ ਤੋਂ ਉਹ ਬਾਹਰ ਆਪੂੰ,
ਵਿਚ ਸ੍ਰਿਸ਼ਟੀ ਭੀ ਪਸਰ ਰਿਹਾ।
ਕਰਤਾ ਭੁਗਤਾ ਆਪੂੰ ਹੋ ਕੇ,
ਬੇਲਾਗ ਰਿਹਾ ਬੇਅਸਰ ਰਿਹਾ !!

ਨੀਤ ਸੱਚੀ ਜਿਸ ਦੀ ਹੋਵੇਗੀ,
ਉਹੋ ਉਸ ਨੂੰ ਪਾਵੇਗਾ।
'ਸਾਜਨ' ਮਿਲਸੀ ਉਸਨੂੰ ਗਲ ਮਿਲ,
ਅਪਣਾ ਰੂਪ ਬਣਾਵੇਗਾ !!

# ਰੋਮ ਰੋਮ ਕੋਟ ਬ੍ਰਹਮੰਡ ਕੋ ਨਿਵਾਸ ਜਾਸ ਮਾਨਸ ਅਵਤਾਰ ਧਾਰ ਦਰਸ ਦਿਖਾਇ ਹੈ।

ਸਤਿਨਾਮ ਸਿੰਘ (ਸੇਵਾ ਪੰਥੀ)



ਰੰਜੀ ਦੇ ਰੰਜ, ਕਦੇ ਸਤਾ ਰੂਪ ਹੋ ਕੇ ਜ਼ਰੇ ਜ਼ਰੇ ਵਿਚ ਵਸ ਰਿਹਾ ਹੈ ਕਦੋਂ ਉਹੋ ਸ਼ਕਤੀ ਸਰਗੁਣ ਰੂਪ ਹੋ ਕੇ ਦਰਸ਼ਨ ਦਿਖਾ ਰਿਹਾ ਹੈ।

ਨਿਰਗੁਣ ਆਪਿ ਸਰਗੁਣ ਭੀ ਓਹੀ
ਕਲਾਧਾਰ ਜਿਨ ਸਗਲੀ ਮੋਹੀ ॥

ਸਿੱਧਾਂ ਨੇ ਪੁੱਛਿਆ ਸੀ ! ਹੇ ਗੁਰੂ ਨਾਨਕ ਦੇਵ ਤੁਹਾਡਾ ਵਾਹਿਗੁਰੂ ਸੁਤੰਤਰ ਹੈ ਕਿ ਪਤੰਤਰ ਹੈ, ਮਾਇਆ ਮਲ ਸਹਿਤ ਹੈ ਕਿ ਮਾਇਆ ਮਲ ਰ ਹਿਤ ਹੈ, ਅਵੈਣ ਹੈ ਕਿ ਸਵੈਣ ਹੈ, ਨਾਦੀ ਹੈ ਕਿ ਬਿੰਦੀ ਹੈ।

ਮਹਾਰਾਜ ਕਹਿੰਦੇ ਨੇ : ਉਹ ਸੁਤੰਤਰ ਹੈ ਅਧੀਨ ਨਹੀਂ। ਮਾਇਆ ਮਲ ਤੋਂ ਰਹਿਤ ਹੈ ਸਹਿਤ ਨਹੀਂ, ਜਿਸ ਵਕਤ ਉਹ ਚਾਹੁੰਦਾ ਹੈ ਅਵੈਣ ਹੋ ਜਾਂਦਾ ਹੈ ਜਦੋਂ ਉਸਦੀ ਇੱਛਾ ਹੁੰਦੀ ਹੈ ਸਵੈਣ ਹੋ ਜਾਂਦਾ ਹੈ।

ਨਿਰਗੁਣ ਆਪਿ ਸਰਗੁਣ ਭੀ ਉਹੀ
ਕਲਾਧਾਰ ਜਿਨ ਸਗਲੀ ਮੋਹੀ ॥

ਧੰਨ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਦੀ ਸੰਤਾਨ ਨਾਦੀ ਵੀ ਹੈ ਤੇ ਬਿੰਦੀ ਵੀ ਹੈ। ਸ਼ਬਦ ਸੰਤਾਨ ਗੁਰੂ ਅੰਗਦ ਦੇਵ ਜੀ ਹੋਏ। ਸਰੀਰਕ ਸੰਤਾਨ ਬਾਬਾ ਲਖਮੀ ਦਾਸ ਜੀ ਹੋਏ।

ਕਲਿਯੁਗ ਉਧਾਰਿਆ ਗੁਰਦੇਵ ॥
ਮਲ ਮੂਤ ਮੂੜ ਜੋ ਮੁਗਧ ਹੋਤੇ, ਸਭ ਲਗੇ ਤੇਰੀ ਸੇਵ ॥

ਪੁਰਾਣਕ ਕਥਾ ਹੈ ਕਿ ਬ੍ਰਹਮਾਂ ਪਾਸੋਂ ਜਨਕ ਨੇ ਪੁਛਿਆ ਕਿ ਮੇਰੇ ਮਨ ਵਿਚ ਭਰਮ ਹੈ ਕਿ ਕਲਯੁਗ ਦੇ ਲੋਕ ਬੜੇ ਖੋਟੇ ਆਚਾਰ ਵਾਲੇ ਹੋਣਗੇ ਪਾਪੀ ਹੋਣਗੇ।

ਬ੍ਰਾਹਮਣਾਂ ਜਨਕ : ਪ੍ਰਾਹਾ ਸੰਦੇਹੋ ਮੇ ਮਵਾਨ ਭੂਤ,
ਕਲਉ ਲੋਕਾਂ ਭਵਿਛ ਅਤੀ ਦੁਰਾਚਾਰਾ ਸੋ ਪਾਪੀ ਨਹ ॥

ਨਿਛ ਕ੍ਰਤਿ ਸਚ ਕਥੰ ਤੇ ਸਯਾਮ ਐਸੇ ਜੋ ਮਹਾਂਪਾਪੀ ਔਰ ਖੋਟੇ ਆਚਾਰ ਵਾਲੇ ਹੋਂਗੇ ਉਨਕਾ ਉਧਾਰ ਕੈਸੇ ਹੋਗਾ।

ਬ੍ਰਹਮਾ ਜੀ ਕਹਿਤੇ ਹੈਂ (ਭਵਿਸਤ ਪੁਰਾਨ ਵਿਚ ਲਿਖਿਆ ਹੈ)
ਪਛਚੁਮੇ 'ਚ ਸੁਭੇ ਦੇਸੇ ਵੇਦੀ ਵੰਸਯ 'ਚ ਨਾਨਕਾ ॥

ਪਸਚਮ ਕੀ ਤ੍ਰਫ ਜੋ ਸੁਭ ਦੇਸ ਹੈ, ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਉਸ ਬੇਦੀ ਵੰਸ ਵਿਚ ਅਵਤੇਮ ਰੂਪ (ਸੂਰਜ ਰੂਪ) ਗੁਰੂ ਨਾਨਕ ਸਾਹਿਬ ਦਾ ਅਵਤਾਰ ਹੋਣਗੇ, ਜੋ ਇਹਨਾਂ ਦੁਰਾਚਾਰੀਆਂ ਅਤੇ ਪਾਪੀਆਂ ਦਾ ਉਧਾਰ ਕਰਨਗੇ।

ਸਭ ਸਿਖਨ ਕੋ ਸੁਖ ਦੀਓ ਜਹ ਤਹ ਭਏ ਸਹਾਇ ॥

ਗੁਰੂ ਨਾਨਕ ਸਾਹਿਬ ਤੋਂ ਬਿੰਦੂ ਸੰਤਾਨ ਬਾਬਾ ਲਖਮੀ ਦਾਸ ਜੀ । ਇਸ ਤੋਂ ਅੱਗੇ "ਵਧੀ ਵੇਲ ਬਹੁ ਪੀੜੀ ਚਾਲੀ।" ਪੀੜੀ ਦਰ ਪੀੜੀ ਪਿਤਾ ਪੁਰਖੀ ਸੰਤਾਨ ਵਿਚ ਬੜੇ ਬੜੇ ਤੇਜਸਵੀ ਸ਼ਕਤੀਵਾਨ ਕਰਾਮਾਤੀ, ਅਵਤਾਰੀ ਪੁਰਖ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਵਰਗੇ ਬ੍ਰਹਮ ਗਿਆਨੀ ਅਤੇ ਹੋਰ ਸ਼ਕਤੀਵਾਨ ਹੋਏ ਹਨ, ਜਿਹਨਾਂ ਨੇ ਗੁਰੂ ਨਾਨਕ ਦੇ ਪ੍ਰਚਾਰ ਨੂੰ ਘਰ-ਘਰ ਪਹੁੰਚਾਇਆ ।

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਤੋਂ ਅੱਗੇ ਬੜੀਆਂ ਮਹਾਨ-ਮਹਾਨ ਹਸਤੀਆਂ, ਕਰਾਮਾਤੀ ਜਿਹਨਾਂ ਦੇ ਅੱਜ ਤੱਕ ਊਨਾ ਸਾਹਿਬ ਅਸਥਾਨ ਕਾਇਮ ਹਨ ਜਿਹਨਾਂ ਨੂੰ ਹਰ ਧਰਮ ਦੇ ਸ਼ਰਧਾਲੂ ਸ਼ਰਧਾ ਪੂਰਵਕ ਮੱਥਾ ਟੇਕਦੇ ਹਨ, ਭੇਟਾਵਾਂ ਅਰਪਨ ਕਰਦੇ ਹਨ ।

ਅਰਦਾਸ ਕਰਦੇ ਹਨ ਕਿ ਹੇ ਬਾਬਾ ਤੇਗ ਸਿੰਘ ਜੀ ਇਤਨੀ ਮਾਇਆ ਅੱਜ ਜ਼ਰੂਰ ਚਾਹੀਦੀ ਹੈ । ਦਾਸ ਨੇ ਅੱਖ ਨਾਲ ਤੱਕਿਆ ਹੈ, ਹੱਡ ਬੀਤੀ ਲਿਖਦਿਆਂ, ਜੋ ਵੀ ਇਸ ਅਸਥਾਨ ਤੇ ਕਾਮਨਾ ਕੀਤੀ ਉਹ ਪੂਰਨ ਹੋਈ ਹੈ ।

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪ੍ਰਵਾਨ ।

ਹੁਣ ਵੀ ਜਾ ਕੇ ਦਰਸਨ ਮੇਲੇ ਕਰੋ । "ਰਤਨ ਲੁਕਾਇਆ ਲੂਕੇ ਨਾਹੀ ਜੇ ਕੋ ਰਖੈ ਲੁਕਾਈ ॥

ਇਸ ਤਰ੍ਹਾਂ ਦੇ ਅਣਗਿਣਤ ਅੱਖੀਂ ਡਿੱਠੇ ਕ੍ਰਿਸ਼ਮੇ ਹਨ, ਜੋ ਦਿਲ ਵਿਚ ਕਾਮਨਾ ਕਰੋ ਪੂਰੀਆਂ ਹੁੰਦੀਆਂ ਹਨ ।

ਤੈਂ ਸਾਜਨ ਕੀ ਮੈ ਸਾਰ ਨ ਜਾਣੀ ॥

ਜੋਬਨ ਖੋਇ ਪਾਛੈ ਪਛੁਤਾਣੀ ॥

ਦਾਸ ਬਾਲਕ ਅਵਸਥਾ ਵਿਚ ਰਹਿਆ ਹੈ ਪਰ ਇਸ ਕਰਾਮਾਤੀ ਅਸਥਾਨ ਦੀ ਸਾਰ ਨਹੀਂ ਸੀ, ਪਰ ਹੁਣ ਜਾ ਸਮਝ ਆਈ ਇਸ ਅਸਥਾਨ ਤੋਂ ਦਾਸ ਨੇ ਬਹੁਤ ਕੁਝ ਪ੍ਰਾਪਤ ਕੀਤਾ ।

ਸੰਤਾਨ ਦਰ ਸੰਤਾਨ ਚਲੀ ਮਹਾਨ ਸ਼ਕਤੀਵਾਨ ਬੇਦੀ ਅੰਸ਼ ਹੋਏ ਜਿਹਨਾਂ ਵਿਚ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰ ਜੀ ਮਹਾਰਾਜ ਹੋਏ । ਇਹਨਾਂ ਤੋਂ ਪਹਿਲਾ ਐਸਾ ਸਮਾਂ ਵੀ ਆ ਗਿਆ ਸੀ ਜਿਹੜਾ ਕਿ ਬੜੇ-ਬੜੇ ਅਵਤਾਰਾਂ ਗੁਰੂਆਂ ਤੇ ਆਇਆ । ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਭਾਈ ਗੁਰਦਾਸ ਜੀ ਨੂੰ ਪ੍ਰਥਾਇ ਉਚਾਰਨ ਕੀਤਾ ।

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਜੀਉ ਪਰਿਆ ॥

ਉਹ ਮਿਸੀਆਂ ਰੋਟੀਆਂ ਜੋ ਲੰਗਰ ਵਿਚ ਪੱਕਦੀਆਂ ਸਨ, ਉਹ ਵਕਤ ਇਸ ਬੇਦੀ ਅੰਸ਼ ਨੂੰ ਵੀ ਤੱਕਣਾ ਪਿਆ ।

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਮਹਾਰਾਜ ਕਿਹਾ ਕਰਦੇ ਸਨ ਕਿ ਇਕ ਦਿਨ ਦੀ ਗੱਲ ਹੈ ਮੇਰੇ ਪਾ ਰਿਕਸ਼ਾ ਕਿਰਾਇਆ ਵਾਸਤੇ ਵੀ ਪੈਸੇ ਨਹੀਂ ਸਨ ਕਿ ਜਵਾਹਰ ਸਿੰਘ ਜੱਟ ਊਨੇ ਸਾਹਿਬ ਵਾਲਾ ਮਿਲਿਆ ਤੇ ਕਹਿੰਦਾ ਬਾਬ ਜੀ ਇਤਨੇ ਪੈਸੇ ਵੀ ਆਪ ਜੀ ਪਾਸ ਨਹੀਂ ਕਿ ਪੈਦਲ ਜਾ ਰਹੇ ਹੋ ?

ਅੱਗੋਂ ਮੈਂ (ਬਾਬਾ ਮਧਸੂਦਨ ਸਿੰਘ ਜੀ) ਕਿਹਾ, "ਜੇ ਰਿਕਸ਼ੇ ਜੋਗੇ ਪੈਸੇ ਹੁੰਦੇ ਤਾਂ ਮੈਂ ਪੈਦਲ ਕਿਉਂ ਜਾਂਦਾ ।

ਕਦੇ ਵਕਤ ਸੀ ਰਿਕਸ਼ੇ ਵਾਸਤੇ ਵੀ ਪੈਸੇ ਨਹੀਂ ਸਨ ਉਹ ਵੀ ਵਕਤ ਆਇਆ ਬਾਬਾ ਜੀ ਦੇ ਤਪ ਅਤੇ ਉਦ ਸਦਕਾ ਨਉ ਨਿੱਧਾਂ ਅਠਾਰਾਂ ਸਿੱਧਾਂ ਚਰਨਾਂ ਵਿਚ ਵਸਣ ਲੱਗੀਆਂ ।

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਮਹਾਰਾਜ ਜੀ ਆਪ ਫੁਰਮਾਨ ਕਰਿਆ ਕਰਦੇ ਸਨ, ਸੇਵਾ ਪੰਥੀ ਮਹਾਂਪੁਰਸ਼ ਦੀ ਉਸਤਤ ਵਿਚ ਕਿ ਬਾਬਾ ਜਵਾਹਰ ਸਿੰਘ ਜੀ ਖੂੰਡੇ ਵਾਲੇ ਕਹਿੰਦੇ ਸਨ ਕਿ ਬਾਬਾ ਜੀ ! ਉਦਾਸ ਨਾ ਹੋਣਾਂ ਇਸ ਘਰ ਵਿ ਇਤਨੀਆਂ ਖੁਸ਼ੀਆਂ ਹੋਣੀਆਂ ਮੈਂ ਅੱਖਾਂ ਨਾਲ ਵੇਖਾਂਗਾ ਔਰ ਤੁਸੀਂ ਭੀ ਵੇਖੋਗੇ ਉਸੇ ਤਰ੍ਹਾਂ ਹੋਇਆ ।

ਦਿਨ ਦਿਨ ਚੜੈ ਸਵਾਇਆ ਨਾਨਕ ਹੋਤ ਨ ਘਾਟ ॥

ਪ੍ਰਤੱਖ ਨੂੰ ਕੀ ਪ੍ਰਮਾਣ ਹੈ ਜਿਸ ਵਕਤ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਮਹਾਰਾਜ ਦਾ ਜਨਮ ਹੋਇਆ

ੰਰੇ ਪ੍ਰੇਮ ਪੂਜ ਸਤਿਕਾਰ ਯੋਗ ਬਾਬਾ ਜਮੀਤ ਸਿੰਘ ਜੀ (ਮਿੱਠੇ ਟਿਵਾਣੇ ਵਾਲੇ) ਕਹਿੰਦੇ ਸਨ ਕਿ ਇਹ ਮਹਾਂਪੁਰਖ ਬਾਬਾ ਖੇਮ ਸਿੰਘ ਜੀ ਦੇ ਅਵਤਾਰ ਹੋਏ ਹਨ।

ਸ੍ਰੀ ਹਜ਼ੂਰ ਬਾਬਾ ਜੀ ਨੇ ਆਪਣੇ ਜੀਵਨ ਵਿਚ ਜੋ ਘਾਲਣਾ ਘਾਲੀ ਉਹ ਕਿਸੇ ਤੋਂ ਲੁਕੀ ਛਿੱਪੀ ਨਹੀਂ। ਘਰ ਘਰ ਜਾ ਕੇ ਗੁਰੂ ਨਾਨਕ ਦਾ ਪ੍ਰਚਾਰ ਕੀਤਾ। ਸਾਰੀ-ਸਾਰੀ ਰਾਤ, ਸਾਰਾ-ਸਾਰਾ ਦਿਨ, ਕਈ-ਕਈ ਦਿਨ ਦੀਵਾਨਾਂ ਰਾਹੀਂ ੰਗਤਾਂ ਨੂੰ ਗੁਰੂ ਨਾਨਕ ਦੇ ਚਰਨਾਂ ਨਾਲ ਜੋੜਦੇ ਰਹੇ। ਇਕ ਇਕ ਚੌਕੜੇ ਵਿਚ ਸਾਰੀ-ਸਾਰੀ ਰਾਤ ਸੰਗਤਾਂ ਦੀ ਹਾਜ਼ਰੀ ਭਰਦੇ ਰਹੇ, ਗੁਰੂ ਜਸ ਸੁਣਦੇ ਰਹੇ ਤੇ ਕਰਦੇ ਰਹੇ, ਕਦੇ ਥਕਿਆ ਨਹੀਂ ਸੀ ਵੇਖਿਆ।

ਬਾਬਾ ਜੀ ਦੀਆਂ ਸੇਵਾਵਾਂ ਊਨਾ ਸਾਹਿਬ, ਮਨਜੂਰਾਂ (ਲੁਧਿਆਣਾ) ਦਖਣੀ ਸਰਾਂ ਅਤੇ ਹੋਰ ਅਸਥਾਨ ਬਣਾਏ, ਸਪਤਾਲ ਗਰੀਬਾਂ ਦੀ ਸੇਵਾ ਲਈ ਖੋਹਲੇ।

ਬਾਬਾ ਜੀ ਦਾ ਤਪ ਤੇਜ ਇਤਨਾ ਸੀ ਕਿ ਵੱਡੇ ਤੋਂ ਵੱਡਾ ਵੀ ਗੱਲ ਕਰਨ ਤੋਂ ਸੰਕੋਚ ਕਰਦਾ ਸੀ, ਡਰਦਾ ਸੀ।


ਸਰੀਰਕ ਤੌਰ ਤੇ ਬਾਬਾ ਜੀ ਨੇ ਢਿੱਲੇ ਹੋਣ ਦੇ ਬਾਵਜੂਦ ਵੀ ਗੁਰਬਾਣੀ ਪ੍ਰਚਾਰ ਨਹੀਂ ਛੱਡਿਆ, ਆਖਰੀ ਸਵਾਸਾਂ ਕ ਇਹ ਨੇਮ ਨਿਭਾਈ ਰਖਿਆ, ਪ੍ਰਚਾਰ ਕਰਦੇ ਕਰਦੇ ਪ੍ਰਭੂ ਚਰਨਾਂ ਵਿਚ ਲੀਨ ਹੋ ਗਏ।

ਬਾਬਾ ਜੀ ਤੋਂ ਬਾਅਦ ਸਾਰੇ ਊਨੇ ਸਾਹਿਬ ਵਿਚ ਇਹ ਪ੍ਰਗਟ ਹੈ ਕਿ ਛੋਟੇ ਬਾਬਾ ਜੀ ਕਰਾਮਾਤੀ ਹਨ ਔਰ ਕਈ ਰਾਮਾਤਾਂ ਇਹਨਾਂ ਦੀਆਂ ਸੰਗਤਾਂ ਨੇ ਤੱਕੀਆਂ ਹਨ। ਦਾਸ ਨਾਲ ਹੱਡ ਬੀਤੀ ਕਿ ਭਾਈ ਬੱਲੂ ਜੀ ਦੀ ਧਰਮਸਾਲ ਜਿਸ ਦੀ ਮਦਨ 100 ਰੁਪਏ ਵੀ ਨਹੀਂ ਸੀ। ਬਾਬਾ ਸਰਬਜੋਤ ਸਿੰਘ ਜੀ ਨੇ ਧਰਮਸਾਲਾ ਦੀ ਨੀਂਹ ਰੱਖੀ, ਦੁਕਾਨਾਂ ਬਣੀਆਂ ਜਿਸ ੀ ਅੱਜ ਆਮਦਨ ਚਾਰ-ਪੰਜ ਹਜ਼ਾਰ ਰੁਪਏ ਮਾਸਿਕ ਹੈ, ਇਹ ਸਾਰਾ ਸਦਕਾ ਉਸ ਬੇਦੀ ਅੰਸ ਬੰਸ ਬਾਬਾ ਸਰਬਜੋਤ ਸਿੰਘ ੀ ਦਾ ਹੈ। ਜੋ ਦਾਤਾਂ ਇਹਨਾਂ ਸਾਨੂੰ ਬਖਸ਼ੀਆਂ ਨੇ ਸਰਬੱਤ ਨੂੰ ਬਖਸ਼ਣ। ਇਹੀ ਮੇਰੀ ਜੋਦੜੀ ਹੈ। "ਬਾਬਾ ਜੀ ਨਾਨਕ ਸ਼ਾਹ ਰਮ ਨੂੰ ਸੰਗਤਾਂ ਵਿਚ ਵਿਚਰ ਕੇ ਸੰਗਤਾਂ ਨੂੰ ਵੰਡਦੇ ਰਹਿਣ। ਜਿਵੇਂ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਰਾਗੀ ਜਥਿਅ ਮੇਤ ਘਰ ਘਰ ਜਾ ਕੇ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਚਾਰ ਕਰਦੇ ਸਨ ਆਪ ਜੀ ਵੀ ਉਹਨਾਂ ਦੇ ਪਾਏ ਪੂਰਨਿਆਂ ਤੇ ਲਦੇ ਘਰ ਘਰ ਜਾ ਕੇ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਦਾ ਜਾਪ ਕੀਰਤਨੀ ਜਥੇ ਸਮੇਤ ਕਰਵਾਂਦੇ ਹਨ।

ਖਾਲੀ ਸਿਰਫ਼ ਅਸੀਂ ਹੀ ਚਰਨ ਧੂੜੀ ਨਹੀਂ ਲਈ, ਜਿਨ੍ਹਾਂ ਸੰਤਾਂ-ਮਹਾਂ ਪੁਰਸ਼ਾਂ ਜੀ ਦੇ ਅਸਥਾਨ ਦੇ ਸੇਵਾਦਾਰ ਹ ਉਨ੍ਹਾਂ ਨੇ ਰੱਜ-ਰੱਜ ਕੇ ਪਵਿਤ੍ਰ ਸੇਵਾ ਗੁਰੂ ਕੇ ਦੇਗ ਦੀ ਬਨਾਵਣ ਦੀ, ਕੜਾਹ ਪ੍ਰਸ਼ਾਦ ਦੀ ਆਪਣੀ ਹੱਥੀਂ ਕਰਕੇ ਬ੍ਰਹਮ ਗਿਆਨੀ ਦੀਆਂ ਦਾਤਾਂ ਪ੍ਰਾਪਤ ਕੀਤੀਆਂ।

ਉਹ ਹਨ ਮਹਾਂਪੁਰਸ਼ ਭਾ. ਦੁਖਭੰਜਨ ਸਾਹਿਬ ਜੀ, ਭਾ. ਬਲੂ ਜੀ, ਭਾ. ਬਾਗ ਸਿੰਘ ਜੀ, ਭਾ. ਕਿਸ਼ਨ ਸਿੰਘ ਜੀ ਸੰਤ ਨਿਰਮਲ ਸਿੰਘ ਜੀ, ਮਹੰਤ ਜਵਾਹਰ ਸਿੰਘ ਜੀ, ਊਨਾ ਵਾਲੇ, ਦਾਸ ਸਤਿਨਾਮ ਸਿੰਘ। ਉਹ ਧਰਮਸਾਲ ਅੱਜ ਤੱਕ ਕਾਇ ਹੈ, ਜਿਨ੍ਹਾਂ ਦੀ ਨਵੀਂ ਇਮਾਰਤ ਦੀ ਸੇਵਾ ਮਹੰਤ ਤਾਰਾ ਸਿੰਘ ਪਾਸੋਂ ਮਹਾਰਾਜ ਨੇ ਲਈ ਹੈ

# ਸ੍ਰੀ ਬਾਬਾ ਮਧੁਸੂਦਨ ਸਿੰਘ ਸਾਹਿਬ ਦੇ ਸਬੰਧ ਵਿਚ



ਵਲੋਂ :—ਗਿਆਨੀ ਈਸ਼ਰ ਸਿੰਘ ਨਾਰਾ
11/3287, ਦਿੱਲੀ ਗੇਟ ਬਾਜ਼ਾਰ, ਨਵੀਂ ਦਿੱਲੀ-2

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਦੀ ਯਾਦ ਵਿਚ ਵੈਰਾਗ ਭਰੇ ਮਨ ਨਾਲ ਚਿਰਾਂ ਪਿਛੋਂ ਅਜੂਨੀ ਨਾਮ ਦੇ ਤ ਪਰਚੇ ਵਿਚ ਥੋੜ੍ਹੇ ਸ਼ਬਦ ਪਾਠਕਾਂ ਦੀ ਭੇਟ ਹਨ :—

ਇਸ ਪਰਚੇ ਵਿਚ (ਅਜੂਨੀ) ਦੇ ਸੰਚਾਲਕ ਬਾਤਾ ਮਧੁਸੂਦਨ ਸਿੰਘ ਸਾਹਿਬ ਅਜ ਸਾਡੇ ਵਿਚ ਸਰੀਰ ਕਰਕੇ ਮੌਜੂਦ ਹੀਂ, ਪਰ ਆਪਣੇ ਪ੍ਰੇਮ ਭਰੇ ਹਿਰਦੇ ਅਤੇ ਸੇਵਾ ਸਿਮਰਨ ਪ੍ਰਚਾਰਨ ਦੀ ਰੀਤ ਨੂੰ (ਜੋ ਆਪਦੇ ਵਡਿਆਂ ਤੋਂ ਚਾਲੂ ਕੀਤੀ ਸੀ) ਪ ਜੀ ਨੇ ਮੁੜ ਇਤਨਾ ਪ੍ਰਚਾਰਿਆ, ਤੇ ਬਾਬਾ ਸਾਹਿਬ ਸਿੰਘ ਸਾਹਿਬ ਜੀ ਦੇ ਸ਼ੁਭ ਨਾਮ ਤੇ ਅਮੁੱਲ ਕਾਰਨਾਮਿਆਂ ਨੂੰ ਤਨਾ ਪ੍ਰਗਟਾਇਆ ਹੈ ਕਿ ਆਪ ਦੇ ਯਤਨ ਦੀ ਜਿਤਨੀ ਸ਼ਲਾਘਾ ਕੀਤੀ ਜਾਏ ਥੋੜ੍ਹੀ ਹੈ। ਆਪ ਨੇ ਪੰਜਾਬ ਜਾਂ ਭਾਰਤ ਚ ਹੀ ਨਹੀਂ, ਵਿਦੇਸ਼ਾਂ ਵਿਚ ਵੀ ਝੰਡਾ ਝੁਲਾਇਆ ਹੈ।

ਗੁਰੂ ਨਾਨਕ ਸਾਹਿਬ ਜੀ ਦੀ ਬੇਦੀ ਬੰਸ ਲੜੀ ਵਿਚ ਗਿਆਰਵੀਂ ਥਾਂ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਤੇ ਹਨਾਂ ਦੇ ਛੋਟੇ ਸਾਹਿਬਜ਼ਾਦੇ ਬਾਬਾ-ਬਿਕ੍ਰਮ ਸਿੰਘ ਦੀ ਅੰਸ ਬੰਸ ਤੀਜੀ ਥਾਂ ਬਾਬਾ ਦੇਵਿੰਦਰ ਸਿੰਘ ਜੀ ਦੇ ਗ੍ਰਹਿ ਬਾਬਾ ਮਧੁਸੂਦਨ ਘ ਸਾਹਿਬ ਇਕ ਐਸੀ ਵਿਅਕਤੀ (ਸਾਹਿਬਜ਼ਾਦੇ) ਦਾ ਜਨਮ ਹੋਇਆ ਕਿ ਜਿਸ ਨੇ ਆਪਣੇ ਇਸ ਗੁਰੂ ਘਰਾਣੇ ਨੂੰ (ਜਿਸਨੂੰ ਗਰੇਜ਼ੀ ਸਰਕਾਰ ਨੇ ਮਿਟਾਣਾ ਕੀਤਾ ਸੀ) ਮੁੜ ਚੰਦ ਸੂਰਜ ਵਾਂਗੂੰ ਖਾਲਸਾ ਪੰਥ ਦੇ ਅਕਾਸ਼ ਵਿਚ ਚਮਕਾਇਆ ਹੀ ਨਹੀਂ ਲਕਿ ਆਪਣੇ ਨਾਮ ਨੂੰ ਵੀ ਇਤਿਹਾਸਕ ਤੌਰ ਤੇ ਅਮਰ ਕਰ ਦਿੱਤਾ ਹੈ।

ਗੁਰੂ ਨਾਨਕ ਸਾਹਿਬ ਦੀ ੧੧ਵੀਂ ਅੰਸ਼ ਬੰਸ ਬਾਬਾ ਸਾਹਿਬ ਸਿੰਘ ਸਾਹਿਬ ਬੇਦੀ ਆਪਣੇ ਸਿੱਖ ਰਾਜ ਵੇਲੇ ਮਹਾਨ ਜਨੀਯ ਸਤਿਕਾਰਤ ਹਸਤੀ ਸਨ। ਜਿਨ੍ਹਾਂ ਦੀ ਅਧਿਆਤਮਕ ਸਮਾਜਕ ਧਾਰਮਕ ਅਤੇ ਜਥੇਬੰਧਕ ਸ਼ਕਤੀ ਅਗੇ ਮਹਾਰਾਜਾ ਣਜੀਤ ਸਿੰਘ ਵੀ ਨਿੰਵਦੇ, ਲੰਗਰ ਵਾਸਤੇ ਜਾਗੀਰਾਂ ਭੇਟ ਕਰਦੇ ਤੇ ਆਪਣੇ ਆਪ ਨੂੰ ਧੰਨ ਭਾਗੀ ਸਮਝਦੇ ਸਨ ਤੇ ਮੁਲ਼ਕਾਤ ਵੇਲੇ ਅੰਗਰੇਜ਼ਾਂ ਦੀ ਕੂੱਟਲ ਨੀਤੀ ਅਤੇ ਡੋਗਰਾ (ਰਾਜੇ ਧਿਆਨ ਸਿੰਘ) ਪਾਰਟੀ ਨੂੰ ਰਾਜ ਦਰਬਾਰ ਵਿਚ ਵਧੇਰੇ ਖੁੱਲ੍ਹ ਦਿਤੀ ਨੂੰ ਪਸੰਦ ਨਹੀਂ ਕਰਦੇ ਸਨ। ਪਰ ਕੂੱਟਲਤਾ ਭਰੀ ਅੰਗਰੇਜ਼ੀ ਸਰਕਾਰ ਨੂੰ ਇਹ ਗੱਲ ਪਸੰਦ ਨਹੀਂ ਸੀ ਕਿ ਮਹਾਰਾਜਾ ਸਾਹਿਬ ਤੇ ਬਾਬਾ ਸਾਹਿਬ ਸਿੰਘ ਦੀ ਗੂਹੜਤਾ ਬਣੀ ਰਹੇ।

ਜਿਨ੍ਹਾਂ ਸਾਜਸ਼ਾਂ ਤੇ ਮਨਸੂਬਿਆਂ ਨਾਲ ਸਿੱਖ ਰਾਜ ਨੂੰ ਅੰਗਰੇਜ਼ਾਂ ਨੇ ਖਤਮ ਕਰਾਕੇ ਸਾਰੇ ਪੰਜਾਬ ਤੇ ਕਬਜ਼ਾ ਕਰ ਲਿਆ ਸੀ ਤਾਂ ਸਭ ਤੋਂ ਪਹਿਲੇ ਅੰਗਰੇਜ਼ੀ ਸਰਕਾਰ (ਲਾਰਡ ਡਲਹੌਜੀ) ਨੇ ਇਸ ਬੇਦੀ ਘਰਾਣੇ ਨੂੰ ਮੇਟਨਾ ਚਾਹਿਆ ਤੇ 400 ਘੋੜ ਸਵਾਰ ਰਸਾਲੇ ਨਾਲ ਘੇਰਾ ਪਾ ਕੇ ਬਾਬਾ ਸਾਹਿਬ ਸਿੰਘ ਜੀ ਦੇ ਸਾਹਿਬਜ਼ਾਦੇ ਬਾਬਾ ਬਿਕ੍ਰਮ ਸਿੰਘ ਨੂੰ ਗ੍ਰਿਫਤਾਰ ਕਰਕੇ ਸ੍ਰੀ ਅੰਮ੍ਰਿਤਸਰ ਲਿਜਾਕੇ ਨਜ਼ਰ ਬੰਦ ਕਰ ਦਿਤਾ ਤੇ ਇਧਰ ਫਿਰ ਤੋਪਾਂ ਦੀ ਬੰਬਬਾਰੀ ਨਾਲ ਊਨੇ ਕਿਲ੍ਹੇ ਨੂੰ ਢਾਹ ਕੇ ਬਰਬਾਦ ਕੀਤਾ ਤੇ ਮਲਬੇ ਨੂੰ 32000 (ਬੱਤੀ ਹਜ਼ਾਰ) ਵਿਚ ਨੀਲਾਮ ਕਰਕੇ ਫਿਰ ਬਾਬਾ ਕਲਾਧਾਰੀ ਦਰਬਾਰ ਦੇ ਨਿਸ਼ਾਨ

ਸਾਹਿਬ ਨੂੰ ਗਿਰਾ ਕੇ ਤੋੜਿਆ ਕਿ ਇਸ ਵਿਚ ਸੋਨਾ ਭਰਿਆ ਹੈ, ਕਿਸੇ ਦੋਖੀ ਨੇ ਦਸਿਆ ਸੀ।

ਅੰਗਰੇਜ਼ੀ ਸਰਕਾਰ ਨੇ ਅਜੇ ਬੱਸ ਨਹੀਂ ਕੀਤਾ, ਮਹਾਰਾਜਾ ਰਣਜੀਤ ਸਿੰਘ ਤੇ ਇਹਨਾਂ ਦੀ ਸੱਸ (ਸਰਦਾਰਨੀ ਸਦਾ ਕੌਰ) ਵਲੋਂ ਭੇਟ ਕੀਤੀਆਂ ਜਗੀਰਾਂ ਜ਼ਬਤ ਕਰਕੇ ਬਾਬਾ ਬਿਕ੍ਰਮ ਸਿੰਘ ਜੀ ਦੇ ਦੋ ਸਾਹਿਬਜ਼ਾਦਿਆਂ (ਬਾਬਾ ਸੂਰਜ ਸਿੰਘ ਤੇ ਸੁਜਾਨ ਸਿੰਘ) ਦੀਆਂ ਸ਼ਾਦੀਆਂ ਪਰ ਵੀ ਜਾਣ ਦੀ ਇਜ਼ਾਜਤ ਨਾ ਦਿਤੀ ਤੇ ੧੪ ਸਾਲ ਦੀ ਨਜ਼ਰਬੰਦੀ ਵਿਚ ਹੀ ਆਪ ਜੀ ਚਲ ਵਸੇ ਸੀ। ਆਪ ਦੀ ਯਾਦਗਾਰੀ ਸਮਾਧ ਸ੍ਰੀ ਅੰਮ੍ਰਿਤਸਰ ਕੁਤਿਆਂ ਵਾਲੀ ਗਲੀ ਵਿਚ ਮਸ਼ਹੂਰ ਅਸਥਾਨ ਹੈ।

ਤਵਾਰੀਖੀ ਜ਼ਿਕਰ ਹੈ ਕਿ ਪੰਜਾਬ ਪਰ ਅੰਗਰੇਜ਼ੀ ਸਰਕਾਰ ਦਾ ਕਬਜ਼ਾ ਪੱਕਾ ਹੋ ਜਾਣ ਵੇਲੇ ਸਰਕਾਰ ਨੇ ਬਾਬਾ ਬਿਕ੍ਰਮ ਸਿੰਘ ਤਾਈਂ ਡੇਢ ਲੱਖ ਪਿਨਸ਼ਨ ਦੀ ਪੇਸ਼ਕਸ਼ ਵੀ ਕੀਤੀ ਕਿ ਉਹ ਲਾਹੌਰ ਦਰਬਾਰ ਤੇ ਸਰਕਾਰ ਅੰਗਰੇਜ਼ੀ ਦੀ ਹਕੂਮਤ ਕਬੂਲ ਕਰੇ ਤਾਂ ਆਜ਼ਾਦ ਕੀਤੇ ਜਾਣਗੇ, ਪਰ ਇਸ ਸੂਰਬੀਰ ਅਤਿ ਦੇ ਅਣਖੀ ਬਾਬਾ ਬਿਕ੍ਰਮ ਸਿੰਘ ਨੇ ਕਬੂਲ ਨਹੀਂ ਕੀਤਾ ਸੀ। ਇਸ ਤੋਂ ਬਾਹਦ ਹੋਰ ਕੁਝ ਸਾਲ ਬੀਤੇ ਮਗਰੋਂ ਆਪਦੇ ਪ੍ਰਵਾਰਕ ਖਰਚੇ ਵਾਸਤੇ ਜੋ ਜ਼ਮੀਨ ਬਾਕੀ ਸੀ ਉਹਦਾ ਵੀ ਕੋਰਟ ਆਫ ਅਵਾਰਡ ਕਰਕੇ ਸਿਰਫ (1500) ਪੰਦਰਾਂ ਸੌ ਰੁਪਿਆ ਘਰੋਗੀ ਖਰਚੇ ਵਾਸਤੇ ਦੇਣਾ ਕੀਤਾ ਜੋ ਸੰਨ 1955-56 ਤੀਕ ਮੈਨੂੰ ਪਤਾ ਹੈ ਮਿਲਦਾ ਰਿਹਾ ਸੀ, ਇਹ ਕੁੱਝ ਹੋ ਬੀਤਿਆ ਸੀ।

ਸਮਾਂ ਬੀਤਦਾ ਗਿਆ ਤੇ ਜਿਸ ਅੰਗਰੇਜ਼ੀ ਸਰਕਾਰ ਦੇ ਰਾਜ ਵਿਚ ਸੂਰਜ ਨਹੀਂ ਡੁੱਬਦਾ ਸੀ ਇਤਨਾ ਵਸੀਹ ਰਾਜਸੀ, ਉਸਨੂੰ ਆਪਣੇ ਕੁੱਟਲ ਕਰਮਾਂ, ਗੁਰੂ ਘਰ ਨਾਲ ਕੀਤੀ ਦੁਰਵਰਤੋਂ ਅਤੇ ਲਾਹੌਰ ਦਰਬਾਰ ਨਾਲ ਕੀਤੀ ਧੋਖਾਬਾਜ਼ੀ ਤੇ ਤਬਾਹੀ ਕਰਾਈਦਾ ਕੁਦਰਤ ਨੇ ਫਲ ਦੇਣਾ ਸੀ, ਐਸੇ ਹਾਲਾਤ ਪੈਦਾ ਹੋ ਗਏ ਕਿ ਭਾਰਤ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਸੰਨ 1947 ਵਿਚ ਅੰਗਰੇਜ਼ੀ ਸਰਕਾਰ ਚਲਦੀ ਬਣੀ ਤੇ ਭਾਰਤ ਵਿਚ ਆਜ਼ਾਦੀ ਦਾ ਝੰਡਾ ਝੁਲਿਆ। ਤਿਵੇਂ ਹੀ ਇਸ ਬੇਦੀ ਘਰਾਣੇ ਵਿਚ ਬਾਬਾ ਮਧੂਸੂਦਨ ਸਿੰਘ ਦੇ ਗ੍ਰਿਹ ਵਿਚ ਸਹਿਕਵਾਂ ਪਰ ਹੋਣਹਾਰ ਸਾਹਿਬਜ਼ਾਦੇ ਦਾ ਜਨਮ ਹੋਇਆ ਤੇ ਗੁਰ ਰੀਤੀ ਅਨੁਸਾਰ ਨਾਮ ਸਰਬਜੋਤ ਸਿੰਘ ਰਖਿਆ। ਬਹੁਤ ਖੁਸ਼ੀਆਂ ਤੇ ਪੁੰਨਦਾਨ ਕਰਨ ਵਿਚ ਕੋਈ ਕਸਰ ਨ ਰਖੀ ਗਈ ਸੀ।

ਇਧਰ ਦੂਜੇ ਪਾਸੇ ਦਾਸ (ਲੇਖਕ) ਨੂੰ ਗੁਰੂ ਸਾਹਿਬ ਨੇ ਬੱਲ ਬੁੱਧੀ ਦੀ ਬਖਸ਼ਸ਼ ਕਰਕੇ ਇਸ ਆਪਣੇ ਘਰਾਣੇ ਦੇ ਲੁਕੇ ਛਿਪੇ ਤੇ ਅਣਗੌਲੇ ਇਤਿਹਾਸ ਨੂੰ "ਰਾਜਾ ਜੋਗੀ" ਨਾਮ ਦੀ ਪੁਸਤਕ ਦੇ ਰੂਪ ਵਿਚ ਲਿਖਵਾਇਆ, ਜਿਸ ਵਿਚ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਬੇਦੀ ਜੀ ਦਾ ਧਾਰਮਕ ਤੇ ਰਾਜਨੀਤਕ ਸਮੁੱਚਾ ਜੀਵਨ ਦਰਸਾਇਆ ਹੈ। ਇਹਦੇ ਛਪੇ ਬਾਹਦ ਜਿਲਦ ਬੰਦੀ ਹੋਏ ਨਾਲ ਪੰਜ ਪੁਸਤਕਾਂ ਦਾਸ ਲੇਖਕ ਵਲੋਂ ਸ੍ਰੀ ਊਨੇ ਸਾਹਿਬ ਆ ਕੇ ਸੰਨ 1954 ਦੀ ਕੱਤਕ ਦੀ ਪੂਰਨਮਾਸੀ ਦੇ ਸੁਭ ਦਿਨ ਬਾਬਾ ਸਾਹਿਬ ਸਿੰਘ ਜੀ ਦੇ ਦਮਦਮੇ ਉਤੇ ਅਤੇ ਅੰਸ ਬੰਸ ਬੇਦੀ ਬਾਬਾ ਦੇਵਿੰਦਰ ਸਿੰਘ ਤੇ ਬਾਬਾ ਮਧੂਸੂਦਨ ਸਿੰਘ ਸਾਹਿਬ ਦੇ ਭੇਟ ਕੀਤੀਆਂ, ਤਾਂ ਇਸ ਗੁਰ ਇਤਿਹਾਸ ਨੂੰ ਪੜੇ ਮਗਰੋਂ ਦੀਰਘ ਦਰਸ਼ੀ ਤੇ ਦੂਰ ਦੀ ਸੋਚਣੀ ਵਾਲੇ ਸੀ ਬਾਬਾ ਮਧੂਸੂਦਨ ਸਿੰਘ ਨੇ ਮਾਨੋ ਪ੍ਰਣ ਕਰ ਲਿਆ ਕਿ ਆਪਣੇ ਘਰ ਦੀ ਇਸ ਧੁੰਦਲੀ ਹੋ ਚੁੱਕੀ ਪ੍ਰਤਭਾ ਨੂੰ ਫੇਰ ਚਮਕਾਣਾ ਤੇ ਪ੍ਰਗਟਾਣਾ ਹੈ।

ਇਸ ਸ਼ੁੱਭ ਇਰਾਦੇ ਵਿਚ ਆਪ ਦਾ ਉਤਸ਼ਾਹ ਤੇ ਦਲੇਰੀ ਵਧਾਉਣ ਨੂੰ ਇਸ ਘਰ ਦਾ ਇਕ ਬਹੁਤ ਪ੍ਰੇਮੀ ਸਰਦਾਰ ਸੁਰਜੀਤ ਸਿੰਘ ਥਾਣੇਦਾਰ (ਕੋਰਟ ਇਨਸਪੈਕਟਰ ਸੀ) ਇਹ ਸਲਾਹ ਕਰਕੇ ਸ੍ਰੀ ਬਾਬਾ ਸਾਹਿਬ ਸਿੰਘ ਜੀ ਦਾ ਅਵਤਾਰੀ ਗੁਰਪੁਰਬ ਮਨਾਉਣ ਵਾਸਤੇ ਇਸ਼ਤਿਹਾਰ ਕਢਿਆ ਕਿ ਚੇਤ ਸੁਦੀ ਪੰਚਮੀ ਸਿਖ ਸੰਗਤਾਂ ਊਨੇ ਸਾਹਿਬ ਦਰਸ਼ਨ ਦੇਣ ਤੇ ਲਾਭ ਉਠਾਉਣ ਇਸ ਇਸ਼ਤਿਹਾਰ ਤੋਂ ਵੱਖਰੇ ਪੰਜਾਬ ਦੇ ਬਹੁਤ ਇਤਿਹਾਸਕਾਰ ਵਿਦਵਾਨ ਤੇ ਕਈ ਡੇਰੇਦਾਰ, ਸੇਵਾ ਪੰਥੀ, ਉਦਾਸੀ ਤੇ ਨਿਰਮਲੇ ਸੰਤ ਮਹਾਤਮਾਂ ਨੂੰ ਚਿੱਠੀਆਂ ਲਿਖੀਆਂ। ਦਾਸ ਲੇਖਕ ਨੂੰ ਵੀ ਦਿੱਲੀ ਤੋਂ ਬੁਲਾਇਆ ਗਿਆ ਤੇ ਇਸ ਅਵਸਰ ਪਰ ਪਹਿਲੀ ਵੇਰ ਹੀ 10 ਹਜ਼ਾਰ ਤੋਂ ਵਧੀਕ ਸੰਗਤਾਂ ਦਾ ਇਕੱਠ ਹੋਇਆ ਸੀ, ਤੇ ਭਰਪੂਰ ਦੀਵਾਨ ਸਜਿਆ।

ਬਾਬਾ ਸਾਹਿਬ ਸਿੰਘ ਜੀ ਦੀ ਮਹਾਨ ਤਵਾਰੀਖੀ ਹਸਤੀ ਸੀ। ਆਏ ਸੰਤਾਂ ਵਿਦਵਾਨਾਂ ਤੇ ਡਾਕਟਰ ਗੰਡਾ ਸਿੰਘ ਜੀ ਨੇ ਬੜੇ ਸੋਹਣੇ ਸ਼ਬਦਾਂ ਵਿਚ ਆਪ ਜੀ ਦੀ ਧਾਰਮਕ ਤੇ ਰਾਜਨੀਤਕ ਸਿਆਣਪ ਤੋਂ ਸੰਗਤਾਂ ਨੂੰ ਜਾਣੂ ਕਰਾਇਆ ਤੇ ਦੁਪਿਹਰ

ਦੋ ਵਜੇ ਵਿਸ਼ਾਲ ਜਲੂਸ ਦਾ ਆਰੰਭ ਹੋਇਆ । ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਹਾਥੀ ਪਰ ਸ਼ਸ਼ੋਭਤ ਸੀ ਤੇ ਤਾਬਿਆ ਵਿਚ ਦਾਸ (ਲੇਖਕ) ਨੂੰ ਬਿਠਾਇਆ ਗਿਆ ਸੀ-ਜਲੂਸ ਦਾ ਦੋ ਤਿੰਨ ਥਾਈਂ ਜਿਥੇ ਵੀ ਅਟਕਾਉ ਠਹਿਰਾਉ ਹੁੰਦਾ ਸੀ, ਬਾਬਾ ਦੇਵਿੰਦਰ ਸਿੰਘ ਸਾਹਿਬ ਸਮੂਹ ਸੰਗਤ ਨੂੰ ਸੁਨਾਂਦੇ ਕਿ ਗਿਆਨੀ ਈਸ਼ਰ ਸਿੰਘ (ਤਾਬਿਆ ਬੈਠਾ ਸੀ) ਨੇ ਗੁਰੂ ਇਤਿਹਾਸ "ਰਾਜਾ ਜੋਗੀ" ਪੁਸਤਕ ਰੂਪ ਲਿਖਿਆ ਜਿਸ ਤੋਂ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਜਨਮ ਤਿਥੀ ਦਾ ਪਤਾ ਚਲਿਆ ਤੇ ਅੱਜ ਦਿਨ ਮਨਾਇਆ ਹੈ ।

ਇਹ ਸਮਾਗਮ ਬੜੀ ਸਫਲਤਾ ਨਾਲ ਸਮਾਪਤ ਹੋਇਆ ਤਾਂ ਕੁਝ ਮਹੀਨੇ ਬਾਅਦ ਹਜ਼ੂਰ ਦੇ ਜੋਤੀ ਜੋਤ ਸਮਾਉਣ ਦਾ ਪੁਰਬ ਮਨਸੂਰਾਂ (ਜਿਲਾ ਲੁਧਿਆਣਾ) ਵਿਚ ਸੰਨ 1955 ਦੀ ਜੁਲਾਈ ਵਿਚ ਮਨਾਇਆ ਗਿਆ ਸੀ । ਫਿਰ ਅਜ ਤੀਕ ਆਪ ਦੀ ਅੰਸ ਬੰਸ ਵਲੋਂ ਇਹ ਦੋਵੇਂ ਪੁਰਬ 35 ਸਾਲ ਤੋਂ ਲਗਾਤਾਰ ਮਨਾਏ ਜਾ ਰਹੇ ਹਨ । ਪਰ ਅਫਸੋਸ ਹੈ ਕਿ ਸੰਨ 1989 ਦੇ 15 ਚੇਤ ਦਾ ਗੁਰਪੁਰਬ ਊਨੇ ਸਾਹਿਬ ਵਿਚ ਮਨਾਏ ਤੋਂ ਪਹਿਲੇ ਹੀ ਸ੍ਰੀ ਬਾਬਾ ਮਧੁਸੂਦਨ ਸਿੰਘ ਸਾਹਿਬ ਸਿਖ ਸੰਗਤਾਂ ਨੂੰ ਸਦੀਵੀ ਵਿਛੋੜਾ ਦੇ ਕੇ ਗੁਰਚਰਨਾਂ ਵਿਚ ਜਾ ਬਿਰਾਜੇ ਹਨ ।

ਆਪ ਜੀ ਨੇ ਆਪਣੀ ਸਿਆਣਪ ਨਾਲ ਜਬਤ ਹੋਈਆਂ ਸਭ ਜਾਇਦਾਦਾਂ ਜਗੀਰਾਂ ਵੀ ਵਾਪਸ ਕਰਾਈਆਂ ਤੇ ਅੰਗਰੇਜ਼ਾਂ ਵਲੋਂ ਗਿਰਾਏ ਗਏ ਦਮਦਮੇਂ ਅਸਥਾਨ ਤੇ ਗੁਰਦਵਾਰੇ ਨਵੇਂ ਸਿਰੇਂ ਤਿਆਰ ਕਰਾਕੇ ਮਸਿਆ ਸੰਗ੍ਰਾਂਦਾਂ ਤੇ ਜੋੜ ਮੇਲੇ ਮਿਥੇ ਤੇ ਚਲਾ ਕੇ ਆਪਣੇ ਵਡਿਆਂ ਦੇ ਗਾਡੀ ਰਾਹ ਪਰ ਚਲਦੇ ਚਲਾਂਦੇ, ਨਾਮ ਜਪਦੇ ਜਪਾਂਦੇ ਹੋਇਆ ਆਪਣੇ ਨਾਮ ਨੂੰ ਸਦਾ ਲਈ ਅਮਰ ਕਰ ਗਏ ਹਨ । ਆਪਦੇ ਕੀਤੇ ਪ੍ਰਚਾਰ ਤੇ ਉਪਕਾਰਾਂ ਨੂੰ ਇਥੇ ਦਰਸਾਣਾਂ ਕਠਨ ਹੈ ਉਹ ਬਹੁਤ ਵਿਸ਼ਾਲ ਹਨ । ਉਮੀਦ ਅਜੋਨੀ ਦੇ ਪਾਠਕ ਇਤਨਾ ਹੀ ਪ੍ਰਵਾਨ ਕਰਨਗੇ ।

# ਦਸਵੀਂ ਦਾ ਦਿਹਾੜਾ

12 ਅਗਸਤ 1989 ਨੂੰ ਦਮਦਮਾ ਸਾਹਿਬ ਵਿਖੇ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਬੇਦੀ, ਪਿੰਡ ਮਨਸੂਰਾਂ ਜ਼ਿਲ੍ਹਾ ਲੁਧਿਆਣਾ, ਦਸਵੀਂ ਦਾ ਦਿਹਾੜਾ ਪਹਿਲੇ ਵਾਂਗ ਬੜੀ ਧੂਮ ਧਾਮ ਨਾਲ ਮਨਾਇਆ ਗਿਆ । ਸ੍ਰੀ ਮਨਜੀਤ ਸਿੰਘ ਪੁੱਤਰ ਈਸ਼ਰ ਸਿੰਘ ਬਾੜੇਵਾਲ, ਸ੍ਰੀ ਤੇਜਪ੍ਰੀਤ ਸਿੰਘ ਚੋਪੜਾ ਮਦਰਾਸ ਵਲੋਂ ਦੋ ਅਖੰਡ ਪਾਠਾਂ ਦਾ ਭੋਗ ਪਾਇਆ ਗਿਆ । ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਇਕ ਧਾਰਮਿਕ ਦੀਵਾਨ ਹੋਇਆ, ਜਿਸ ਵਿਚ ਗਿ. ਚਰਨ ਸਿੰਘ ਭੌਰਾ, ਗਿ. ਇੰਦਰਜੀਤ ਸਿੰਘ, ਜ. ਸਤਿਪਾਲ ਸਿੰਘ ਧੂੱਗੇ, ਸੰਤ ਅਨੂਪ ਸਿੰਘ ਊਨਾ ਸਾਹਿਬ ਆਦਿ ਰਾਗੀ ਜਥੇ ਅਤੇ ਢਾਡੀ ਜਥੇ ਸੰਗਤਾਂ ਨੂੰ ਨਿਹਾਲ ਕਰਨ ਲਈ ਸੁਸ਼ੋਭਤ ਸਨ । ਕਥਾਕਾਰ ਭਾਈ ਜਾਗੀਰ ਸਿੰਘ ਜੀ ਨਾਮ ਰਸੀਏ ਪਿੰਡ ਅਖਾੜਾ ਵਾਲਿਆਂ ਅਤੇ ਪ੍ਰਿੰ. ਸੇਵਾ ਸਿੰਘ ਮਾਨ, ਸੰਪਾਦਕ 'ਅਜੂਨੀ' ਨੇ ਗੁਰਬਾਣੀ ਦੀ ਵਿਆਖਿਆ ਅਤੇ ਬ੍ਰਹਮ ਗਿਆਨੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ । ਬਾਬਾ ਸਰਬਜੋਤ ਸਿੰਘ ਬੇਦੀ ਸਾਹਿਬ, ਜੋ ਊਨਾ ਸਾਹਿਬ ਤੋਂ ਆਏ ਹੋਏ ਸਨ, ਨੇ ਗੁਣੀ ਗਿਆਨੀਆਂ ਨੂੰ ਆਪਣੇ ਕਰ ਕੰਵਲਾਂ ਨਾਲ ਸਿਰੋਪਾਉ ਦੇ ਕੇ ਧੰਨਵਾਦ ਕੀਤਾ । ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਹੁਮ-ਹੁਮਾ ਕੇ ਆਈਆਂ ਹੋਈਆਂ ਸਨ । ਦੀਵਾਨ ਉਪਰੰਤ ਸਾਰੀ ਸੰਗਤ ਨੇ ਗੁਰੂ ਦਾ ਲੰਗਰ ਛਕ ਕੇ ਵਿਦਾਇਗੀ ਲਈ।

— ਸ੍ਰ: ਪ੍ਰਿੰ: ਸੇਵਾ ਸਿੰਘ ਮਾਨ

# ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਜਨਮ ਤਿਥੀ : 9 ਸਤੰਬਰ 1921

ਜਨਮ ਅਸਥਾਨ : ਨਾਨਕੇ ਘਰ, ਪਿੰਡ ਬਤਾਲਾ ਜ਼ਿਲ੍ਹਾ ਗੁਜਰਾਂਵਾਲ (ਹੁਣ ਪਾਕਿਸਤਾਨ)

ਪਿਤਾ ਜੀ ਦਾ ਨਾਮ : ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ ਬੇਦੀ

ਮਾਤਾ ਜੀ ਦਾ ਨਾਮ : ਜਗਤ ਮਾਤਾ ਜਸਵੰਤ ਕੌਰ ਜੀ

ਇਕੋ ਇਕ ਭੈਣ ਦਾ ਨਾਮ : ਬੀਬਾ ਜਤਿੰਦਰ ਕੌਰ ਜੀ (ਬਾਬਾ ਜੀ ਤੋਂ 4 ਸਾਲ ਛੋਟੇ)

ਮੁੱਢਲੀ ਪੜ੍ਹਾਈ : ਊਨਾ ਸਾਹਿਬ ਵਿਖੇ ਹੋਈ

ਉੱਚ ਵਿਦਿਆ : 1932 ਤੋਂ 1940 ਤਕ ਚੀਫਸ ਕਾਲਜ ਲਾਹੌਰ ਵਿਚ

ਊਨਾ ਸਾਹਿਬ ਵਿਖੇ ਵਾਪਸੀ ਤੇ : ਸ਼ਾਦੀ 17 ਫਰਵਰੀ 1942 ਨੂੰ

ਪਤਨੀ ਦਾ ਨਾਂ : ਮਾਤਾ ਹਰਜਿੰਦਰ ਕੌਰ ਜੀ (ਸਪੁਤ੍ਰੀ ਗੁਰੂ ਬਲਰਾਮ ਜੀ, ਜੋ ਦਾਊਂ ਪਿੰਡ ਨੇੜੇ ਖਰੜ ਸ੍ਰੀ ਗੁਰੂ ਗੰਗ ਦਾਸ ਜੀ ਦੇ ਘਰਾਣੇ ਵਿਚੋਂ ਸਨ)

ਇਕ ਸੰਘਰਸ਼ਮਈ ਅਤੇ ਕਠੋਰ ਜੀਵਨ ਦਾ ਆਰੰਭ : ਭਾਰੀ ਮਕਰੂਜ਼ ਸਟੇਟ ਊਨਾ ਸਾਹਿਬ ਦਾ ਪ੍ਰਬੰਧ ਸੰਭਾਲਿਆ ਅਤੇ ਸਾਰੀ ਸਟੇਟ ਨੂੰ ਕੋਰਟ ਆਫ ਵਾਰਡਜ਼ ਦੇ ਤਹਿਤ ਲਿਆਂਦਾ। ਪਹਿਲਾਂ 1942 ਵਿਚ ਬਤੌਰ ਅਸਿਸਟੈਂਟ ਮੈਨੇਜਰ ਅਤੇ ਉਸ ਤੋਂ ਪਿਛੋਂ 1945 ਤੋਂ 1956 ਤਕ ਬਤੌਰ ਮੈਨੇਜ਼ਰ ਆਪਣੀ ਖਾਨਦਾਨੀ ਜਾਇਦਾਦ ਦਾ ਇੰਤਜ਼ਾਮ ਕੀਤਾ। ਭਾਰੇ ਕਰਜ਼ਿਆਂ ਨੂੰ ਉਤਾਰ ਕੇ ਸਾਰੀ ਅਸਟੇਟ ਨੂੰ ਲਾਭਦਾਇਕ ਸਥਿਤੀ ਵਿਚ ਪਹੁੰਚਾਇਆ।

ਉਨ੍ਹਾਂ ਦੇ 3 ਬੱਚਿਆਂ ਦੇ ਨਾਮ : (1) ਬੇਟੀ—ਬੀਬਾ ਸੰਗੀਤ ਕੌਰ ਜੀ (ਜਨਮ 1944)

(2) ਬੇਟਾ—ਬਾਬਾ ਸਰਬਜੋਤ ਸਿੰਘ ਜੀ (ਜਨਮ 1949)

(3) ਬੇਟੀ—ਬੀਬੀ ਸਵਰਨੀਕ ਕੌਰ ਜੀ (ਜਨਮ 1952)

ਦਸੰਬਰ 1962 : ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ ਦੇ ਅਲੋਪ ਹੋਣ ਤੇ ਕਰੜੀ ਮਿਹਨਤ ਕਰ ਕੇ, ਖੂਨ ਪਸੀਨਾ ਇਕ ਕਰ ਕੇ, ਨੇਸਤੋ-ਨਾਬੂਦ ਹੋਈ ਜਾਇਦਾਦ ਦਾ ਨਵ-ਨਿਰਮਾਣ ਕੀਤਾ।

ਗੱਦੀ-ਨਸ਼ੀਨੀ ਦਾ ਸ਼ੁਭ ਦਿਹਾੜਾ : ਜਨਵਰੀ 1963

ਪਿਤਾ ਪੁਰਖੀ ਕੰਮ ਆਰੰਭ : ਗੱਦੀ-ਨਸ਼ੀਨ ਵਾਲੇ ਦਿਨ ਤੋਂ ਹੀ ਉਨ੍ਹਾਂ ਨੇ ਆਪਣਾ ਸਾਰਾ ਸਮਾਂ ਗੁਰਮਤਿ ਪ੍ਰਚਾਰ ਦੇ ਕੰਮ ਵਿਚ ਲਾਉਣਾ ਸ਼ੁਰੂ ਕਰ ਦਿਤਾ।

ਵੱਡੇ ਬੀਬਾ ਸੰਗੀਤ ਕੌਰ ਜੀ ਦੀ ਸ਼ਾਦੀ : ਸ. ਜਤਿੰਦਰ ਸਿੰਘ ਜੀ ਚੋਪੜਾ (ਆਸਨਸੋਲ) ਨਾਲ

ਸ਼ਾਦੀ ਦੀ ਮਿਤੀ : 17 ਫਰਵਰੀ 1965

ਅਤੀਅੰਤ ਖਸਤਾ ਹਾਲਤ ਵਿਚ ਪੁਰਾਣੇ ਦਮਦਮਾ ਅਸਥਾਨ ਅਤੇ ਇਤਿਹਾਸਕ ਕਿਲ੍ਹਿਆਂ ਦੀ ਮੁਰੰਮਤ ਕਰਾਈ ਅਤੇ ਯਾਤਰੀਆਂ ਲਈ, ਲੰਗਰ ਲਈ ਊਨਾ ਸਾਹਿਬ ਵਿਖੇ ਕਮਰਿਆਂ ਦਾ ਨਿਰਮਾਣ ਕਰਾਇਆ 1968 ਨੂੰ ਮਨਸੂਰਾਂ (ਲੁਧਿਆਣਾ) ਦਾ ਦਮਦਮਾ ਅਸਥਾਨ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦ

ਕਾਇਆ-ਕਲਪ ਕਰ ਦਿਤੀ। ਜਿਥੇ ਕੇਵਲ ਬਾਬਾ ਜੀ ਦਾ ਦਮਦਮਾ ਹੀ ਸੀ, ਆਲੇ ਦੁਆਲੇ ਕੁਝ ਭੂਮੀ ਸੀ। ਥੋੜੇ ਸਮੇਂ ਅੰਦਰ ਉਥੇ ਯਾਤਰੀਆਂ ਲਈ 40 ਕਮਰੇ, 50 ਬੈਡ ਦਾ ਹਸਪਤਾਲ, ਆਕਾਸ਼ੀ ਸਰੋਵਰ ਅਤੇ ਆਲੀਸ਼ਾਨ ਲੰਗਰ ਅਸਥਾਨ ਤਿਆਰ ਕਰਵਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਖ਼ਾਤਰ ਬਹੁਤ ਵੱਡਾ ਪ੍ਰਕਾਸ਼ ਅਸਥਾਨ ਬਣਾਇਆ। ਆਪਣੇ ਲਈ ਛੋਟਾ ਜਿਹਾ ਨਿਵਾਸ ਅਸਥਾਨ ਅਤੇ ਚਾਰ ਦੀਵਾਰੀ ਸਾਰੇ ਗੁਰਦਵਾਰਾ ਨਾਨ ਸੂਰਜ ਬੰਜੀ ਟੈਂਪਲ ਦੀ ਬਣਵਾਈ।

ਕੋ ਇਕ ਬੇਟੇ ਬਾਬਾ ਸਰਬਜੋਤ ਸਿੰਘ ਜੀ ਦੀ ਨੀਰਾ ਜੀ ਨਾਲ ਸ਼ਾਦੀ ਦਾ ਸ਼ੁਭ ਦਿਹਾੜਾ : 16 ਫਰਵਰੀ 1975

ੁਲਾਈ 1975 ਵਿਚ ਬਦੇਸ਼ ਯਾਤਰਾ : ਨੈਰੋਬੀ, ਕੀਨੀਆ, ਇੰਗਲੈਂਡ ਅਤੇ ਡੁਬਈ ਆਦਿ

ਗਤ ਮਾਤਾ ਹਰਜਿੰਦਰ ਕੌਰ ਜੀ ਦਾ ਅਕਾਲ ਚਲਾਣਾ : ਸਤੰਬਰ 1978

ਟੇ ਬੀਬਾ ਸਵਰਨੀਕ ਕੌਰ ਜੀ ਦੀ ਸ਼ਾਦੀ : 17 ਫਰਵਰੀ 1980 (ਸ. ਦਮਨਜੀਤ ਸਿੰਘ ਜੀ ਆਹਲੂਵਾਲੀਆ ਨਾਲ)


ਇਸ ਤੋਂ ਪਿਛੋਂ ਆਪ ਦੁਨਿਆਵੀ ਜ਼ਿੰਮੇਵਾਰੀਆਂ ਨੂੰ ਪੂਰਨ ਕਰਨ ਪਿਛੋਂ ਗੁਰਮਤਿ ਪ੍ਰਚਾਰ ਲਈ ਮੁਹਿੰਮ ਤੇਜ਼ ਕਰਦੇ ਰਹੇ ਅਤੇ ਆਪਣੇ ਆਪ ਨੂੰ ਪੂਰਨ ਤੌਰ ਤੇ ਸਮਰਪਿਤ ਕਰ ਦਿਤਾ। 1983-84 ਵਿਚ ਉਨਾ ਸਾਹਿਬ ਦਾ ਬਹੁਤ ਵੱਡਾ ਪ੍ਰਕਾਸ਼ ਅਸਥਾਨ ਹਾਲ 125 × 52 ਫੁਟ ਬਣਾਇਆ। ਸਰੀਰ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਪਿਤਾ-ਪੁਰਖੀ ਕੰਮ ਨੂੰ ਨਿਰੰਤਰ ਜਾਰੀ ਰੱਖਿਆ ਅਤੇ ਬਦੇਸ਼ਾਂ ਵਿਚ, ਜਿਨ੍ਹਾਂ 'ਚ ਡੁਬਈ, ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਸ਼ਾਮਲ ਹਨ, ਕਈ ਵਾਰੀ 1976, 1977, 1980, 1981, 1983, 1985, 1986, 1987 ਖੁਦ ਆਪਣੇ ਰਾਗੀ ਜਥਿਆਂ ਨਾਲ ਜਾ ਕੇ ਅੰਮ੍ਰਿਤ ਪ੍ਰਚਾਰ ਕਰ ਕੇ ਲੱਖਾਂ ਪ੍ਰਾਣੀਆਂ ਨੂੰ ਗੁਰੂ ਵਾਲੇ ਬਣਾਇਆ।

1988 ਵਿਚ ਸ੍ਰੀ ਹਜ਼ੂਰ ਬਾਬਾ ਬਿਕਰਮ ਸਿੰਘ ਜੀ ਦਾ ਜੋ ਤਪਿਆਣਾ ਸਾਹਿਬ ਗੁਰਦਵਾਰਾ ਅੰਮ੍ਰਿਤਸਰ ਵਿਚ ਹੈ, ਧਿਆਨ ਦਿਤਾ ਹੀ ਸੀ ਕਿ ਆਪ ਬੀਮਾਰ ਹੋ ਗਏ ਅਤੇ ਦਯਾਨੰਦ ਹਸਪਤਾਲ ਲੁਧਿਆਣਾ ਵਿਖੇ ਦਾਖਲ ਕਰਾਇਆ ਗਿਆ। ਆਪ ਠੀਕ ਠਾਕ ਰਾਜ਼ੀ-ਬਾਜ਼ੀ ਹੋ ਗਏ। ਆਖਰੀ ਦਿਨ ਤਕ ਗੁਰਮਤਿ ਪ੍ਰਚਾਰ ਕਰਦੇ ਹੋਏ, 14 ਮਾਰਚ 1989 ਨੂੰ ਸਾਥੋਂ ਅਲੋਪ ਹੋ ਗਏ।

**ਗਿਆਨੀ ਚਰਨਜੀਤ ਸਿੰਘ** (ਸਪੁੱਤਰ ਸ. ਮੱਖਣ ਸਿੰਘ)



**ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ**
(ਭਰ ਜਵਾਨੀ ਵਿਚ)



**ਸੰਤ ਈਸ਼ਰ ਸਿੰਘ ਜੀ (ਨਾਨਕਸਰ ਕਲੇਰਾਂ ਵਾਲੇ)**

# ਸ੍ਰੀ ਗੁਰੂ ਬਾਬਾ ਸਾਹਿਬ ਸਿੰਘ ਜੀ ਦੇ ਪਰਉਪਕਾਰ

(ਭਾਈ ਨੰਦ ਲਾਲ ਰਾਗੀ)

ਸ੍ਰੀ ਗੁਰੂ ਬਾਬਾ ਨੇ ਸਾਹਿਬ ਸਿੰਘ, ਕੀਤਾ ਖੇਲ ਨਿਆਰਾ।
ਤਾਹੀਓਂ ਸਾਨੂੰ ਲਗਦਾ ਡਾਢਾ, ਉਨਾ ਸਾਹਿਬ ਪਿਆਰਾ।
ਜਨਮ ਲਿਆ ਡੇਰਾ ਬਾਬਾ ਨਾਨਕ, ਘਰ ੨ ਖੁਸ਼ੀਆਂ ਹੋਈਆਂ।
ਦੇਵਤੇ ਵੀ ਅਜ ਫੁਲ ਬਰਸਾਵਨ, ਪਰੀਆਂ ਭੀ ਅਜ ਮੋਹੀਆਂ।
ਕਲਗੀਧਰ ਦੇ ਵਰ ਦਾ ਆ ਕੇ ਹੋਇਆ ਅਜ ਲਿਸ਼ਕਾਰਾ। ਤਾਹੀਓਂ ਸਾਨੂੰ......
ਮਾਲਵੇ ਦੀ ਇਕ ਮਾਤਾ ਆਈ, ਖਿਚ ਅੰਦਰ ਸੀ ਭਾਰੀ!
ਕਪੜੇ ਉਸ ਦੇ ਮੈਲੇ ਹੈਸਨ, ਅੰਦਰ ਪ੍ਰੀਤ ਨਿਆਰੀ।
ਦਰਸ਼ਨ ਕਰਕੇ ਸ਼ਾਹੀ ਠਾਠ ਦਾ, ਵਿਗਸ ਗਿਆ ਦਿਲ ਸਾਰਾ। ਤਾਹੀਓਂ ਸਾਨੂੰ......
ਜਾਣੀ ਜਾਣ ਨੇ ਜਾਣ ਕੇ ਅਗੋਂ, ਸਿਖ ਨੂੰ ਇਹ ਸਮਝਾਇਆ।
ਮਾਈ ਨੂੰ ਲੈ ਅੰਦਰ ਆਵੋ, ਮੁੱਖ ਚੋਂ ਇਹ ਫੁਰਮਾਇਆ।
ਕੀਤੇ ਜੌਂ ਕਬੂਲ ਮਾਈ ਦੇ, ਦਸਿਆ ਪ੍ਰੇਮ ਨਜ਼ਾਰਾ। ਤਾਹੀਓਂ ਸਾਨੂੰ......
ਇਕ ਸਿਖ ਨੇ ਸ਼ੇਰ ਦਾ ਬੱਚਾ, ਲਿਆ ਕੇ ਅਰਜ਼ ਗੁਜ਼ਾਰੀ।
ਬਾਬਾ ਜੀ ਨੇ ਅਗੋਂ ਸੁਣਾਇਆ, ਤੂੰ ਹੈਂ ਪਰਉਪਕਾਰੀ।
ਵਿਛੜਿਆ ਹੋਇਆ ਸਿਖ ਮਿਲਾ ਕੇ, ਕੀਤਾ ਉਦਮ ਤੂੰ ਭਾਰਾ। ਤਾਹੀਓਂ ਸਾਨੂੰ......
ਅੰਤ ਸਮੇਂ ਵਿਚ ਮਾਸ ਵੇਖਕੇ, ਦਿਲ ਇਸ ਦਾ ਲਲਚਾਇਆ।
ਤਾਹੀਓਂ ਇਸ ਨੂੰ ਸ਼ੇਰ ਦੀ ਜੂਨੀ ਦੇ ਵਿਚ ਰਬ ਨੇ ਪਾਇਆ।
ਦਰਸ਼ਨ ਕਰ ਕੇ ਸੰਗਤਾਂ ਦਾ, ਹੁਣ ਹੋਵੇਗਾ ਨਿਸਤਾਰਾ। ਤਾਹੀਓਂ ਸਾਨੂੰ. ....
ਪਿਛਲੇ ਜਨਮ ਵਿਚ ਅਸੀਂ ਸਾਂ, ਵਿਚ ਪਹਾੜਾਂ ਰਹਿੰਦੇ।
ਇਹ ਦੋਵੇਂ ਜਨ ਸੇਵਾ ਕਰਦੇ, ਆਣ ਕੇ ਕੋਲੇ ਬਹਿੰਦੇ।
ਉਸ ਸੇਵਾ ਦਾ ਸਦਕਾ ਇਨ੍ਹਾਂ ਦਾ, ਹੋਵੇਗਾ ਛੁਟਕਾਰਾ। ਤਾਹੀਓਂ ਸਾਨੂੰ......
ਨਾਨਕ-ਪੰਥੀ ਸੰਤਾਂ ਦੀ ਇਕ, ਮੰਡਲੀ ਠਰਦੀ ਠਰਦੀ।
ਥਾਂ ਮਿਲੀ ਨਾ ਰਾਤ ਨੂੰ ਕੋਈ, ਸੁਝ ਪਈ ਇਸ ਘਰ ਦੀ।
ਲੈ ਕੁਹਾੜਾ ਬਾਰ ਚੀਰ ਕੇ, ਦੁਖੜਾ ਹਰ ਲਿਆ ਸਾਰਾ। ਤਾਹੀਓਂ ਸਾਨੂੰ......
ਹੋਲੇ ਦਾ ਜਦ ਮੇਲਾ ਆਇਆ, ਭੀੜ ਲਗੀ ਸੀ ਭਾਰੀ।
ਇਸ ਵਾਸਤੇ ਲੰਗਰ ਹੈ ਸਨ, ਡੇਰਿਆਂ ਉਤੇ ਜਾਰੀ।
ਪੈਂਤੀ ਮਣ ਹੈ ਖ਼ਰਚਾ ਆਇਆ, ਲੂਣ ਦਾ, ਕਵੀ ਉਚਾਰਾ। ਤਾਹੀਓਂ ਸਾਨੂੰ......
ਇਹ ਕਿੱਡਾ ਹੈ ਲੰਮਾ ਕੌਤਕ, ਕਿਵੇਂ ਮੈਂ ਆਖ ਸੁਣਾਵਾਂ।
ਰਚਨਾ ਹੈ ਬੇਅੰਤ ਆਪ ਦੀ ਚਰਨੀਂ ਸੀਸ ਨਿਵਾਵਾਂ।
ਜਥਾ ਆਇਆ ਸ਼ਰਨ ਆਪ ਦੀ, ਬਖਸ਼ੀਂ ਬਖਸ਼ਣਹਾਰਾ। ਤਾਹੀਓਂ ਸਾਨੂੰ......

੧ ੴ ਸਤਿਗੁਰ ਪ੍ਰਸਾਦਿ ॥

# ਮਾਸਕ ਪੱਤਰ ਅਜੂਨੀ

(ਪਿੰਡ ਤੇ ਡਾਕ ਘਰ ਮਨਸੂਰਾਂ ਜ਼ਿਲ੍ਹਾ ਲੁਧਿਆਣਾ)

ਪਰਮ ਸਤਿਕਾਰ ਯੋਗ ਪਾਠਕ ਜੀਓ!

"ਅਜੂਨੀ" ਦਾ ਪਰਚਾ ਤੁਹਾਡੇ ਹੱਥਾਂ ਵਿਚ ਹੈ। ਇਸ ਨੂੰ ਪੜ੍ਹ ਕੇ ਆਪਣੇ ਸੁਝਾ ਵਾਪਸੀ ਡਾਕ ਭੇਜਣ ਦੀ ਖੇਚ ਕਰਨੀ। ਪਰਚਾ ਹਰ ਮਹੀਨੇ ਭੇਜਿਆ ਜਾਵੇਗਾ। ਆਪ ਪੜ੍ਹ ਕੇ ਹੋਰਨਾਂ ਪ੍ਰੇਮੀਆਂ ਨੂੰ ਪੜ੍ਹਾਓ ਤਾਂ ਜੋ ਸਾਨੂੰ ਆਪਣੇ ਉਦੇ ਵਿਚ ਸਫਲਤਾ ਪ੍ਰਾਪਤ ਹੋਵੇ।

ਇਹ ਮਾਸਕ-ਪੱਤਰ ਤੁਹਾਡਾ ਆਪਣਾ ਹੈ। ਤੁਸਾਂ ਇਸ ਦੀ ਸੇਵਾ ਤਨ, ਮਨ ਅਤੇ ਧਨ ਦੁਆਰਾ ਕਰਨੀ ਹੈ। ਤੁਸੀਂ ਲਿਖਾਰੀ ਹੋ ਤਾਂ ਲੇਖ ਲਿਖ ਕੇ ਭੇਜੋ, ਜੇ ਗੁਰਮਤ ਦੇ ਰਸੀਏ ਹੋ ਤਾਂ ਇਸ ਲਈ ਸ਼ੁਭ ਕਾਮਨਾਵਾਂ ਭੇਜੋ ਅਤੇ ਇਸ ਦੇ ਵੱ ਤੋਂ ਵੱਧ ਪਾਠਕ ਬਣਾਓ।

ਦਾਸ :—

**(ਬਾਬਾ) ਸਰਬਜੋਤ ਸਿੰਘ**

ਗੱਦੀਨਸ਼ੀਨ, ਗੁਰੂ ਨਾਨਕ ਵੰਸ਼



ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ

ਊਨਾ ਸਾਹਿਬ ਵਾਲੇ

ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਗਿਆਰਵੀਂ

ਸੰਤਾਨਕ ਜੋਤ

ਅਤੇ

ਮਹਾਰਾਜਾ ਰਣਜੀਤ ਸਿੰਘ ਦੇ ਰਾਜਗੁਰੂ



ਬਾਬਾ ਸਰਬਜੋਤ ਸਿੰਘ ਜੀ ਬੇਦੀ

ਰਸਮ ਗੱਦੀ ਨਸ਼ੀਨੀ ਤੇ ਦਸਤਾਰ ਬੰਦੀ

ਸ਼੍ਰੀਮਾਨ ੧੦੮ ਮਹੰਤ ਤੀਰਥ ਸਿੰਘ ਜੀ ਗੋਨਿਆਣਾ

ਮੰਡੀ (ਬਠਿੰਡਾ) ਦੇ ਹੱਥੋਂ ।